# ਮਾਸਟਰ ਨਿਹਾਲ ਸਿੰਘ ਜੀ ਰਚਨਾਵਲੀ

# ਸੀਤਲਤਾ ਦਾ ਸ੍ਰੋਤ

(ਕਵਿਤਾਵਾਂ)

Sri Satguru Jagjit Singh Ji eLibrary NamdhariElibrary@gmail.com

# ਸੀਤਲਤਾ ਦਾ ਸ੍ਰੋਤ

https://archive.org/details/namdhari

ਨਿਹਾਲ ਸਿੰਘ

ਲੇਖਕ ਦੀਆਂ ਹੋਰ ਰਚਨਾਵਾਂ :

ਆਰਸੀ ਪਬਲਿਸ਼ਰਜ਼

Sri Satguru Jagjit Singh Ji eLibrary NamdhariElibrary@gmail.com

SHEETALTA DA SRORT
by

Arsee Publishers, 51 Parda Bagh, Darya Ganj, New Delhi-2
Website : www.arseepublishers.com
E-mail : arseepublishers@rediffmail.com

*All rights reserved. No part of this book may be reproduced, stored in a retrieval system, or transmitted in any form or by any means, electronic, mechanical, photocopying recording or otherwise without prior written permission in writing from both Author and Publisher.*

ISBN--978-81-8299-000-0

© ਲੇਖਕ, 2019

ਪ੍ਰਕਾਸ਼ਕ : ਆਰਸੀ ਪਬਲਿਸ਼ਰਜ਼, 51 ਪਰਦਾ ਬਾਗ, ਦਰਿਆ ਗੰਜ,
ਨੇੜੇ ਪੈਟਰੋਲ ਪੰਪ, ਨਵੀਂ ਦਿੱਲੀ-110002
ਫ਼ੋਨ : 23280657, 65966481
E-mail : arseepublishers@rediffmail.com

ਪ੍ਰਿੰਟਰ : ਆਰਸੀ ਪ੍ਰਿੰਟਿੰਗ ਏਜੰਸੀ,
ਦਰਿਆ ਗੰਜ, ਨਵੀਂ ਦਿੱਲੀ-110002
ਸੈਟਿੰਗ : (ਤੇਗ਼ ਕੰਪਿਊਟਰ) ਦਿੱਲੀ-੯

ਕ਼ੀਮਤ : 000/- ਰੁਪਏ

## ਸਮਰਪਣ

ਉਨ੍ਹਾਂ ਸ਼ਹੀਦਾਂ ਦੇ ਚਰਨਾਂ ਵਿੱਚ

ਜਿਨ੍ਹਾਂ ਨੇ ਪ੍ਰਾਣਾਂ ਨਾਲੋਂ

ਦੇਸ਼ ਅਤੇ ਧਰਮ

ਨੂੰ

ਪਿਆਰਾ ਜਾਣਿਆਂ

Sri Satguru Jagjit Singh Ji eLibrary NamdhariElibrary@gmail.com

## ਤਤਕਰਾ


| | | |
|---|---|---|
| | ੳ) ਦੋ ਸ਼ਬਦ ਪੰ. ਗੋਪਾਲ ਸਿੰਘ | 7 |
| | ਅ) ਮੁੱਖ ਬੰਦ ਲੇਖਕ | 9 |
| 1. | ਜਨਮ ਸਾਖੀ ਛਪਿਆ ਫੁਲ | 33 |
| 2. | ਝੱਖੜ ਝੁੱਲਿਆ | 9 |
| 3. | ਪਾਰ ਸਾਗਰੋਂ ਮਾਲੀ ਬਾਗਾਂ ਦੇ | 9 |
| 4. | ਮੱਕੇ ਦੇ ਹਾਜੀ | 9 |
| 5. | ਸੁਤੰਤਰਤਾ ਜੋਤਿ ਵਿਗਾਸੀ | 9 |
| 6. | ਮਾਤਾ ਜੀਵਣ ਕੌਰ ਜੀ | 9 |
| 7. | ਢਠਵਾੜੇ ਤੇ ਮਹਿਲ | 9 |
| 8. | ਮਿਹਰ ਨਜ਼ਰ | 9 |
| 9. | ਮਾਹੀ ਦੀ ਭਾਲ | 9 |
| 10. | ਘਰਾਂ ਦੇ ਮਾਲਕ | 9 |




## ਭੂਮਿਕਾ

ਪਰਮ ਸਤਕਾਰ ਯੋਗ ਮਾਸਟਰ ਨਿਹਾਲ ਸਿਘ ਮੁੱਖ ਅਧਿਆਪਕ ਵਿਦਿਆਲਾ ਸ੍ਰੀ ਜੀਵਨ ਨਗਰ ਜੀ ਦੇ ਦਿਲ ਵਿਚ ਸ਼ਰਧਾ ਤੇ ਭਗਤੀ ਦਾ ਸਾਗਰ ਠਾਠਾਂ ਮਾਰਦਾ ਅਠੇ ਪਹਿਰ ਵਗਦਾ ਰਹਿੰਦਾ ਏ। ਕੌਮੀ ਪਿਆਰ, ਗੁਰੂ ਘਰ ਨਾਲ ਪਿਆਰ ਉਹਨਾਂ ਦੇ ਮਨ ਵਿਚ ਧੁਰੋਂ ਦਰਗਾਹੋਂ ਹੀ ਵਿਰਾਸਤ ਵਿਚ ਮਿਲਿਆ ਹੋਇਆ ਪ੍ਰਤੀਤ ਹੁੰਦਾ ਏ। ਉਹਨਾਂ ਅੱਗੇ ਵੀ ਕਈ ਛੋਟੀਆਂ ਛੋਟੀਆਂ ਪੁਸਤਕਾਂ ਨਾਮਧਾਰੀ ਪੰਥ ਨੂੰ ਦੇ ਕੇ ਪੰਥਕ ਸੇਵਾ ਕੀਤੀ ਹੈ। ਆਪਣੇ ਪੰਥ ਨੂੰ ਹਮੇਸ਼ਾ ਹੀ ਉਹ ਚੜ੍ਹਦੀਆਂ ਕਲਾਂ ਵਿਚ ਵੇਖਣ ਦੇ ਖਾਹਸ਼ਮੰਦ ਹਨ।

ਇਹਨਾਂ ਇਹ **ਸੀਤਲਤਾ ਦਾ ਸ੍ਰੋਤ** ਨਾਮੀ ਪੁਸਤਕ ਲਿਖ ਕੇ ਨਾਮਧਾਰੀ ਸਾਹਿਤ ਵਿਚ ਹੋਰ ਵਾਧਾ ਕੀਤਾ ਏ। ਮੈਂ ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਏਹ ਸਾਰੀ ਪੁਸਤਕ ਆਦਿ ਤੋਂ ਅੰਤ ਤਕ ਪੜ੍ਹੀ ਏ। ਭਗਤੀ ਭਾਵ ਪੂਰਤ ਹੈ। ਪੜ੍ਹਨ ਨਾਲ ਗੁਰੂ ਤੇ ਸ਼ਰਧਾ ਵਿਚ ਵਾਧਾ ਹੁੰਦਾ ਏ। ਅੱਜ ਕਲ੍ਹ ਦੇ ਨਾਸਤਕਵਾਦ ਦੇ ਜ਼ਮਾਨੇ ਵਿਚ ਏਹੋ ਜਹੀਆਂ ਗੁਰੂ ਜਪ ਭਰਪੂਰ ਪੁਸਤਕਾਂ ਦਾ ਹੋਣਾ ਅਤੀ ਜ਼ਰੂਰੀ ਹੈ। ਵੈਸੇ ਤਾਂ ਹਰ ਇਕ ਨਰ ਨਾਰੀ ਨੂੰ ਇਹ ਪੁਸਤਕ ਪੜ੍ਹਨੀ ਚਾਹੀਦੀ ਏ, ਪਰ ਬੱਚਿਆਂ ਨੂੰ ਤਾਂ ਮੈਂ ਜ਼ਰੂਰ ਅਰਜ਼ ਕਰਾਂਗਾ ਕਿ ਉਹ ਇਸ ਪੁਸਤਕ ਨੂੰ ਜ਼ਰੂਰ ਕਈ ਵਾਰ ਪੜ੍ਹਨ। ਮੇਰਾ ਨਿਸ਼ਚਾ ਹੈ ਕਿ ਇਹ ਪੁਸਤਕ ਪੜ੍ਹਨ ਨਾਲ ਬੱਚਿਆਂ ਦੇ ਦਿਲਾਂ ਵਿਚ ਸ਼ਰਧਾ ਭਗਤੀ, ਗੁਰੂ ਸਿਦਕ ਦੀ ਭਾਵਨਾ ਦੇ ਅੰਕਰ ਜ਼ਰੂਰ ਫੁਟਣਗੇ। ਮੈਂ ਮਾਸਟਰ ਜੀ ਦਾ ਅਤੀ ਧੰਨਵਾਦ ਕਰਦਾ ਹਾਂ ਤੇ ਅਰਜ਼ ਕਰਦਾ ਹਾਂ ਕਿ ਏਸੇ ਤਰ੍ਹਾਂ ਹੀ ਕੋਈ ਨ ਕੋਈ ਗੁਰੂ ਜਸ ਭਰਪੂਰ ਪੁਸਤਕ ਲਿਖ ਕੇ ਨਾਮਧਾਰੀ ਸਾਹਿਤ ਵਿਚ ਵਾਧਾ ਕਰਦੇ ਰਹਿਣ।

ਪੰ. ਗੋਪਾਲ ਸਿੰਘ
ਤਪਾ, ਜ਼ਿਲ੍ਹਾ ਸੰਗਰੂਰ 4 ਭਾਦੋਂ 2026



Sri Satguru Jagjit Singh Ji eLibrary NamdhariElibrary@gmail.com

## ਮੁੱਖ-ਬੰਦ

ਪੰਜਾਬ ਦੇ ਕਿਸੇ ਕੰਕਰ ਨੂੰ ਚੁੱਕ ਕੇ ਵੇਖੋ ਤਾਂ ਉਹ ਸ਼ਹੀਦਾਂ ਦੇ ਲਹੂ ਨਾਲ ਲਿਬੜਿਆ ਨਜ਼ਰੀਂ ਆਵੇਗਾ, ਜੇ ਕਿਸੇ ਮਿੱਟੀ ਦੇ ਕਣ ਨੂੰ ਪੜਤਾਲੋ ਤਾਂ ਉਸ ਵਿਚ ਸ਼ਹੀਦਾਂ ਦੇ ਲਹੂ ਦੀ ਆਮੇਜ਼ਿਸ਼ ਮਿਲੇਗੀ। ਸਿੱਖ ਕੌਮ ਨੇ ਜਿੰਨਾ ਜਬਰ ਅਤੇ ਅਤਿਆਚਾਰ ਡੇਢ ਸੌ ਸਾਲ ਵਿਚ ਬਰਦਾਸ਼ਤ ਕੀਤਾ, ਕੂਕੇ ਬੀਰਾਂ ਨੇ ਉਤਨੇ ਜਬਰ ਅਤੇ ਧੱਕੇ ਨੂੰ ਪੰਜਾਹ ਸਾਲਾਂ ਵਿਚ ਸਹਾਰਿਆ।

ਕੂਕਿਆਂ ਵਾਸਤੇ ਸਾਰਾ ਪੰਜਾਬ ਇਕ ਜੇਲ੍ਹ ਖਾਨਾ ਸੀ। ਸ੍ਰੀ ਭੈਣੀ ਸਾਹਿਬ ਵੀ ਬੰਦੀ ਖਾਨੇ ਤੋਂ ਘੱਟ ਨਹੀਂ ਸੀ। ਬਿਨਾਂ ਦੱਸੇ ਪੁੱਛੇ ਇਸ ਪਵਿੱਤਰ ਗੁਰਧਾਮ ਦੇ ਦਰਸ਼ਨ ਅਸੰਭਵ ਸਨ। ਪਿੰਡਾਂ ਵਿੱਚੋਂ ਲੰਘਦਿਆਂ ਇਨ੍ਹਾਂ ਮਗਰ ਕੁੱਤੇ ਲਾਏ ਜਾਂਦੇ ਸਨ। ਬਿਨਾਂ ਪੁਛੇ ਪੜਤਾਲੇ ਬੰਦੀ ਖ਼ਾਨੇ ਵਿਚ ਡੱਕ ਦੇਣਾ ਇਕ ਆਮ ਦਸਤੂਰ ਸੀ। ਅੰਗਰੇਜ਼ ਦੇ ਟੁਕੜਬੋਚ, ਲੰਬੜਦਾਰ, ਜ਼ੈਲਦਾਰ, ਸਫੈਦ ਪੋਸ਼ ਤੇ ਨਗੂਣੇ ਚੌਕੀਦਾਰ ਇਨ੍ਹਾਂ ਵਾਸਤੇ ਮਜਿਸਟਰੇਟ ਤੇ ਦਰੋਗੇ ਸਨ। ਇਨ੍ਹਾਂ ਦਾ ਜੁਰਮ ਕੀ ਸੀ ? ਕੇਵਲ ਕੂਕਾ-ਪਨ।

ਇਹ ਧਰਮੀ ਦੇਸ਼-ਭਗਤ ਮੂਰਖ, ਉੱਜਡ, ਅਖੜਖਾਨ ਸਿਪਾਹੀਆਂ ਦੀਆਂ ਅੱਖਾਂ ਵਿਚ ਰੜਕਦੇ ਸਨ। ਇਹ ਨਿਰਦਈ ਨਿੱਕੀਆਂ ਨਿੱਕੀਆਂ ਗੱਲਾਂ ਤੋਂ ਇਨ੍ਹਾਂ ਕੌਮੀ ਪ੍ਰਵਾਨਿਆਂ ਦੇ ਹੱਥ ਪਾਵਿਆਂ ਹੇਠਾਂ ਰੱਖ, ਆਪ ਮੋਢਿਆਂ ਤੇ ਬਹਿ ਪਹਿਰਾਂ ਬੱਧੀ ਹੁਕਿਆਂ ਦੇ ਕਸ਼ ਲਗਾਂਦੇ ਰਹਿੰਦੇ ਸਨ। ਕਿਸੇ ਜੁਰਾਇਮ ਪੇਸ਼ਾਂ ਕੌਮ ਨਾਲ ਇਤਨਾ ਭੈੜਾ ਵਰਤਾਉ ਨਹੀਂ ਹੋਇਆ ਹੋਣਾ ਜਿੰਨਾ ਕੂਕਿਆਂ ਨਾਲ ਏਸ ਅੱਧੀ ਸਦੀ ਤਕ ਹੁੰਦਾ ਰਹਿਆ। ਇਨ੍ਹਾਂ ਦਾ ਕਸੂਰ ਕੀ ਸੀ ? ਦੇਸ਼ ਭਗਤੀ, ਹੁਬਲ ਵਤਨੀ ! ਗੁਲਾਮੀ ਦੀਆਂ ਜ਼ੰਜੀਰਾਂ ਨੂੰ ਤੋੜਨਾ ! ਗਊਆਂ ਦੀ ਰਖਿਆ ਕਰਨੀ, ਅਤੇ ਇਹ ਅਰਦਾਸ ਕਰਨੀ, "ਹੇ ਅਕਾਲ ਪੁਰਖ ! ਦੁਖੀਆਂ ਕੋਈ ਨ ਰਹੇ। ਗਊ ਗ਼ਰੀਬ ਦਾ ਭਲਾ ਹੋਵੇ।"

1872 ਈ: ਵਿਚ ਕੂਕੇ ਪੰਥ ਨੂੰ ਗ਼ੈਰ ਕਾਨੂੰਨੀ ਕਰਾਰ ਦਿੱਤਾ ਗਿਆ। ਸਾਰੇ ਪੰਜਾਬ ਵਿਚ ਇਨ੍ਹਾਂ ਵਾਸਤੇ 144 ਦਫਾ ਸੀ। ਪੰਜ ਜਣੇ ਮਿਲਕੇ ਬਹਿ ਨਹੀਂ ਸਕਦੇ ਸਨ। ਦੀਵਾਨ ਨਹੀਂ ਲਾ ਸਕਦੇ ਸਨ। ਨਿੱਕੇ-ਮੋਟੇ ਵੱਡੇ-ਛੋਟੇ ਇਨ੍ਹਾਂ



ਮਗਰ ਲੱਠ ਲਈ ਫਿਰਦੇ ਸਨ। ਸ੍ਰੀ ਭੈਣੀ ਸਾਹਿਬ ਦੇ ਬੂਹੇ ਤੇ ਪੁਲਿਸ ਦੀ ਚੌਕੀ ਸੀ, ਉਥੋਂ ਦੇ ਸਿਪਾਹੀ ਆਏ ਗਏ ਭਲੇ ਮਾਣਸਾਂ ਨੂੰ ਦੂਰ ਦੂਰ ਕਰਕੇ ਪੈਂਦੇ ਸਨ। ਪੰਜਾਂ ਸਿੰਘਾਂ ਤੋਂ ਵੱਧ ਗੁਰਦਵਾਰੇ ਦੇ ਅੰਦਰ ਦਰਸ਼ਨਾਂ ਨੂੰ ਨਹੀਂ ਜਾ ਸਕਦੇ ਸਨ :-

There were growling wolves at the gate of Sri Bhaini Sahib, who should dreadful red teath at the passers by !

(Pioneer of Freedom Struggle)

(ਸ੍ਰੀ ਭੈਣੀ ਸਾਹਿਬ ਦੇ ਬੂਹੇ ਅਗੇ ਗ਼ੁਰ ਗ਼ੁਰ ਕਰਦੇ ਲਾਲ ਲਾਲ ਦੰਦਾਂ ਵਾਲੇ ਬਘਿਆੜ ਸਨ, ਜਿਹੜੇ ਰਾਹ ਜਾਂਦਿਆਂ ਨੂੰ ਮੂੰਹ ਪਾੜ ਪਾੜ ਵਖਾਂਦੇ ਸਨ।)

ਉਸ ਵੇਲੇ ਦੀ ਦੁਰਦਸ਼ਾ ਦਾ ਨਕਸ਼ਾ ਸ੍ਰ. ਨਾਹਰ ਸਿੰਘ ਐਮ.ਏ. ਨੇ ਖਿਚਿਆ ਹੈ, ਜਿਸ ਨੂੰ ਪੜ੍ਹਕੇ ਪਾਠਕ ਜਨ ਆਪ ਹੀ ਜਾਇਜ਼ਾ ਲਾ ਲੈਣ :

"ਸ੍ਰੀ ਭੈਣੀ ਸਾਹਿਬ, ਇਨ੍ਹਾਂ ਦਾ ਕੇਂਦਰ, ਬਾਗ਼ੀ ਉਪਜਾਊ ਗੜ੍ਹ ਸਮਝਿਆ ਜਾਂਦਾ ਸੀ। ਇਕ ਪੋਲੀਸ ਦੀ ਚੌਕੀ, ਸੱਤ ਆਦਮੀ, ਖਾਸ ਕਰਕੇ ਮੁਸਲਮਾਨਾਂ ਦੀ ਦਰਵਾਜ਼ੇ ਤੇ ਬਿਠਾਈ ਗਈ ਸੀ। ਇਹ ਚੌਕੀ ਗੁਰੂ ਹਰੀ ਸਿੰਘ ਤੋਂ ਗੁਰੂ ਪ੍ਰਤਾਪ ਸਿੰਘ ਜੀ ਤਕ 1872 ਤੋਂ 1921 ਤਕ ਰਹੀ। ਪੰਜਾਂ ਤੋਂ ਵੱਧ ਕੂਕੇ ਭੈਣੀ ਸਾਹਿਬ ਦੀ ਹੱਦ ਅੰਦਰ ਆਪਣੇ ਸਤਿਗੁਰਾਂ ਦੇ ਦਰਸ਼ਨਾਂ ਵਾਸਤੇ ਨਹੀਂ ਜਾ ਸਕਦੇ ਸਨ। ਪੰਜਾਬ ਅਤੇ ਪੰਜਾਬ ਦੀਆਂ ਰਿਆਸਤਾਂ ਵਿਚ ਇਹ ਦੀਵਾਨ ਨਹੀਂ ਕਰ ਸਕਦੇ ਸਨ। ਸਮਾਜਕ ਜੋੜ ਮੇਲ, ਜਨਮ, ਮੌਤ ਅਤੇ ਵਿਆਹ ਸਬੰਧੀ ਇਕੱਠ, ਡਿਸਟ੍ਰਿਕਟ ਮੈਜਿਸਟਰੇਟ ਦੀ ਆਗਿਆ ਬਿਨਾਂ ਨਹੀਂ ਹੋ ਸਕਦੇ ਸਨ। ਹਰ ਕੂਕੇ ਨੂੰ ਆਪਣੇ ਸਬੰਧੀਆਂ ਨੂੰ ਮਿਲਣ ਵਾਸਤੇ ਜਾਣ ਲਈ, ਆਪਣੇ ਹਲਕੇ ਦੇ ਥਾਣੇ ਨੂੰ ਇਤਲਾ ਦੇਣੀ ਜ਼ਰੂਰੀ ਸੀ, ਅਤੇ ਉਸ ਪਿੰਡ ਜਾ ਕੇ, ਉਸ ਪਿੰਡ ਦੇ ਹਲਕੇ ਦੇ ਥਾਣੇਦਾਰ ਪਾਸ ਜਾ ਕੇ ਹਾਜ਼ਰੀ ਭਰਨੀ ਲਾਜ਼ਮੀ ਸੀ। ਕੂਕੇ, ਉਨ੍ਹਾਂ ਦੇ ਸਤਿਗੁਰੂ, ਜਾਂ ਹਾਦੀ, ਉਨ੍ਹਾਂ ਦੇ ਬੰਦਿਆਂ ਅਥਵਾ ਇਸਤਰੀਆਂ ਨੇ ਇਨ੍ਹਾਂ ਦੁਖਾਂ ਮੁਸੀਬਤਾਂ, ਹੇਠੀਆਂ ਨੂੰ ਖਿੜੇ ਮੱਥੇ ਦੋ ਪੀੜ੍ਹੀਆਂ ਸਹਾਰਿਆ।"



Sri Satguru Jagjit Singh Ji eLibrary NamdhariElibrary@gmail.com

The Headquarters at Bhaini were considered to be breeding place of rebellion. A police post consisting of seven policemen, chiefly mohammedans, was posted at the main gate of the residence of successive gooroos, Gooroo Hari Singh ji Maharaj and Gooroo Partap Singh ji Maharaj from 1872 to 1921. No more than five Kookas could enter the boundry of the village Bhaini and pay their respects to their religious preceptors. The religious meetings and social gatherings of Kukas were banned through out the Punjab and Punjab States. Social gatherings regarding births, marriages and deaths could only take place with the previous permission of the district authorities. Every Kuka while visiting his relatives and friends in the near tby village had to inform the police authorities of the circle in which his village was situated, after reaching the village of his destination had to present personaly before the officer incharge of the police post of the village concerned. The Kukas as well as their Gooroos or preceptors, their womenfolks and children underwent all these suffering, hardships, indigneties and humiliations for two generations willingly and smilingly.

(Guru Ram Singh and the Kuka Sikhs III page XI)

ਸ੍ਰ. ਅਤਰ ਸਿੰਘ ਸਪੁੱਤਰ ਸ੍ਰ. ਹਾਕਮ ਸਿੰਘ ਗਰੇਵਾਲ, ਲੋਹਗੜ੍ਹ ਵਾਲਿਆਂ ਅਖੰਡ ਪਾਠ ਰਖਾਇਆ। ਖੁਸ਼ੀ ਖੁਸ਼ੀ ਸੰਗਤਾਂ ਨੂੰ ਸੱਦਾ ਭੇਜਿਆ। ਸੰਗਤਾਂ ਹੁੰਮ ਹੁਮਾ ਕੇ ਪੁਜੀਆਂ, ਪਰ ਦੂਤੀਆਂ ਨੂੰ ਇਹ ਕਦ ਚੰਗਾ ਲਗਦਾ ਸੀ, ਉਨ੍ਹਾਂ ਜਾ ਥਾਣੇ ਰੀਪੋਟ ਲਿਖਵਾਈ। ਅਜੇ ਪਾਠ ਚੱਲ ਰਿਹਾ ਸੀ ਕਿ ਪੁਲਿਸ ਆ ਗਈ। ਰੰਗ ਵਿਚ ਭੰਗ ਪੈ ਗਿਆ। ਸ੍ਰ. ਅਤਰ ਸਿੰਘ ਦੇ ਨਾਲ ਪਾਠੀ, ਧੂਪੀਏ, ਲਾਂਗਰੀ ਤੇ ਪਹਿਰੂਆਂ ਨੂੰ ਰਗੜਾ ਚਾੜ੍ਹ ਦਿੱਤਾ। ਉਨ੍ਹਾਂ ਤੇ ਮੁਕੱਦਮਾ ਚਲਾਇਆ ਗਿਆ ਜਿਸ ਤੇ ਹਾਕਮ ਨੇ ਫੈਸਲਾ ਦਿੱਤਾ :



1. ਸ੍ਰ. ਅਤਰ ਸਿੰਘ ਨੂੰ ਪੰਜ ਸਾਲ ਦੀ ਕੈਦ। (ਜੋ ਜੇਲ੍ਹ ਵਿਚ ਹੀ ਚੱਲ ਵਸਿਆ)।
2. ਸੰਤ ਕਿਸ਼ਨ ਸਿੰਘ ਛੂਤੀਏ ਪਾਠੀ — 3½ ਸਾਲ
3. ਸੰਤ ਹਰਨਾਮ ਸਿੰਘ ਭੱਮਾ ਬੱਦੀ — 2 ਸਾਲ
4. ਸੰਤ ਲਾਭ ਸਿੰਘ ਖੇੜੇ — 2 ਸਾਲ
5. ਸੰਤ ਰਾਏ ਸਿੰਘ ਖਟੜੇ — 2 ਸਾਲ
6. ਸੰਤ ਲਾਲ ਸਿੰਘ ਸਿਆੜ੍ਹ — 2 ਸਾਲ
7. ਧੂਪੀਏ — 6-6 ਮਹੀਨੇ
8. ਪਹਿਰੂਏ ਤੇ ਲਾਂਗਰੀ — 6-6 ਮਹੀਨੇ

ਇਕ ਵੇਰ ਤੱਖਰੀ ਕੁਝ ਸਿੰਘਾਂ ਨੇ ਰਾਤ ਕੱਟੀ। ਪੁਲਿਸ ਨੂੰ ਪਤਾ ਲੱਗ ਗਿਆ। ਉਸ ਦੀ ਸਜ਼ਾ ਪਿੰਡ ਦੇ ਨੰਬਰਦਾਰ ਨੂੰ ਇਹ ਮਿਲੀ ਕਿ ਨੰਬਰਦਾਰੀਉਂ ਮੁਅਤਲ, 6 ਮਹੀਨੇ ਕੈਦ ਬਾ-ਮੁਸ਼ੱਕਤ ਤੇ ਜੁਰਮਾਨਾ 100/-

(ਅਟਲ ਪ੍ਰਤਾਪੀ ਪੰਨਾ 81)

ਮਗਰ :—

**ਸੈਲੇ ਹਵਾਦਸ ਸੇ ਕਬ ਮੁੜਤਾ ਹੈ ਮਰਦੋਂ ਕਾ ਮੂੰਹ,**
**ਸ਼ੇਰ ਸੀਧਾ ਤੈਰਤਾ ਹੈ, ਵਕਤੇ ਰਫ਼ਤਨ ਆਬ ਮੇਂ।**

ਪਰ ਸ਼ਾਂਤੀ ਦੇ ਪੁੰਜ ਸ੍ਰੀ ਗੁਰੂ ਹਰੀ ਸਿੰਘ ਜੀ, ਸਤਿਗੁਰੂ ਰਾਮ ਸਿੰਘ ਜੀ ਦੇ ਪਾਏ ਪੂਰਨਿਆਂ ਤੇ ਚੱਲਦੇ ਗਏ। ਉਨ੍ਹਾਂ ਅੰਦਰ ਉਹੋ ਜੋਤ ਜਗਦੀ ਸੀ, ਜਿਹੜੀ ਚਾਹੁੰਦੀ ਸੀ ਕਿ ਕਿਵੇਂ ਅੰਨ੍ਹੇਰਾ ਦੂਰ ਹੋਵੇ ਅਤੇ ਸੰਸਾਰ ਦਾ ਕੋਨਾ ਕੋਨਾ ਉਜਾਲੇ ਨਾਲ ਜਗ-ਮਗ, ਜਗ-ਮਗ ਹੋ ਚਮਕੇ, ਗਊ ਗ਼ਰੀਬ ਦੇ ਗਲੋਂ ਛੁਰੀ ਲੱਥੇ। ਦੇਸ਼ ਬਦੇਸ਼ੀਆਂ ਦੇ ਜੂਲੇ ਹੇਠੋਂ ਨਿਕਲੇ। ਆਪ ਕਈ ਵੇਰ ਪਵਿੱਤਰ ਮੁਖਾਰ ਵਿੰਦ ਤੋਂ ਫ਼ੁਰਮਾਇਆ ਕਰਦੇ ਸਨ, "ਭਾਈ! ਸਤਿਗੁਰਾਂ ਦਾ ਵਰਗ ਸ਼ੇਰ ਦਾ ਹੈ, ਉਹ ਭਬਕਾਰ ਨਾਲ ਕੰਮ ਲੈਣਾ ਚਾਹੁੰਦੇ ਸਨ, ਮੇਰਾ ਵਰਗ ਚੂਹੇ ਦਾ ਹੈ, ਮੈਂ ਬਦੇਸ਼ੀਆਂ ਦੀਆਂ ਅੰਦਰੋਂ ਜੜ੍ਹਾਂ ਕੁਤਰਦਾ ਹਾਂ।"

ਆਪ ਜੀ ਦੇ ਦੂਤ ਰੂਸ, ਕਾਬਲ ਆਦਿ ਦੇਸ਼ਾਂ ਵਿਚ ਕੰਮ ਕਰਦੇ ਸਨ। ਉਨ੍ਹਾਂ ਨਾਲ ਸਲਾਹ ਮਸ਼ਵਰੇ ਹੁੰਦੇ। ਵਿਉਂਤਾਂ ਬਣਦੀਆਂ। ਬਾਬਾ ਗੁਰਚਰਨ ਸਿੰਘ, ਸੂਬਾ ਬਿਸ਼ਨ ਸਿੰਘ ਜੀ ਅਜਿਹੀਆਂ ਵਿਅਕਤੀਆਂ ਸਨ, ਜਿਹੜੇ ਦਿਨ ਰਾਤ ਇਕ ਕਰ



Sri Satguru Jagjit Singh Ji eLibrary NamdhariElibrary@gmail.com

ਆਜ਼ਾਦੀ ਦੀ ਹੀਰ ਨੂੰ ਵਰਨ ਲਈ ਜੁੱਟੇ ਰਹੇ। ਉਹ ਭੁੰਜੇ ਸੌਂਦੇ, ਨਦੀਆਂ ਚੀਰਦੇ, ਪਰਬਤਾਂ ਨੂੰ ਉਲੰਘਦੇ, ਪੱਥਰਾਂ ਦਾ ਸਹਾਰਾ ਲੈਂਦੇ, ਇਸੇ ਲਗਨ ਵਿਚ ਟੁਰੇ ਗਏ ਕਿ ਕਦ ਗੁਲਾਮੀ ਦੀਆਂ ਬੇੜੀਆਂ ਟੁੱਟਣ ? ਉਨ੍ਹਾਂ 'ਚੋਂ ਇਕ ਸਿਰ ਲੱਥ ਧਰਮੀ, ਦੇਸ਼ ਭਗਤ ਬਾਰੇ ਮਿਸਟਰ ਡਿਉਰਾਂਡ ਲਿਖਦਾ ਹੈ :—

To talk of seavering Gurcharan Singh's connections with Kookas, seems to me useless. He is Kooka Subba and will remain so, untill he dies, doing mean while all the harm he can do to us." (ਇਹ ਕਹਿਣਾ ਕਿ ਗੁਰਚਰਨ ਸਿੰਘ ਦੇ ਸਬੰਧ ਕੂਕਿਆਂ ਤੋਂ ਵੱਖ ਹੋ ਜਾਣਗੇ, ਨਿਰਾਰਥਕ ਮਲੂਮ ਹੁੰਦਾ ਹੈ। ਉਹ ਕੂਕਾ ਸੂਬਾ ਹੈ, ਅਤੇ ਆਖਰ ਦਮਾਂ ਤਕ ਕੂਕਾ ਰਹੇਗਾ ਅਤੇ ਉਹ ਇਸ ਸਮੇਂ ਵਿਚ ਜਿੰਨਾਂ ਨੁਕਸਾਨ ਪਹੁੰਚਾ ਸਕਦਾ ਹੈ, ਪਹੁੰਚਾਇਗਾ।) ਇਹ ਮਾਈ ਦਾ ਲਾਲ 6 ਵਾਰ ਕਾਬਲ ਅਤੇ ਰੂਸ ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਗਿਆ। ਗੁਰੂ ਹਰੀ ਸਿੰਘ ਜੀ ਦੇ ਸਮੇਂ ਕਿੰਨੀ ਵੇਰ ਗਿਆ, ਇਹ ਖੋਜ ਪੜ੍ਹਤਾਲ ਦੱਸੇਗੀ।

ਕਈ ਪੜਚੋਲੀਏ ਪੁਛਣਗੇ ਕਿ ਅੰਗਰੇਜ਼ਾਂ ਨੂੰ ਕੱਢਕੇ ਰੂਸੀਆਂ ਨੂੰ ਬੁਲਾਉਣਾ ਕਿਹੜੀ ਦਾਨਸ਼ਮੰਦੀ ਹੈ ? ਇਹਦਾ ਉਤਰ ਇਹ ਹੈ, ਕਿ ਕੂਕਿਆਂ ਕਦੇ ਖਾਹਿਸ਼ ਨਹੀਂ ਕੀਤੀ ਕਿ ਅੰਗਰੇਜ਼ ਜਾਣ ਤੇ ਰੂਸੀ ਝੰਡਾ ਗਡਣ। ਵੈਸੇ ਵੀ ਅੰਗਰੇਜ਼ ਸਾਮਰਾਜੀਏ ਸਨ। ਸਾਮਰਾਜੀ ਉਹ ਨਜ਼ਾਮ ਹੈ, ਜਿੱਥੇ ਅਮੀਰੀ ਘਿਉ ਖੰਡ ਤੇ ਪਲਦੀ ਹੈ, ਮਗਰ ਗ਼ਰੀਬੀ ਦੇ ਪੱਲੇ ਹਉਕੇ, ਡੁਸਕੇ, ਡੋਬੂ, ਤੇ ਹੰਝੂ ਹੁੰਦੇ ਹਨ, ਅਤੇ ਇਹੋ ਇਸ ਦੀ ਜੱਦੀ ਜਾਇਦਾਦ ਹੁੰਦੀ ਹੈ। ਇਸ ਦੇ ਬਾਵਜੂਦ ਵੀ ਅਸੀਂ ਰੂਸੀਆਂ ਨੂੰ ਰਾਜ ਕਰਨ ਵਾਸਤੇ ਕਦੇ ਸਦਾ ਨਹੀਂ ਦਿੱਤਾ, ਹਾਂ, ਦੁਸ਼ਮਣਾਂ ਨੂੰ ਘਰੋਂ ਕੱਢਣ ਵਾਸਤੇ, ਹਮਸਾਏ ਦੀ ਮਦਦ ਲੈਣਾ ਕੋਈ ਪਾਪ ਨਹੀਂ। ਸਾਡੇ ਸਾਹਮਣੇ ਤਾਜ਼ੀਆਂ ਮਿਸਾਲਾਂ ਹਨ, ਜਿਵੇਂ ਸ. ਅਜੀਤ ਸਿੰਘ, ਸ੍ਰੀ ਲਾਲਾ ਹਰਿਦਿਆਲ ਤੇ ਬਾਬਾ ਗੁਰਦਿੱਤ ਸਿੰਘ, ਗ਼ਦਰ ਪਾਰਟੀ ਦੇ ਬਦੇਸ਼ੀਆਂ ਨਾਲ ਮਿਲ ਅੰਗਰੇਜ਼ਾਂ ਨੂੰ ਕੱਢਣ ਲਈ ਵਿਉਂਤਾਂ ਘੜੀਆਂ। ਭਾਰਤ ਮਾਤਾ ਦੇ ਬੇਖੌਫ਼ ਜਰਨੈਲ, ਸ੍ਰੀ ਸੁਭਾਸ਼ ਚੰਦਰ ਬੋਸ ਅਤੇ ਸ੍ਰ. ਮੋਹਣ ਸਿੰਘ ਜੀ ਦੇ ਦੇਸ਼ ਨੂੰ ਆਜ਼ਾਦ ਕਰਾਉਣ ਹਿਤ, ਜਰਮਨੀ, ਇਟਲੀ ਅਤੇ ਜਾਪਾਨ ਨਾਲ ਗਾਂਢਾ ਸਾਂਢਾ ਕੀਤਾ। ਇਹੋ ਨੀਤੀ ਕੂਕਿਆਂ ਦੀ ਸੀ। ਅਸਲੀ ਨੁਕਤੇ ਤੇ ਪੁੱਜਣ ਤੋਂ ਪਹਿਲਾਂ, ਅਸੀਂ ਕੁਝ ਅੰਗਰੇਜ਼ੀ ਕਾਲ ਦੇ ਕਾਬਲ ਇਤਿਹਾਸਿਕ ਪੱਤਰਿਆ ਦੀ ਪੜਚੋਲ ਕਰਾਂਗੇ।

ਪਹਿਲੀ ਸਵੈਤੰਤਰਤਾ ਦੀ ਜੰਗ ਵਿਚ ਅੰਗਰੇਜ਼ਾਂ ਵਿਰੁੱਧ ਸ਼ਸ਼ਤਰ-ਬੱਧ ਅੰਦੋਲਨ



ਖੜਾ ਹੋ ਗਿਆ, ਜਿਸ ਵਿਚ ਬਦੇਸ਼ੀਆ ਦੇ ਹੌਸਲੇ ਟੁਟ ਗਏ।* ਮਗਰ ਉਸ ਵੇਲੇ ਪੰਜਾਬ ਦੀਆਂ ਫੌਜਾਂ ਨੇ ਘਰਾਂ ਨੂੰ ਪਰਤ ਰਹੇ ਅੰਗਰੇਜ਼ ਨੂੰ ਮੋੜ ਲਿਆਂਦਾ। ਹਿੰਦੁਸਤਾਨ ਦੀ ਕਿਸਮਤ ਦਾ ਸਿਤਾਰਾ ਡੁੱਬ ਗਿਆ। ਭਾਰਤ ਵਰਸ਼ ਗੁਲਾਮੀ ਦੇ ਗੰਦੇ ਟੋਏ ਵਿਚ ਧੜੰਮ ਕਰਕੇ ਜਾ ਡਿਗਾ। ਜਿਹੜੇ ਦੇਸ਼ ਭਗਤਾਂ ਅੰਗਰੇਜ਼ ਨਾਲ ਆਢਾ ਲਾਇਆ, ਉਨ੍ਹਾਂ ਦਾ ਜਾਨ ਮਾਲ ਜ਼ਬਤ ਕੀਤਾ ਗਿਆ। ਉਨ੍ਹਾਂ ਨੂੰ ਲੰਮੇ ਸਮੇਂ ਵਾਸਤੇ ਦਬਾ ਦਿੱਤਾ ਗਿਆ। ਉਸ ਦੇ ਪੁਤਰ ਪੁਤਰੇਲੇ ਘਸਿਆਰੇ ਬਣਨ ਤੇ ਮਜਬੂਤ ਹੋ ਗਏ, ਇਸ ਦੇ ਵਿਰੁੱਧ ਜਿਨ੍ਹਾਂ ਗੋਰਿਆਂ ਦੀ ਸਹਾਇਤਾ ਕੀਤੀ, ਉਨ੍ਹਾਂ ਨੂੰ ਖੁੱਲ੍ਹੀ ਛੁੱਟੀ ਮਿਲ ਗਈ। ਉਨ੍ਹਾਂ ਖੂਬ ਗੁਲਛੱਰੇ ਉਡਾਏ। ਉਨ੍ਹਾਂ ਨੂੰ ਵੱਡੀਆਂ ਵੱਡੀਆਂ ਜਗੀਰਾਂ ਤੇ ਇਨਾਮ ਮਿਲੇ। ਅੰਗਰੇਜ਼ ਨੇ ਦੇਸ਼ ਭਗਤਾਂ ਦੇ ਦੋਖੀਆਂ ਅਤੇ ਗ਼ਦਾਰਾਂ ਨੂੰ ਲੰਮੇ ਚੌੜੇ ਖਿਤਾਬਾਂ ਨਾਲ ਨਿਵਾਜਿਆ। ਸੂਰਜ ਨੂੰ ਕੁਨਾਲੀ ਹੇਠਾਂ ਲੁਕਾਉਣ ਹਿਤ ਉਸ ਨੇ ਕਿਹੜਾ ਕਿਹੜਾ ਪਾਪ ਕੀਤਾ, ਇਹ ਵੀ ਹਿਰਦੇ ਵੇਧਕ ਵਿਥਿਆ ਹੈ।

ਅੰਗਰੇਜ਼ ਦੇ ਸਾਹਮਣੇ ਪੰਜਾਬ ਦੇ ਸਿੱਖ ਦੋ ਰੂਪਾਂ ਵਿਚ ਆਏ, ਇਕ ਉਹ ਸਨ, ਜਿਨ੍ਹਾਂ ਹਥਕੀਆਂ ਬੇੜੀਆ ਲਗਿਆਂ ਪੂਰਬੀਆਂ ਨੂੰ ਕੁਹ ਕੁਹ ਕੇ ਬਦੇਸ਼ੀਆਂ ਦਾ ਸਾਥ

* ਸਿੱਖ ਅਤੇ ਮੁਸਲਮਾਨ ਸਾਰਾ ਸਮਾਂ ਵਫ਼ਾਦਾਰ ਰਹੇ। ਹਿੰਦੁਸਤਾਨੀ ਸਿਪਾਹੀਆਂ ਦੀ ਥਾਂ ਜੋ ਨਵੀਆ ਰਜਮੰਟਾਂ ਖੜੀਆਂ ਕੀਤੀਆਂ ਗਈਆਂ, ਉਨ੍ਹਾਂ ਵਿਚ ਸਿੱਖ ਅਤੇ ਮੁਸਲਮਾਨ ਵੱਡੀ ਗਿਣਤੀ ਵਿਚ ਭਰਤੀ ਹੋਏ। ਚਾਰ ਮਹੀਨਿਆਂ ਦੇ ਥੋੜ੍ਹੇ ਜਿਹੇ ਸਮੇਂ ਵਿਚ ਅਠਾਰਾਂ ਨਵੀਆਂ ਪਲਟਣਾਂ ਖੜੀਆਂ ਕੀਤੀਆਂ ਗਈਆਂ ਅਤੇ ਉਹ ਸਾਰੀਆਂ ਹੀ ਵਫ਼ਾਦਾਰ ਰਹੀਆਂ। ਇਸੇ ਤਰ੍ਹਾਂ ਜਿਹੜੀਆ ਫੌਜਾਂ ਪੰਜਾਬ ਤੋਂ ਦਿੱਲੀ ਗ਼ਦਰੀਆਂ ਵਿਰੁੱਧ ਸਰਕਾਰ ਦੀ ਸਹਾਇਤਾ ਲਈ ਘੱਲੀਆਂ ਗਈਆਂ, ਪੂਰੇ ਦਿਲ ਨਾਲ ਲੜੀਆਂ। ਗ਼ਦਰ ਨੂੰ ਦਬਾਉਣ ਲਈ ਅੰਗਰੇਜ਼ਾਂ ਦੀ ਮਦਦ ਕਰਨ ਵਾਸਤੇ, ਪਟਿਆਲਾ, ਜੀਂਦ ਅਤੇ ਨਾਭੇ ਦੇ ਮਹਾਰਾਜਿਆਂ ਨੇ 17000 ਆਦਮੀ ਭਰਤੀ ਕੀਤੇ, ਕੁਝ ਸਿੱਖ ਰਾਜਿਆਂ ਨੇ ਆਪਣੀਆ ਫੌਜਾਂ ਦੀ ਕਮਾਨ ਆਪ ਕੀਤੀ। ਪੰਜਾਬ ਦੇ ਗ਼ਦਰੀਆਂ ਦਾ ਮੁਕਾਬਲਾ ਕਰਨ ਲਈ ਅੰਗਰੇਜ਼ਾਂ ਨੂੰ 34,000 ਫੌਜ ਭੇਜਣ ਤੋਂ ਬਿਨਾਂ ਕਈ ਹੋਰ ਤਰੀਕਿਆ ਨਾਲ ਵੀ ਕਾਮਯਾਬੀ ਲਈ ਸਹਾਇਤਾ ਦਿੱਤੀ। ਪੰਜਾਬ ਤੋਂ ਭੇਜੇ ਗਏ ਜਰਨੈਲਾਂ ਨੇ ਹੀ ਆਖ਼ਿਰ ਦਿੱਲੀ ਦੇ ਗ਼ਦਰੀਆਂ ਉਤੇ ਜਿੱਤ ਪ੍ਰਾਪਤ ਕੀਤੀ।

ਬਹੁਤੇ ਸਿੱਖ ਸਰਦਾਰ ਜੋ ਇਕ ਵੇਲੇ ਅੰਗਰੇਜ਼ ਦੇ ਵਿਰੁੱਧ ਭਾਵ ਰੱਖਦੇ ਸਨ, ਮਨਾਏ ਜਾ ਚੁੱਕੇ ਸਨ। ਉਹਨਾਂ ਨੂੰ ਜ਼ਮੀਨਾਂ ਅਤੇ ਪੈਨਸ਼ਨਾਂ ਮਿਲ ਗਈਆਂ। ਇਸ ਲਈ ਉਹ ਇਕ ਉਪੱਦਰ ਖੜਾ ਕਰਕੇ ਆਪਣੇ ਅਮਨ ਅਤੇ ਟਿਕੀ ਹੋਈ ਮਾਲੀ ਹਾਲਤ ਨੂੰ ਉਲਟਾਉਣ ਅਤੇ ਖ਼ਰਾਬ ਕਰਨ ਲਈ ਤਿਆਰ ਨਹੀਂ ਸਨ।

(ਭਾਈ ਜੋਧ ਸਿੰਘ ਅਭਿਨੰਦਨ ਗ੍ਰੰਥ, ਪੰਜਾਬ ਪੰਨਾ-28-29)



Sri Satguru Jagjit Singh Ji eLibrary NamdhariElibrary@gmail.com

ਦਿੱਤਾ, ਦੂਜੇ ਬੰਨੇ ਉਹ ਸਨ ਜਿਹੜੇ ਇਨ੍ਹਾਂ ਦਾ ਬੋਰੀਆ ਬਿਸਤਰਾਂ ਬਨ੍ਹਾ, ਸਮੁੰਦਰੋਂ ਪਾਰ ਕਰਨਾ ਚਾਹੁੰਦੇ ਸਨ। ਉਹ ਅੰਗਰੇਜ਼ ਨੂੰ ਕੇਵਲ ਬਾਹਰ ਹੀ ਨਹੀਂ ਕਢਣਾ ਚਾਹੁੰਦੇ ਸਨ, ਸਗੋਂ ਉਸ ਦੀ ਸਾਮਰਾਜੀ ਨੀਤੀ ਦਾ ਵੀ ਕੀਰਤਨ ਸੋਹਿਲਾ ਪੜ੍ਹਿਆ ਵੇਖਣ ਦੇ ਚਾਹਵਾਨ ਸਨ।

ਪਰ ਅੰਗਰੇਜ਼ ਬੜਾ ਚਾਤਰ ਸੀ। ਬੜਾ ਚਲਾਕ ਸੀ। ਬੜਾ ਡਿਪਲੋਮੈਟ ਸੀ। ਉਹ ਵੀ ਕੂਕਿਆਂ ਨੂੰ ਚੰਗੀ ਤਰ੍ਹਾਂ ਭਾਂਪ ਗਿਆ ਸੀ। ਜਿਥੇ ਉਸ ਨੇ ਆਪ ਇਨ੍ਹਾਂ ਨੂੰ ਤੋਪਾਂ ਨਾਲ ਉਡਾ, ਫਾਂਸੀਆਂ ਤੇ ਚਾੜ੍ਹ ਇਨ੍ਹਾਂ ਦੇ ਲਹੂ ਨਾਲ ਹੱਥ ਰੰਗੇ ਸਨ, ਹੁਣ ਉਸ ਨੇ ਨੀਤੀ ਨੂੰ ਮੁੱਖ ਰਖ ਇਨ੍ਹਾਂ ਨੂੰ ਸਿੱਖ ਬ੍ਰਾਦਰੀ ਵਿਚੋਂ ਛਿਕਵਾਉਣ ਅਤੇ ਇਨ੍ਹਾਂ ਵਿਰੁਧ ਘਿਰਨਾਂ ਪੈਦਾ ਕਰ, ਫਤਵੇ ਦਵਾ, ਬਦਨਾਮ ਕਰ, ਇਨ੍ਹਾਂ ਦਾ ਗਲ ਘੁਟਣਾ ਚਾਹਿਆ ਸੀ ਇਹ ਗੱਲ ਉਹ ਆਪ ਮੰਨਦਾ ਹੈ :

(ੳ) ਕੂਕਾ ਝੂਠ ਨਹੀਂ ਬੋਲਦਾ।
(ਅ) ਕੂਕਾ ਸ਼ਰਾਬ ਨਹੀਂ ਪੀਂਦਾ।
(ੲ) ਕੂਕਾ ਅੰਗਰੇਜ਼ ਦਾ ਵਫ਼ਾਦਾਰ ਨਹੀਂ।

ਹੁਣ ਉਹ ਇਸ ਗੈਰ ਵਫ਼ਾਦਾਰ ਨਾਲ ਕਿਵੇਂ ਨਿਪਟੇ ? ਉਸ ਵਾਸਤੇ ਵੀ ਇਕ ਟੇਢਾ ਸਵਾਲ ਸੀ। ਉਸ 1600ਈ. ਤੋਂ ਭਾਰਤ ਵਿਚ ਰਹਿੰਦਿਆਂ ਵੇਖ ਲਿਆ ਸੀ, ਕਿ ਸਿੱਖ ਕਿੰਨੇ ਜਥੇਬੰਦ ਹਨ ? ਇਹ ਤੱਤੀ ਤਵੀ ਤੇ ਬੈਠ ਸਕਦੇ ਹਨ। ਉਬਲਦੀ ਦੇਗ ਇਨ੍ਹਾਂ ਦਾ ਕੁਝ ਨਹੀਂ ਵਿਗਾੜ ਸਕਦੀ, ਆਰਾ ਵੀ ਇਨ੍ਹਾਂ ਨੂੰ ਦੋ-ਫਾੜ ਨਹੀਂ ਕਰ ਸਕਦਾ, ਇਨ੍ਹਾਂ ਦੀਆਂ ਖੋਪਰੀਆਂ ਤੋਂ ਇਨ੍ਹਾਂ ਦੇ ਕੇਸ ਵੱਖ ਨਹੀਂ ਹੁੰਦੇ, ਚਰਖੜੀਆ ਇਨ੍ਹਾਂ ਨੂੰ ਉਡਾ ਨਹੀਂ ਸਕਦੀਆਂ। ਇਨ੍ਹਾਂ ਦੇ ਬੰਦ ਬੰਦ ਹੋ ਜਾਂਦੇ ਹਨ, ਜੰਬੂਰਾਂ ਨਾਲ ਇਨ੍ਹਾਂ ਦਾ ਮਾਸ ਤੋੜਿਆ ਜਾ ਸਕਦਾ ਹੈ, ਮਗਰ ਇਨ੍ਹਾਂ ਨੂੰ ਨ ਮੁਗਲ, ਨ ਈਰਾਨੀ, ਨ ਦੁਰਾਨੀ ਮੈਦਾਨੋਂ ਕਢ ਸਕੇ। ਇਹ ਅਕਾਲ ਅਕਾਲ ਕਰਦੇ ਹਨ ਇਨ੍ਹਾਂ ਨੂੰ ਦੁਨੀਆਵੀ ਬਾਦਸ਼ਾਹੀ ਜਾਂ ਕਿਸੇ ਜਾਬਰ ਦਾ ਭੈ ਨਹੀਂ। ਇਹ ਲੋਕ ਕੇਵਲ ਆਪਣੇ ਗੁਰੂ ਅੱਗੇ ਸਿਰ ਨਿਵਾਉਂਦੇ ਹਨ। ਉਸ ਦੇ ਬਚਨਾਂ ਨੂੰ ਰੱਬੀ ਹੁਕਮ ਮੰਨਦੇ ਹਨ, ਉਸ ਦੀ ਖੁਸ਼ੀ ਖਾਤਰ ਉਸ ਦੀ ਤਲਵਾਰ ਦੀ ਧਾਰ ਹੇਠਾਂ ਆ ਸਿਰ ਰਖਦੇ ਹਨ। ਉਸ ਦੀ ਬੰਦੂਕ ਦਾ ਨਿਸ਼ਾਨਾਂ ਬਣਨ ਹਿਤ ਇਕ ਦੂਜੇ ਦੇ ਮੂਹਰੇ ਹੋ ਹੋ ਖਲੋਂਦੇ ਹਨ। ਗੁਰੂ ਦਾ ਹੁਕਮ ਪਾ ਕੇ ਇਹ ਆਪ ਕਚਹਿਰੀਆਂ ਵਿਚ ਹਾਜ਼ਰ ਹੋ, ਫਾਹੇ ਲਈ ਪਹਿਲਿਆਂ ਦੇ ਗਲਿਆਂ ਤੋਂ ਰੱਸੇ ਲੁਹਾ ਆਪਣੇ ਗਲੀਂ ਪੁਆ ਲੈਂਦੇ ਹਨ। ਇਸ ਕੌਮ ਦੀਆਂ ਇਸਤਰੀਆਂ ਵੀ ਸ਼ੇਰਨੀਆਂ ਤੋਂ ਘੱਟ ਨਹੀਂ। ਉਹ ਸਵਾ ਸਵਾ ਮਣ ਪੀਸਣ ਪੀਂਹਦੀਆਂ ਹਨ, ਉਹ ਜਿਗਰ ਦੇ ਟੋਟਿਆਂ ਨੂੰ ਅੱਖਾਂ ਸਾਹਮਣੇ ਨੇਜ਼ਿਆਂ



ਤੇ ਟੰਗਿਆ ਵੇਖਦੀਆਂ ਹਨ, ਪਰ ਉਨ੍ਹਾਂ ਦੀਆਂ ਲੋਥਾਂ ਨੂੰ ਝੋਲੀਆਂ ਵਿਚ ਪੁਆ ਸੀ ਨਹੀਂ ਕਰਦੀਆਂ ਸਗੋਂ ਸ਼ੁਕਰ ਮਨਾਂਦੀਆਂ ਕਹਿੰਦੀਆਂ ਹਨ :—

ਤੇਰਾ ਭਾਣਾ ਮੀਠਾ ਲਾਗੈ।

ਇਹ ਲੋਕ ਗੁਰੂ ਵੱਲੋਂ ਮੂੰਹ ਨਹੀਂ ਮੋੜਦੇ। ਗੁਰੂ ਗੁਰੂ ਕਰਦਿਆਂ ਪ੍ਰਾਣਾਂ ਦੀ ਅਹੂਤੀ ਪਾ ਦੇਂਦੇ ਹਨ। ਗੁਰੂ ਦੇ ਨਾਉਂ ਤੇ ਕੀਮਾ ਕੀਮਾ ਹੋ ਜਾਂਦੇ ਹਨ ਮਗਰ ਈਨ ਨਹੀਂ ਮੰਨਦੇ। ਗੁਰੂ ਇਨ੍ਹਾਂ ਦਾ ਕਾਅਬਾ, ਗੁਰੂ ਇਨ੍ਹਾਂ ਦੀ ਗੰਗਾ, ਗੁਰੂ ਇਨ੍ਹਾਂ ਦੀ ਜਾਨ, ਗੁਰੂ ਇਨ੍ਹਾਂ ਦੇ ਪ੍ਰਾਣ। ਅੰਗਰੇਜ਼ ਨੀਤੀਵਾਨਾਂ ਸੋਚਿਆ ਜੇ ਚਾਰ ਦਿਹਾੜੇ ਭਾਰਤ ਵਿਚ ਕੱਟਣੇ ਹਨ ਤਾਂ ਸਿੱਖ ਨੂੰ ਗੁਰੂ ਤੋਂ ਮੁਨਕਰ ਕਰਾਉ। ਇਸੇ ਨੀਤੀ ਨੂੰ ਅਗੇ ਅਬਦਾਲੀ ਵੀ ਅਪਨਾਇਆ ਸੀ। ਉਸ ਦੇ ਸੂਹੀਆਂ ਸੂਹ ਦਿੱਤੀ ਕਿ ਸਿੱਖ ਸ੍ਰੀ ਅੰਮ੍ਰਿਤਸਰ ਦੇ ਸਰੋਵਰ ਵਿਚੋਂ ਪੰਜ ਘੁਟ ਪੀ ਕੇ ਮਰਦੇ ਮਰਦੇ ਸੁਰਜੀਤ ਹੋ ਜਾਂਦੇ ਹਨ। ਉਸ ਨੇ ਹੁਕਮ ਚਾੜ੍ਹਿਆ ਕਿ ਸਰੋਵਰ ਨੂੰ ਪੂਰ ਦਿੱਤਾ ਜਾਵੇ। ਅਤੇ ਹਰਿਮੰਦਰ ਸਾਹਿਬ ਦੀ ਇੱਟ ਨਾਲ ਇੱਟ ਖੜਕਾ ਦਿੱਤੀ ਜਾਵੇ। ਬਰੂਦ ਦੇ ਕੁੱਪੇ ਭਰਵਾ ਕੇ ਹਰੀ ਮੰਦਰ ਸਾਹਿਬ ਦੀਆਂ ਨੀਹਾਂ ਹੇਠਾਂ ਰੱਖੇ ਗਏ, ਅਤੇ ਪਲੀਤੇ ਦਾਗੇ ਗਏ, ਸਰੋਵਰ ਨੂੰ ਭਰਵਾ ਦਿਤਾ ਗਿਆ। ਮਗਰ ਸਿੱਖਾਂ ਨੂੰ ਮੁਕਾਂਦਾ ਮੁਕਾਂਦਾ ਉਹ ਆਪ ਹੀ ਦੋਜ਼ਖਾਂ ਦੀ ਅੱਗ ਵਿਚ ਜਾ ਸੜਿਆ। ਤਿਵੇਂ ਹੀ ਕੌਮੀ ਸਿੱਖਾਂ ਦਾ ਖੁਰਾ ਖੋਜ ਮਿਟਾਉਣ ਹਿਤ, ਕੌਮ ਨੂੰ ਨਿਰ-ਉਤਸ਼ਾਹ ਤੇ ਬਦੇਸ਼ੀਆਂ ਦੇ ਗੋਲੇ ਬਨਾਉਣ ਖਾਤਰ ਇਨ੍ਹਾਂ ਦੇ ਰੂਹਾਨੀ ਚਸ਼ਮੇ ਦੇ ਮੂੰਹ ਨੂੰ ਬੰਦ ਕਰਨ ਦੀਆਂ ਸਬੀਲਾਂ ਸੋਚ ਲਈਆਂ। ਪਰ ਇਨ੍ਹਾਂ ਦਾ ਢੰਗ ਅਬਦਾਲੀ ਵਾਲਾ ਨਹੀਂ ਸੀ। ਇਹ ਚਾਹੁੰਦਾ ਸੀ ਕਿ ਸੱਪ ਵੀ ਮਰ ਜਾਏ ਤੇ ਲਾਠੀ ਵੀ ਬਿਗਾਨੀ ਟੁਟੇ। ਇਨ੍ਹਾਂ ਦੇਸ਼ ਭਗਤਾਂ ਨੂੰ ਕੋਹਿਆ ਜਾਵੇ ਮਿੱਠੀ ਛੁਰੀ ਨਾਲ। ਬਜਾਏ ਤਲਵਾਰ ਦੇ ਕਲਮ ਨਾਲ। ਜੇ ਲੋੜ ਪਵੇ ਤਾਂ ਸੰਗੀਨ ਵਰਤ ਲਈ ਜਾਵੇ। ਨਹੀਂ ਤਾਂ ਕਾਨੀ ਅਤੇ ਕਾਤੀ ਦੋਵੇਂ ਹੀ ਵਰਤੀਆਂ ਜਾਣ।

ਅੰਗਰੇਜ਼ ਨੇ ਪਹਿਲਾਂ ਤਾਂ ਕੂਕੇ ਬੀਰਾਂ ਨੂੰ ਕੁਚਲਣ ਹਿਤ ਸਖਤੀ ਦਾ ਕੁਹਾੜਾ ਵਰਤਿਆ, ਫੇਰ ਦੇਸ਼ ਦੇ ਅੰਦਰੋਂ ਇਹਨਾਂ ਵਿਰੁਧ ਘਿਰਨਾ ਪੈਦਾ ਕਰਨ ਹਿਤ, ਕਈ ਧਨਾਢ ਤੇ ਵਿਦਵਾਨ ਖਰੀਦ ਲਏ, ਜਿਨ੍ਹਾਂ ਅੰਗਰੇਜ਼ ਦੇ ਇਸ਼ਾਰੇ ਤੇ ਚੱਲਕੇ "ਸਿੰਘ ਸਭਾ"* ਤੇ "ਖਾਲਸਾ ਦਰਬਾਰ"** ਕਾਇਮ ਕੀਤੇ। ਜਿਨ੍ਹਾਂ ਬਦੇਸ਼ੀਆਂ ਢਹੇ ਚੜ੍ਹ ਉਹਨਾਂ ਦੇ ਇਸ਼ਾਰਿਆਂ ਤੇ ਨਚਦਿਆਂ ਕੂਕਿਆਂ ਵਿਰੁਧ ਉਹ ਤੂਫਾਨ ਤੋੜੇ ਤੇ ਅਜਿਹੀਆਂ ਘਾੜਤਾਂ ਘੜੀਆਂ ਕਿ ਸਭ ਪਾਸਿਉਂ ਇਹਨਾਂ ਧਰਮੀਆਂ ਨੂੰ ਨੀਵਾਂ ਹੋਣਾ ਪਵੇ। ਉਹਨਾਂ ਖੁਲ੍ਹਮ ਖੁਲ੍ਹਾ ਪ੍ਰਚਾਰ ਕੀਤਾ : (ੳ) ਕੂਕੇ ਸਿਖ ਨਹੀਂ (ਅ) ਕੂਕੇ ਤਨਖਾਹੀਏ ਹਨ (ੲ) ਕੂਕੇ ਗਰੰਥ ਨੂੰ ਛੱਡ ਦੇਹਧਾਰੀ ਗੁਰੂ ਨੂੰ ਮੰਨਦੇ ਹਨ (ਸ) ਇਹ ਕਲਾਮ ਪੜ੍ਹਦੇ



Sri Satguru Jagjit Singh Ji eLibrary NamdhariElibrary@gmail.com

ਹਨ। (ਘ) ਇਹ ਹਾਲ ਪਾਂਦੇ ਹਨ। ਮੁਕਦੀ ਗੱਲ ਇਹ ਕਿ ਜਿੰਨੀਆਂ ਈਰਖਾ ਦੀਆਂ ਤੋਪਾਂ ਸਨ ਸਭ ਦੇ ਮੂੰਹ ਕੂਕਿਆਂ ਵੱਲ ਖੋਲ੍ਹ ਦਿੱਤੇ।

* (ੳ) ਸਿੰਘ ਸਭਾ 1873 ਵਿਚ ਕਾਇਮ ਹੋਈ। ਇਸ ਦੇ ਉਪਨਿਯਮਾਂ ਵਿਚ ਦਰਜ ਹੈ ਕਿ ਇਸ ਦਾ ਮੈਂਬਰ ਸਰਕਾਰ ਦਾ ਵਿਰੋਧੀ ਨਹੀਂ ਹੋ ਸਕਦਾ। ਸਰਕਾਰ ਦਾ ਵਫਾਦਾਰ ਹੋਣਾ ਜ਼ਰੂਰੀ ਹੈ।

** (ਅ) ਖਾਲਸਾ ਦੀਵਾਨ 1889 ਈ: ਵਿਚ ਕਾਇਮ ਹੋਇਆ। ਇਸ ਦਾ ਕੰਮ ਸੀ ਸਰਕਾਰ ਦੀ ਵਿਰੋਧਤਾ ਨੂੰ ਰੋਕਣਾ। ਇਸ ਦੇ ਸਰਪਰਸਤ ਸਨ ਲੈਫਟੀਨੈਂਟ ਗਵਰਨਰ ਪੰਜਾਬ ਅਤੇ ਕਮਾਂਡਰ-ਇੰਨ-ਚੀਫ। ਇਸ ਦੇ (ਚ) ਉਪਨਿਯਮ ਵਿਚ ਦਰਜ ਹੈ ਕਿ ਸਰਕਾਰ ਅੰਗਰੇਜ਼ੀ ਖਾਲਸਾ ਹਕੂਕ ਪ੍ਰਗਟ ਕਰਨੇ ਅਤੇ ਸਿੰਘਾਂ ਨੂੰ ਅੰਗਰੇਜ਼ੀ ਰਾਜ ਦੀਆਂ ਅਨਗਿਣਤ ਬਰਕਤਾਂ ਦੱਸਣੀਆਂ।

(ਜੁਗਪਲਟਾਊ, ਪੰਨਾ 8)

(ੲ) ਅਰਦਾਸ ਪਿੱਛੋਂ ਇਹ ਪੜ੍ਹਿਆ ਜਾਂਦਾ ਸੀ :—

ਜੁਗ ਜੁਗ ਰਾਜ ਸਵਾਇਆ ਟੋਪੀ ਵਾਲੇ ਦਾ।

(ਸ) 1872 ਦੇ ਖੂਨੀ ਕਾਂਡ ਪਿੱਛੋਂ ਜੋ ਸਰਕਾਰੀ ਪਿੱਠੂਆਂ ਵਫਾਦਾਰੀ ਦਾ ਚੰਗਾ ਸਬੂਤ ਦਿਤਾ ਉਸ ਦਾ ਨਮੂਨਾ ਵੀ ਪਾਠਕ ਦੇਖ ਲੈਣ। ਹਮ ਜੁਮਲਾ ਸਿੰਘਾਨ ਅੰਮ੍ਰਿਤਸਰ ਮੁਤਫਿਕ ਹੋ ਕਰ ਯਕਦਿਲੀ ਸੇ ਗੁਜ਼ਾਰਿਸ਼ ਕਰਤੇ ਹੈਂ ਕਿ ਯਹ ਜੋ ਕੂਕਾ ਕੌਮ ਚੰਦ ਅਰਸਾ ਸੇ ਮਸ਼ਹੂਰ ਹੈ ਹਮ ਸੇ ਔਰ ਉਨ ਸੇ ਕਿਸੀ ਕਿਸਮ ਕਾ ਤੁਅੱਲਕ ਯਾ ਮੁਆਫਿਕਤ ਨਹੀਂ। ਹਾਲ ਮੇਂ ਜੋ ਇੰਤਜ਼ਾਮ ਇਸ...ਫਿਰਕਾ ਸਰਕਾਰ ਜ਼ੁਲ-ਇਕਤਦਾਰ ਕੀ ਤਰਫ ਸੇ ਹੂਆ ਹੈ, ਨਿਹਾਇਤ ਮੁਨਾਸਬ ਔਰ ਮੁਸਤਹਸਨ ਹੈ, ਔਰ ਖੁਸ਼ੀ ਇਸ ਬਾਤ ਕੀ ਹੈ ਕਿ ਐਸੇ ਇੰਤਜ਼ਾਮ ਸੇ ਆਇੰਦਾ ਕਿਸੀ ਕਾ ਐਸੀ ਹਰਕਾਤ ਨਾਸ਼ਾਇਸਤਾ ਪਰ ਹੌਸਲਾ ਨ ਰਹੇਗਾ। ਐਸੇ ਲੋਗੋਂ ਕੀ ਕਿਸੀ ਹਰਕਤਿ ਨਾਮਾਕੂਲ ਪਰ ਦੂਸਰੋਂ ਪਰ ਸ਼ੁਬਹ ਹੋ ਸਕੇਗਾ।

ਪੰਜਾਬ ਗੌਰਮਿੰਟ ਗਜ਼ਟ,
28 ਮਾਰਚ, 1872
(ਸੰਖੇਪ ਸਿੱਖ ਇਤਿਹਾਸ
ਪਿਆਰਾ ਸਿੰਘ ਪਦਮ, ਪੰਨਾ 295)



ਸਭ ਤੋਂ ਪਹਿਲਾਂ ਇਤਿਹਾਸ ਦੀ ਰੂਪ ਰੇਖਾ ਬਲਦੀ। ਇਸ ਵਿਚ ਗਲਤ ਗੱਲਾਂ ਸ਼ਾਮਲ ਕਰ ਦਿੱਤੀਆ। ਅਸਲੀਅਤ ਦੀ ਬੜੀ ਕਾਂਟ ਛਾਂਟ ਹੋਈ। ਇਹ ਸਾਰਾ ਜ਼ੋਰ ਸਤਿਗੁਰੂ ਰਾਮ ਸਿੰਘ ਵਿਰੁਧ ਅਤੇ ਕੂਕਿਆਂ ਨੂੰ ਕੁਚਲਣ ਵਾਸਤੇ ਸੀ। ਉਹ ਕਿਹੜਾ ਕਿਹੜਾ ਗ੍ਰੰਥ ਹੈ, ਜਿਸ ਨੂੰ ਇਨ੍ਹਾਂ ਨੇ ਛਾਂਗਿਆ ਹੋਵੇ :

(ੳ) ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ।
(ਅ) ਸੌ ਸਾਖੀ।
(ੲ) ਰਹਿਤ ਨਾਮੇ।
(ਸ) ਪੰਥ ਪ੍ਰਕਾਸ਼ ਗਿ: ਗਿਆਨ ਸਿੰਘ।

## ਜਨਮ ਸਾਖੀ

ਜਨਮ ਸਾਖੀ ਭਾਈ ਬਾਲਾ ਉਹ ਪੁਸਤਕ ਹੈ, ਜਿਹੜੀ ਗੁਰੂ ਅੰਗਦ ਦੇਵ ਜੀ ਦੀ ਹਜ਼ੂਰੀ ਵਿਚ ਲਿਖੀ ਗਈ। ਭਾਈ ਬਾਲੇ ਲਿਖਵਾਈ ਤੇ ਭਾਈ ਪੈੜਾ ਜੀ ਨੂੰ ਇਸ ਦੇ ਲਿਖਣ ਦਾ ਮਾਣ ਪ੍ਰਾਪਤ ਹੋਇਆ। ਇਸ ਵਿਚ ਅਜਿਤੇ ਰੰਧਾਵੇ ਦੀ ਸਾਖੀ ਹੈ ਜਿਸ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਅਜਿਤੇ ਦੇ ਸ਼ੰਕਿਆਂ ਨੂੰ ਨਵਿਰਤ ਕਰਦੇ ਹਨ। ਕਈ ਥਾਂਈਂ ਭਵਿਖਤ ਬਚਨ ਦਸਦੇ ਹਨ। ਉਸ ਵਿਚ ਬਾਰ੍ਹਵੇਂ ਅਵਤਾਰ ਬਾਰੇ ਸਾਫ ਅਤੇ ਸਪਸ਼ਟ ਹੈ, ਕਿ ਬਾਰਵ੍ਹਾਂ ਜਾਮਾ ਕਿਵੇਂ ਹੋਵੇਗਾ। ਉਹ ਕੀ ਕੀ ਕੰਮ ਕਰੇਗਾ। ਉਸ ਵੇਲੇ ਸਿੱਖ ਕੈਸੇ ਹੋਣਗੇ ਆਦਿ। ਸਭ ਤੋਂ ਪਹਿਲਾਂ ਉਸ ਤੇ ਹਥ ਉਠਾਇਆ ਗਿਆ। ਉਸ ਵਿਚ ਬੜੀ ਹੁਸ਼ਿਆਰੀ ਨਾਲ ਅਦਲਾ ਬਦਲੀ ਕੀਤੀ। ਉਸ ਵਿਚ ਦਰਜ ਹੈ :—

ਜੁਗਹ ਜੁਗਾਂਤਰ ਸਤਿਗੁਰੂ
ਦੂਸਰ ਹੋਅ ਨ ਹੋਗ।
ਚੌਰਾਸੀ ਜਾਮੇ ਪਹਿਰਕੇ
ਪਾਛੈ ਭਇਆ ਅਲੋਪ।
ਸੱਤਰ ਜਾਮੇ ਭਗਤ ਜਨ



Sri Satguru Jagjit Singh Ji eLibrary NamdhariElibrary@gmail.com

ਚੌਦਹ ਸਤਿਗੁਰ ਰਾਇ।
ਗੁਰਮੁਖ ਹੋਇ ਸੁ ਮਿਲ ਰਹੇ
ਮਨ ਮੁਖ ਮਿਲੈ ਸਜਾਇ।

ਤਬਦੀਲੀ :

ਜੁਗਹ ਜੁਗੰਤਰ ਸਤਿਗੁਰੂ
ਦੂਸਰ ਹੋਆ ਨਾ ਹੋਗ।
ਚੁਰਾਸੀ ਜਾਮੇ ਪਹਿਰਕੇ
ਪਾਛੈ ਭਇਆ ਅਲੋਪ।
ਚੌਹਤਰ ਜਾਮੈ ਭਗਤ ਜਨ
ਦਸ ਹੈ ਸਤਿਗੁਰੂ ਰਾਇ।
ਗੁਰਮੁਖ ਮਿਲੇ ਸੁ ਮਿਲ ਰਹੇ
ਮਨਮੁਖ ਮਿਲੈ ਸਜਾਇ।

ਪਾਠਕ ਜਨ ਵੇਖ ਲੈਣ ਕਿ ਕਿਵੇਂ ਚੌਦਹ ਨੂੰ ਦਸਾਂ ਵਿਚ ਬਦਲਿਆ ਹੈ। ਕਵਿਤਾ ਦਾ ਕਾਫੀਆ ਮਿਲੇ ਭਾਵੇਂ ਨਾ ਮਿਲੇ ਮਗਰ ਮਨ ਮਰਜ਼ੀ ਕਰਨ ਵਾਲਿਆਂ ਆਪਣਾ ਜ਼ੋਰ ਪੂਰਾ ਲਾਇਆ ਹੈ।

ਇਥੇ ਹੀ ਬੱਸ ਨਹੀਂ। ਸ੍ਰ. ਕਰਮ ਸਿੰਘ ਜੀ ਹਿਸਟੋਰੀਅਨ ਨੇ ਇਕ ਗਰੰਥ ਰਚਿਆ ਸੀ "ਕਤਕ ਕੇ ਵਿਸਾਖ" ਜਿਸ ਵਿਚ ਇਸ ਗੱਲ ਨੂੰ ਸਿਧ ਕੀਤਾ ਹੈ ਕਿ ਸਤਿਗੁਰੂ ਨਾਨਕ ਦੇਵ ਜੀ ਦਾ ਅਵਤਾਰ ਕਤਕ ਦੀ ਪੂਰਨਮਾਸ਼ੀ ਨੂੰ ਨਹੀਂ ਹੋਇਆ, ਵਿਸਾਖ ਵਿਚ ਹੋਇਆ ਹੈ। ਇਸ ਨਵੀਂ ਘਾੜਤ ਦਾ ਮਤਲਬ ਇਹ ਹੋ ਸਕਦਾ ਹੈ, ਕਿ ਸਿੱਖ ਪੰਥ ਵਿਚ ਹੋਰ ਮਤ ਭੇਦ ਵਧਣ ਜਦ ਕਿਸੇ ਮਤ ਦੇ ਬਾਨੀ ਦੇ ਜਨਮ ਬਾਰੇ ਹੀ ਭੁਲੇਖਾ ਪੈ ਜਾਵੇ ਤਾਂ ਕਿਸੇ ਵੇਲੇ ਬਾਨੀ ਹੀ ਬੇ-ਬੁਨਿਆਦ ਹੋ ਸਕਦਾ ਹੈ। ਜੇ ਬਾਨੀ ਹੀ ਨ ਰਹਿਆ ਤਾਂ ਉਹ ਕੌਮ ਕਾਹਦੀ ਤੇ ਉਸਦੇ ਕਾਰਨਾਮੇ ਕਾਹਦੇ? ਉਸੇ ਪੁਸਤਕ ਵਿਚ ਇਹ ਸ਼ੋਸ਼ਾ ਵੀ ਮਿਲਦਾ ਹੈ ਕਿ ਬਾਲਾ ਨਾਉਂ ਦਾ ਕੋਈ ਆਦਮੀ ਨਹੀਂ ਹੋਇਆ। ਜੇ ਬਾਲਾ ਨਹੀਂ ਤਾਂ ਬਾਲੇ ਵਾਲੀ ਸਾਖੀ ਕਿਥੋਂ ਆ ਗਈ। ਜੇ "ਸਾਖੀ" ਨ ਹੋਈ ਤਾਂ ਅਜਿਤੇ ਦੀ ਗੋਸ਼ਟ ਕਿਥੋਂ ਪੈਦਾ ਹੋ ਗਈ। ਜਿਸ ਤੋਂ ਇਹ ਸਿਧ ਕਰਨਾ ਹੈ ਕਿ ਇਹ ਗ੍ਰੰਥ ਨਿਰਮੂਲ ਹੈ। ਐਵੇਂ ਕਲਪਿਤ ਹੈ ਭਲਾ ਇਹ ਕਲਪਿਤ ਹੀ ਸੀ, ਤਾਂ ਉਸ ਵਿਚ ਸੱਤਰ ਦੀ ਥਾਏਂ ਚੁੱਹਤਰ ਕਰਨ ਦਾ ਕੀ ਅਰਥ? ਇਹ ਤਾਂ ਉਹ ਗੱਲ ਹੋਈ ਕਿ ਇਕ ਝੂਠ ਨੂੰ ਲੁਕਾਉਣ ਵਾਸਤੇ ਸੌ ਮਕਰ ਕਰਨੇ ਪੈਂਦੇ ਹਨ।



## ਸੌ ਸਾਖੀ

ਸੌ ਸਾਖੀ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਦੇ ਬਚਨਾਂ ਦਾ ਸੰਗ੍ਰਹਿ ਹੈ। ਇਸ ਵਿਚ ਭਵਿੱਸ਼ ਬਾਰੇ ਬੜਾ ਚਾਨਣਾ ਪਾਇਆ ਗਿਆ ਹੈ। ਪਹਿਲਾਂ ਤਾਂ ਜ਼ਰ-ਖ਼ਰੀਦੇ ਵਿਦਵਾਨਾਂ ਰਾਹੀਂ ਇਹ ਪ੍ਰਚਾਰਿਆ ਗਿਆ ਕਿ ਇਹ ਗਪੋੜ ਸੰਖ ਹਨ। ਇਹ ਪੋਥੀ ਭੰਗ ਪੀ ਕੇ ਲਿਖੀ ਹੋਈ ਹੈ। ਦੂਜੇ ਪਾਸੇ ਇਸ ਨੂੰ ਵਿਗਾੜਨ ਵਾਸਤੇ ਲੱਖਾਂ ਰੁਪਏ ਖ਼ਰਚ ਕੀਤੇ ਗਏ। ਇਸ ਗੱਲ ਦਾ ਨਿਰਨਾ ਭਾਈ ਪ੍ਰਤਾਪ ਸਿੰਘ ਟੀਕਾਕਾਰ ਨੇ ਆਪਣੀ ਪੁਸਤਕ ਦੀ ਭੂਮਿਕਾ ਵਿਚ ਚੰਗੀ ਤਰ੍ਹਾਂ ਬਿਆਨ ਕੀਤਾ ਹੈ। ਕੁਝ ਕੁ ਨਮੂਨੇ ਇਹ ਹਨ :

(ਅਸਲ) ਕਰੇ ਫਰੰਗੀ ਹਾਨਿ।
(ਬਦਲ) ਕਰੇ ਮਲੇਛੀ ਹਾਨਿ।

ਇਸੇ ਤਰ੍ਹਾਂ ਕਈ ਥਾਈਂ ਫਰੰਗੀ ਦੀ ਥਾਏਂ ਪਠੰਗੀ ਸ਼ਬਦ ਵਰਤਿਆ ਹੈ।

## ਪੰਥ ਪ੍ਰਕਾਸ਼

ਪੰਥ ਪ੍ਰਕਾਸ਼ ਗਿਆਨੀ ਗਿਆਨ ਸਿੰਘ ਜੀ ਦਾ ਕਵਿਤਾ ਵਿਚ ਭਾਵ-ਪੂਰਤ ਇਤਿਹਾਸ ਹੈ। ਇਸ ਦੀ ਪਹਿਲੀ ਸੈਂਚੀ ਵਿਚ ਸ੍ਰੀ ਗੁਰੂ ਬਾਲਕ ਸਿੰਘ ਅਤੇ ਸਤਿਗੁਰੂ ਰਾਮ ਸਿੰਘ ਜੀ ਬਾਰੇ 28 ਜਾਂ 30 ਸੁੰਦਰ ਕਬਿੱਤ ਹਨ। ਮਗਰ ਕੁਝ ਸਮੇਂ ਪਿੱਛੋਂ ਉਹ ਕਬਿੱਤ ਵੀ ਰਹੇ ਤੇ ਉਸ ਦੇ ਨਾਲ ਗ੍ਰੰਥ ਸਾਹਿਬ ਦੀ ਗੁਰਿਆਈ ਦਾ ਪ੍ਰਸੰਗ ਵੀ ਰੱਖ ਦਿੱਤਾ ਗਿਆ। ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਸੰਗ ਲਿਖਦੇ ਭਾਈ ਸਾਹਿਬ ਜੀ ਲਿਖਦੇ ਹਨ :

**ਹੁੱਕੇ ਛੁਡਵਾਏ, ਰਖਵਾਏ ਕੇਸ ਮੋਨਯੋਂ ਕੇ**
**ਸੁਧਾ ਛਕ ਥਾਏ ਸਿੱਖ, ਭਾਗ ਜਿਨੈ ਜਾਗਿਉ।**
**ਫੈਲਿਉ ਜਸ ਭਾਰੀ, ਸਿਖ ਥੀਏ ਤਾਹਿ ਕੇ ਅਪਾਰੀ**
**ਸਿੱਖ ਪੰਥ ਬਿਰਧਾਯੋ ਨਾਮ ਰਸ ਪਾਗਿਉ।**
**ਫੀਮ ਭੰਗ ਪੋਸਤ ਸ਼ਰਾਬ ਮਾਸ ਚੋਰੀ ਯਾਰੀ**
**ਠੱਗੀ ਤਜ, ਥੀਏ ਸੰਤ, ਸਤਿਜੁਗ ਆਗਿਉ**



Sri Satguru Jagjit Singh Ji eLibrary NamdhariElibrary@gmail.com

ਪਰ ਇਸ ਤੋਂ ਪਿਛਲੀਆਂ ਸੈਂਚੀਆਂ ਵਿਚੋਂ ਇਹ ਕਬਿੱਤ ਕਢਵਾ ਦਿੱਤੇ ਗਏ ਅਤੇ ਗ੍ਰੰਥ ਸਾਹਿਬ ਦੀ ਗੁਰਿਆਈ ਦੇ ਪ੍ਰਸੰਗ ਦੁਹਰਾਏ ਜਾਣ ਲੱਗ ਪਏ।

## ਰਹਿਤਨਾਮਾ

ਸਤਿਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਹਜ਼ੂਰੀ ਵਿਦਵਾਨ ਸਤਿਗੁਰੂ ਜੀ ਦੇ ਬਚਨ ਨੋਟ ਕਰ ਲੈਂਦੇ ਸਨ ਅਤੇ ਮਗਰੋਂ ਗ੍ਰੰਥਾਂ ਦੀ ਸ਼ਕਲ ਵਿਚ ਲਿਖ ਦੇਂਦੇ ਸਨ :

**ਆਗਿਆ ਭਈ ਅਕਾਲ ਕੀ ਤਬੀ ਚਲਾਇਉ ਪੰਥ।**
**ਸਭ ਸਿੱਖਨ ਕੋ ਹੁਕਮ ਹੈ ਗੁਰੂ ਮਾਨੀਯੋਂ ਗ੍ਰੰਥ।**
**ਗੁਰੂ ਗ੍ਰੰਥ ਜੀ ਮਾਨੀਉ ਪ੍ਰਗਟ ਗੁਰਾਂ ਦੀ ਦੇਹ।**
**ਜਿਨਕਾ ਹਿਰਦਾ ਸੁੱਧ ਹੈ, ਖੋਜ ਸ਼ਬਦ ਮੈਂ ਲੇਹ।**

ਇਹ ਦੋਹਰਾ ਹਰ ਰੋਜ਼ ਗੁਰਦੁਆਰਿਆਂ ਵਿਚ ਅਰਦਾਸੇ ਤੋਂ ਬਾਅਦ ਪੜ੍ਹਿਆ ਜਾਂਦਾ ਹੈ। ਪਰ ਇਹ ਦੋਹਰਾ ਕਿਸੇ ਪ੍ਰਮਾਣੀਕ ਗ੍ਰੰਥ ਵਿਚ ਨਹੀਂ। ਮਗਰ ਇਨ੍ਹਾਂ ਤੁਕਾਂ ਨਾਲ ਮਿਲਦਾ ਜੁਲਦਾ ਰੂਪ ਭਾਈ ਪ੍ਰਹਿਲਾਦ ਸਿੰਘ ਦੇ ਰਹਿਤਨਾਮੇ ਵਿਚ ਮਿਲਦਾ ਹੈ, ਜਿਸ ਦੇ ਸ਼ਬਦ ਇਉਂ ਹਨ :

**ਅਕਾਲ ਪੁਰਖ ਕੇ ਬਚਨ ਸੇ, ਪ੍ਰਗਟ ਚਲਾਯੋ ਪੰਥ**
**ਸਭ ਸਿੱਖਨ ਕੋ ਬਚਨ ਹੈ ਗੁਰੂ ਮਾਨਯੋ ਗ੍ਰੰਥ**
**ਗੁਰੂ ਖਾਲਸਾ ਜੀ ਮਾਨਯੋ ਪ੍ਰਗਟ ਗੁਰਾਂ ਕੀ ਦੇਹ**
**ਜੋ ਸਿੱਖ ਮਿਲਬੋ ਚਹੇਂ ਖੋਜ ਇਨੋਂ ਮੇ ਲੇਹ।**

ਇਸ ਦੋਹਰੇ ਬਾਰੇ ਅਸੀਂ ਕੁਝ ਨਹੀਂ ਕਹਿੰਦੇ, ਇਨ੍ਹਾਂ ਬਾਰੇ ਭਾਈ ਸਾਹਿਬ ਭਾਈ ਕਾਹਨ ਸਿੰਘ ਜੀ ਨਾਭਾ ਕਰਤਾ ਮਹਾਨ ਕੋਸ਼ ਪੰਨਾ 596 (ਪ੍ਰਕਾਸ਼ਕ ਭਾਸ਼ਾ ਵਿਭਾਗ ਪੰਜਾਬੀ ਪਟਿਆਲਾ 1960, ਵਿਚ ਛਪੇ) ਦੀ ਟਿੱਪਣੀ ਪੜ੍ਹ ਲੈਣੀ ਕਾਫ਼ੀ ਹੈ। ਇਸ ਰਹਿਤਨਾਮੇ ਦਾ ਅਰੰਭ ਇਸ ਦੋਹਰੇ ਤੋਂ ਹੁੰਦਾ ਹੈ :

**ਅਬਚਲ ਨਗਰ ਬੈਠੇ ਗੁਰੂ ਮਨ ਮਹਿ ਕੀਆ ਬਿਚਾਰ।**
**ਬੋਲਿਆ ਪੂਰਾ ਸਤਿਗੁਰੂ ਮੂਰਤ ਸ੍ਰੀ ਕਰਤਾਰ।**

ਅਤੇ ਰਹਿਤਨਾਮੇ ਦਾ ਸਾਲ ਦੱਸਿਆ ਹੈ :



**ਸੰਮਤ ਸਤ੍ਰਹ ਸੈ ਭਏ**
**ਬਰਖ ਬਵੰਜਾ ਨਿਹਾਰ।**
**ਮਾਘ ਵਦੀ ਤਿਥਿ ਪੰਚਮੀ**
**ਵੀਰਵਾਰ ਸ਼ੁਭ ਵਾਰ।**

ਇਸ (ਕਵੀ) ਨੇ ਇਹ ਖ਼ਿਆਲ ਨਹੀਂ ਕੀਤਾ ਕਿ ਸੰਮਤ 1752 ਵਿਚ ਗੁਰੂ ਸਾਹਿਬ ਅਬਿਚਲ ਨਗਰ ਨਹੀਂ ਪਧਾਰੇ ਅਰ ਨ ਉਸ ਵੇਲੇ ਖਾਲਸਾ ਦੀ ਰਚਨਾ ਸੀ।

## ਮੈਕਾਲਿਫ ਦੀਆਂ ਗ਼ਲਤ ਬਿਆਨੀਆਂ

ਮਿਸਟਰ ਮੈਕਾਲਫ ਅੰਗ੍ਰੇਜ਼ ਵਿਦਵਾਨ ਹੋਇਆ ਹੈ, ਜਿਸ ਨੇ ''ਸਿੱਖ-ਧਰਮ" ਬਾਰੇ ਕੁਝ ਸੱਚ ਝੂਠ ਰਲਾ ਕੇ ਲਿਖਿਆ ਹੈ। ਪਾਠਕਜਨ ਉਸ ਦੀ ਨੀਯਤ ਦਾ ਆਪ ਹੀ ਅੰਦਾਜ਼ਾ ਲਾ ਲੈਣ। ਗੁਰੂ ਤੇਗ਼ ਬਹਾਦਰ ਜੀ ਦੀ ਸ਼ਹੀਦੀ ਵਰਨਣ ਕਰਦਿਆਂ ਉਹ ਲਿਖਦਾ ਹੈ :

One day as he wa on the top of story of his prison the empror thought he saw him looking towards the south in the direction of imperial Zanana. he was sent for the next day and charged with the grave breach of Oriental etiquette and Propriety. The Guru replied, "Empror Aurangzeb, I was on the top of story of my prison, but I was not looking at the private apartments or at they queens. I was looking in the direction of the (Topi wala Sikhs) European, who are coming from the beyond the seas to tear down they pardas and destroy thine empire.

A sikh writer stated that these words became the bettle cry of in the assault on Delhi in 1857 under General John Nichloson and that thus that the prophecy of the ninth Guru was glorious full-filled.

(life of Guru Teg Bahadur the Sikh religion by Max arthur macaliffe. Vol. III page 381).

''ਗੁਰੂ ਜੀ ਕਿਲ੍ਹੇ ਦੀ ਛੱਤ ਤੇ ਸਨ। ਕਿਲ੍ਹੇ ਦੇ ਕਰਮਚਾਰੀਆਂ ਗੁਰੂ ਜੀ ਤੋਂ ਪੁੱਛਿਆ :



Sri Satguru Jagjit Singh Ji eLibrary NamdhariElibrary@gmail.com

ਤੁਸੀਂ ਸ਼ਾਹੀ ਹਰਮਾਂ ਵੱਲ ਕੀ ਤਕਦੇ ਹੋ ? ਗੁਰੂ ਜੀ ਕਿਹਾ : ਅਸੀਂ ਤਾਂ ਟੋਪੀ ਵਾਲਾ ਸਿੱਖ) ਯੂਰਪੀਨਾਂ ਜਿਨ੍ਹਾਂ ਸਮੁੰਦਰ ਪਾਰੋਂ ਆ ਤੁਹਾਡੀਆਂ ਜੜ੍ਹਾਂ ਪੋਲੀਆਂ ਕਰਨੀਆ ਹਨ, ਉਨ੍ਹਾਂ ਦਾ ਰਾਹ ਤਕ ਰਹੇ ਹਾਂ ਅਤੇ ਉਨ੍ਹਾਂ ਦਾ ਭਵਿੱਸ਼ ਬਚ ਠੀਕ ਹੋਇਆ।"

(Sikh Religion page 381
ਸੈਂਚੀ III ਕਰਤਾ ਮੈਕਾਲਿਫ)

ਸਾਹਿਬ ਗੁਰੂ ਗੋਬਿੰਦ ਸਿੰਘ ਜੀ ਦੇ ਅੰਮ੍ਰਿਤ ਛਕਾਉਣ ਸਮੇਂ ਦੀ ਰਹਿਤ ਮਰਯਾਦਾ ਦੱਸਦਿਆਂ ਫੁੱਟ ਨੋਟ ਵਿਚ ਇਕ ਨਵੇਂ ਨੇਮ ਦਾ ਜ਼ਿਕਰ ਕਰਦਾ ਹੋਇਆ ਲਿਖਦਾ ਹੈ—"ਅੰਮ੍ਰਿਤ ਛਕਾਉਣ ਵਿਚ ਇਕ ਹੋਰ ਨੇਮ ਦਾ ਵਾਧਾ ਕੀਤਾ ਗਿਆ ਹੈ, ਕਿ ਅੰਮ੍ਰਿਤ ਛਕਣ ਵਾਲੇ ਸੱਜਣ ਪਾਸੋਂ ਪ੍ਰਣ ਲਿਆ ਜਾਂਦਾ ਹੈ, ਕਿ ਉਹ ਅੰਗਰੇਜ਼ ਦਾ ਵਫ਼ਾਦਾਰ ਰਹੇਗਾ।"

In the present day an injection is added at the time of baptism to be loyal to the British Government, which they solemnly promises.

Sikh Religion by Macaliffe, Published 1969,
V page 96.

ਹੈਰਾਨੀ ਤਾਂ ਇਹ ਹੈ ਕਿ ਉਹ ਸਿੱਖ ਜਿਹੜੇ ਗ਼ੁਲਾਮੀ ਦਾ ਤੌਕ ਲਾਹੁਣ ਵਾਸਤੇ ਮੁਗਲਾਂ ਨਾਲ ਮਸਤ ਲੰਗਰ, ਟੁੱਟੇ ਸ਼ਸਤਰਾਂ ਅਤੇ ਬਿਨਾਂ ਕਾਠੀ ਘੋੜਿਆਂ ਦੇ ਲੜਦੇ ਰਹੇ; ਜਿਨ੍ਹਾਂ ਦੀ ਬਾਣੀ ਪੁਕਾਰ ਕੇ ਆਖਦੀ ਹੈ :

**ਫਰੀਦਾ ! ਬਾਰ ਪਰਾਇਐ ਬੈਸਣਾ**
**ਸਾਈਂ ਮੁਝੈ ਨ ਦੇਇ।**
**ਜੇ ਤੂੰ ਏਵੇ ਰਖਸੀ,**
**ਜੀਉ ਸਰੀਰਹੁ ਲੇਹਿ।**

ਅਤੇ ਜਿਨ੍ਹਾਂ ਦਾ ਅਣਖੀਲਾ ਗੁਰੂ ਗਰਜਵੀਂ ਆਵਾਜ਼ ਵਿਚ ਕਹਿੰਦਾ ਹੈ :–

**ਜਬ ਆਵ ਕੀ ਔਧ ਨਿਦਾਨ ਬਨੈ**
**ਅਤਿ ਹੀ ਰਣ ਮੈ ਤਬ ਜੂਝ ਮਰੌਂ।**

ਉਨ੍ਹਾਂ ਵਾਸਤੇ ਲਿਖਿਆ ਜਾਣਾ ਕਿ ਉਹ ਅੰਗ੍ਰੇਜ਼ ਦਾ ਵਫ਼ਾਦਾਰ ਰਹਿਣਗੇ—ਡੁੱਬ ਮਰਨ ਦਾ ਮੁਕਾਮ ਨਹੀਂ ਤਾਂ ਹੋਰ ਕੀ ਹੋ ਸਕਦਾ ਹੈ ? ਮਗਰ ਹਾਂ ! ਅੰਗ੍ਰੇਜ਼ ਭਗਤਾਂ



ਵਾਸਤੇ ਇਹ ਗੱਲ ਕੋਈ ਅਨੋਖੀ ਨਹੀਂ ਸੀ।

ਹਿੰਦੂਆਂ ਵਿਚ ਇਹ ਪ੍ਰਚਾਰਿਆ ਗਿਆ ਕਿ ਲੰਕਾ ਤੇ ਚੜ੍ਹਾਈ ਸਮੇਂ ਬਾਨਰ ਕੌਮ ਨੇ ਸ੍ਰੀ ਰਾਮ ਚੰਦਰ ਜੀ ਦੀ ਸਹਾਇਤਾ ਕੀਤੀ ਸੀ, ਜਿਸ ਦਾ ਸਦਕਾ ਭਗਵਾਨ ਜੀ ਖ਼ੁਸ਼ ਹੋ ਉਨ੍ਹਾਂ ਨੂੰ ਵਰ ਦਿੱਤਾ ਕਿ ਤੁਹਾਨੂੰ ਕਲਿਜੁਗ ਦਾ ਰਾਜ ਸੌਂਪਿਆ। ਜਿਸ ਦਾ ਭਾਵ ਇਹ ਸੀ ਕਿ ਇਹ ਅੰਗ੍ਰੇਜ਼ ਜਿਨ੍ਹਾਂ ਦਾ ਚਿਹਰਾ ਮੁਹਰਾ ਬਾਂਦਰਾਂ ਨਾਲ ਮਿਲਦਾ ਜੁਲਦਾ ਹੈ, ਇਨ੍ਹਾਂ ਨੂੰ ਰਾਜ ਕਰਨ ਦਾ ਵਰ ਭਗਵਾਨ ਰਾਮ ਜੀ ਵੱਲੋਂ ਪ੍ਰਾਪਤ ਹੈ। ਅੰਗ੍ਰੇਜ਼ ਉਨ੍ਹਾਂ ਦੇ ਭਗਤ ਹਨ।

"ਖੁਰਸ਼ੀਦ-ਖਾਲਿਸਾ" ਮੁਅਲਫ ਬਾਵਾ ਨਿਹਾਲ ਸਿੰਘ ਭੱਲਾ ਅਤੇ ਸਰਮੁਖ ਸਿੰਘ ਹਰਿਗੋਬਿੰਦ ਪੁਰੀਆ ਨੇ 1892 ਈ: ਵਿਚ ਛਾਪੀ। ਹੋ ਸਕਦਾ ਹੈ ਪਹਿਲਾਂ ਵੀ ਛਪੀ ਹੋਵੇ ਕਿਉਂਕਿ ਸਰਵਰਕ ਸਪੱਸ਼ਟ ਨਹੀਂ ਕਰਦਾ। ਇਸ ਪੁਸਤਕ ਦਾ ਸਿਲਸਲਾ ਬਾਰਾਂ ਰਾਸਾਂ ਵਿਚ ਹੈ। ਇਨ੍ਹਾਂ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਰਾਮ ਸਿੰਘ ਜੀ ਦੇ ਸਮੇਂ ਤਕ ਹਾਲਾਤ ਦਰਜ ਹਨ। ਪੁਸਤਕ ਅਰੰਭ ਕਰਨ ਤੋਂ ਪਹਿਲਾਂ ਲੇਖਕਾਂ ਨੇ ਕੁਝ ਨਿਰਨੇ ਅਤੇ ਦੂਜੇ ਲੇਖਕਾਂ ਦੇ ਖ਼ਿਆਲ ਜਿਨ੍ਹਾਂ ਨਾਲ ਉਹ ਸਹਿਮਤ ਨਹੀਂ "ਗ਼ਲਤਨਾਮੇ" ਦੇ ਨਾਉਂ ਨਾਲ ਦਿੱਤੇ ਹਨ। ਮੇਰਾ ਵਿਚਾਰ ਹੈ ਕਿ ਇਹ ਉਹ ਖ਼ਿਆਲ ਹਨ ਜਿਨ੍ਹਾਂ ਨੂੰ ਹਕੂਮਤ ਆਮ ਲੋਕਾਂ ਵਿਚ ਪ੍ਰਚਾਰਨਾ ਚਾਹੁੰਦੀ ਸੀ। ਉਨ੍ਹਾਂ ਨਿਰਨਿਆਂ ਵਿਚ ਲਿਖਿਆ ਹੈ ਅਤੇ ਇਕ ਪ੍ਰਕਾਰ ਦਾ ਇਕਰਾਰ ਕੀਤਾ ਹੈ ਕਿ ਉਹ ਸਤਿਗੁਰੂ ਰਾਮ ਸਿੰਘ ਜੀ ਦੇ ਨਾਉਂ ਨਾਲ ਗੁਰੂ ਸ਼ਬਦ ਨਹੀਂ ਵਰਤਣਗੇ। ਲਿਖਿਆ ਹੈ : **"ਜਨਾਬ ਸਿੰਘ ਸਾਹਿਬ ਰਾਮ ਸਿੰਘ ਕੇ ਨਾਮ ਕੇ ਆਗੇ ਗੁਰੂ ਲਫਜ਼ ਨਹੀਂ ਲਿਖਾ ਜਾਵੇਗਾ।"**

ਇਸ ਦਾ ਫ਼ਲ ਕੀ ਮਿਲਿਆ ? ਹਜ਼ਾਰਾਂ ਰੁਪਏ, ਜਿਸ ਦਾ ਧੰਨਵਾਦ ਬੜੇ ਮਾਣ ਨਾਲ ਉਹ ਕਰਦੇ ਹਨ :

"ਹੇਠਾਂ ਸਹੀ ਪਾਉਣ ਵਾਲੇ ਸਤਿਕਾਰ ਜੋਗ ਸੀ.ਸੀ. ਗਲੈਡਸਟੋਨ ਡਿਪਟੀ ਕਮਿਸ਼ਨਰ ਅੰਬਾਲਾ, ਐਫ.ਐਚ.ਆਰ. ਡਰੂਆਂਡ ਮੇਜਰ ਕੰਟੀਜੈਂਟ ਸਟੇਟ ਅਤੇ ਡਿਪਟੀ ਕਮਿਸ਼ਨਰ ਜਲੰਧਰ ਦੇ ਬਹੁਤ ਬਹੁਤ ਕਿਰਤਗ ਹਨ, ਜਿਨ੍ਹਾਂ ਇਹ ਪੁਸਤਕਾਂ ਛਪਵਾਉਣ ਵਿਚ ਸਹਾਇਤਾ ਕੀਤੀ, ਅਤੇ ਜਿਹੜੇ ਸਿੱਖ ਕੌਮ ਦੇ ਬੜੇ ਖ਼ੈਰ-ਖਾਹ ਹਨ।

ਉਹ ਆਸ ਕਰਦੇ ਹਨ, ਕਿ ਉਹ ਇਨ੍ਹਾਂ ਪੁਸਤਕਾ ਨੂੰ ਮੁਕੰਮਲ ਕਰਾਉਣ ਵਿਚ ਸਾਡੀ ਸਹਾਇਤਾ ਜਾਰੀ ਰੱਖਣਗੇ।"

ਬਾਬਾ ਨਿਹਾਲ ਸਿੰਘ ਸਰਮੁਖ ਸਿੰਘ
ਹਰਿਗੋਬਿੰਦ ਪੁਰੀਆ



Sri Satguru Jagjit Singh Ji eLibrary NamdhariElibrary@gmail.com

ਪਾਠਕ ਜਨ ਆਪ ਹੀ ਅੰਦਾਜ਼ਾ ਲਾ ਲੈਣ ਕਿ ਹਕੂਮਤ ਨੂੰ ਇਨ੍ਹਾਂ ਜ਼ਿੰਮੇਵਾਰ ਅਫ਼ਸਰਾਂ ਨੂੰ ਇਤਨੀਆਂ ਵੱਡੀਆਂ ਰਕਮਾਂ ਦੇਣ ਦੀ ਕੀ ਲੋੜ ਪਈ?

(ਪਾਠਕਾਂ ਦੀ ਜਾਣਕਾਰੀ ਲਈ ਅਸਲ ਪੁਸਤਕ ਦੀ ਫੋਟੋ ਕਾਪੀ ਦਾ ਬਲਾਕ ਛਪਵਾਇਆ ਜਾ ਰਿਹਾ ਹੈ।)

ਇਨ੍ਹਾਂ ਸਚਾਈਆਂ ਨੂੰ ਕੇਵਲ ਕੂਕਿਆਂ ਦੀਆਂ ਕਲਪਿਤ ਕਹਾਣੀਆਂ ਨਾ ਸਮਝਿਆ ਜਾਵੇ, ਅੰਗਰੇਜ਼ ਡਿਪਲੋਮੇਸੀ ਬਾਰੇ ਦੂਜੇ ਲੇਖਕ ਕੀ ਕਹਿੰਦੇ ਹਨ, ਉਨ੍ਹਾਂ ਦੀਆਂ ਕੀਮਤੀ ਰਾਵਾਂ ਨੂੰ ਪਰਖ ਦੇ ਤਰਾਜ਼ੂ ਤੇ ਤੋਲਣਾ ਵੀ ਜ਼ਰੂਰੀ ਹੈ।

ਸ੍ਰੀ ਹਰੀ ਸੀ ਸਪੁਤਰ ਭਾਈ ਕਾਨ੍ਹ ਸਿੰਘ ਨਾਭਾ ਨੇ ਇਹ ਵਾਰਤਾ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਮਹਾਰਾਜ ਨੂੰ ਸੁਣਾਈ ਕਿ ਚੀਫ ਕਾਲਿਜ ਲਾਹੌਰ ਵਿਚ ਗਿਆਨੀ ਪ੍ਰਤਾਪ ਸਿੰਘ ਜੀ ਪੜ੍ਹਾਂਦੇ ਸਨ। ਉੱਚ-ਅਧਿਕਾਰੀਆਂ ਵੱਲੋਂ ਉਨ੍ਹਾਂ ਦੀ ਡਿਊਟੀ ਇਤਿਹਾਸ ਨੂੰ ਵਿਗਾੜਨ ਦੀ ਲਾਈ ਗਈ। ਗਿਆਨੀ ਜੀ ਨੇ ਰੱਜ ਕੇ ਇਤਿਹਾਸ ਵਿਗਾੜਿਆ। ਹਰੀ ਜੀ ਨੇ ਇਹ ਵੀ ਦਸਿਆ ਕਿ ਉਹਨਾਂ ਮੇਰੇ ਦਾਦਾ ਜੀ ਪਾਸ ਇਕਬਾਲ ਕੀਤਾ ਸੀ ਕਿ ਉਹ ਇੰਨਾ ਕੁਝ ਗ਼ਲਤ ਮਲਤ ਕਰ ਚੁੱਕਾ ਹੈ, ਕਿ ਹੁਣ ਆਪ ਵੀ ਠੀਕ ਕਰਨਾ ਚਾਹੇ ਤਾਂ ਅਸੰਭਵ ਹੈ।

"ਭਾਰਤ ਮੇ ਅੰਗਰੇਜ਼ੀ ਰਾਜ" ਦੇ ਲੇਖਕ ਪੰਡਿਤ ਸੁੰਦਰ ਲਾਲ ਜੀ ਨੇ ਇਸ ਪੁਸਤਕ ਵਿਚ ਅੰਗਰੇਜ਼ ਦੀ ਨੀਤੀ ਦੇ ਬਖੀਏ ਉਧੇੜ ਦਿੱਤੇ ਹਨ। ਉਨ੍ਹਾਂ ਨਵੰਬਰ 1963 ਵਿਚ ਸ੍ਰੀ ਅੰਮ੍ਰਿਤਸਰ ਦੇ ਵਿਸ਼ਵ-ਅਮਨ-ਸੰਮੇਲਨ ਦੇ ਖੁਲ੍ਹੇ ਅਜਲਾਸ ਵਿਚ ਬੋਲਦਿਆਂ ਦਸਿਆ ਸੀ ਕਿ ਕਿਵੇਂ ਬਦੇਸ਼ੀਆਂ ਨੇ ਮਰਹਟਿਆਂ ਨੂੰ ਮਰਹਟਿਆਂ ਨਾਲ, ਮੁਸਲਮਾਨਾਂ ਨੂੰ ਮੁਸਲਮਾਨਾਂ ਨਾਲ ਸਿੱਖਾਂ ਨੂੰ ਸਿੱਖਾਂ ਨਾਲ ਅਤੇ ਹਿੰਦੂਆਂ ਨੂੰ ਹਿੰਦੂਆਂ ਨਾਲੋਂ ਪਾੜਨ ਦਾ ਜਤਨ ਕੀਤਾ। ਅੰਗਰੇਜ਼ ਨੇ ਭਾਰਤ ਦੀ ਹਰ ਚੰਗੀ ਵਸਤੂ ਨੂੰ ਝੁਠਲਾਇਆ। ਸਾਡੇ ਦੇਸ਼ ਦੇ ਸਿਧਾਂਤ ਦੀ ਖਿੱਲੀ ਉਡਾਈ ਅਤੇ ਸਾਡੇ ਮਹਾਂ ਪੁਰਸ਼ਾਂ ਨੂੰ ਮਖੌਲ ਕੀਤੇ।

ਹੈ ਵੀ ਠੀਕ! ਅੰਗਰੇਜ਼ ਵੱਖ ਵੱਖ ਰਾਜਾਂ ਨੂੰ ਕੁਟਲ ਨੀਤੀ ਨਾਲ ਹੜੱਪ ਕਰਦਾ ਗਿਆ। ਪੋਲੀਟੀਕਲ ਏਜੈਂਨਸੀ ਉਥੋਂ ਦੇ ਵਿਦਵਾਨਾਂ ਨੂੰ ਮੁੱਲ ਲੈਂਦੀ ਗਈ ਜਿਨ੍ਹਾਂ ਨੇ ਪੈਸੇ ਪਿੱਛੇ ਧਰਮ, ਕਰਮ, ਸ਼ਰਮ ਸਭ ਵੇਚ ਦਿੱਤੇ। ਜਿਨ੍ਹਾਂ ਸੱਚ ਦਾ ਝੂਠ ਅਤੇ ਝੂਠ ਦਾ ਸੱਚ ਕਰ ਵਿਖਾਇਆ। ਤੁਸੀਂ 1857 ਦੀ ਸਵੈਤੰਤਰਤਾ ਦੀ ਜੰਗ ਹੀ ਲੈ ਲਵੋ। ਕਿਵੇਂ ਕਾਲਿਆਂ ਨੂੰ ਗੋਰਿਆਂ ਤੇ ਗੋਰੀਆਂ ਦਾ ਕਾਤਿਲ ਸਿੱਧ ਕੀਤਾ ਅਤੇ ਅੰਗਰੇਜ਼ ਦੇ ਜਬਰ ਅਤੇ ਜ਼ੁਲਮ ਨੂੰ ਨਿਆਂਕਾਰੀ ਦਰਸਾਇਆ। ਜੰਗ ਆਜ਼ਾਦੀ ਵਿਚ ਜਾਨਾਂ ਹੂਲਣ ਵਾਲਿਆਂ ਨੂੰ ਸਵਾਰਥੀ, ਭੁੱਲੜ ਅਤੇ ਗ਼ਦਾਰ ਕਹਿ ਕਹਿ ਭੰਡਿਆ



ਅਤੇ ਅੰਗਰੇਜ਼ ਦੀ ਵਹਿਸ਼ੀ ਕਾਰਵਾਈ ਨੂੰ ਸਲਾਹਿਆ। ਇਹ ਘਾੜਤਾਂ ਕੇਵਲ ਭਾੜੇ ਦੇ ਟੱਟੂਆਂ ਦੀਆਂ ਹਨ। ਜਿਨ੍ਹਾਂ ਨੂੰ ਅੰਗਰੇਜ਼ ਨੇ ਭਾਤੇ ਖੁਆ ਖੁਆ ਤੇ ਚੰਗੇਰੇ ਰਾਤਬੇ ਚਾਰ ਚਾਰ ਦੇਸ਼ ਵਾਸੀਆਂ ਨੂੰ ਪਛੰਡੇ ਮਰਵਾਏ ਸਨ। ਇਨ੍ਹਾਂ ਖਿਆਲਾਂ ਦੀ ਪੁਸ਼ਟੀ ਸ੍ਰੀ ਆਦਿਲ ਰਸ਼ੀਦ ਨੇ "ਰੂਮਾਨੀ-ਦੁਨੀਆਂ ਦੇ ਆਂਚਲ ਔਰ ਪਰਚਮ" ਦੇ ਖਾਸ ਨੰਬਰ ਵਿਚ ਪੁਰ ਜ਼ੋਰ ਸ਼ਬਦਾਂ ਨਾਲ ਕੀਤੀ ਹੈ, ਅਤੇ ਅੰਗਰੇਜ਼ ਦੇ ਜ਼ਰ ਖਰੀਦਾਂ ਨੂੰ ਲਾਹ੍ਨਤਾਂ ਪਾਈਆਂ ਹਨ। ਆਪ ਲਿਖਦੇ ਹਨ: "ਮੈਂ ਐਸੀ ਤਾਰੀਖ ਲਿਖਣ ਵਾਲੇ ਮੁਨਸ਼ੀ ਕਨ੍ਹਈਆਂ ਲਾਲ ਮੁਸੰਨਫਿ 'ਤਾਰੀਖੇ ਬਗ਼ਾਵਤੇ ਹਿੰਦ' ਔਰ ਰਸੀਦ ਦੀਨ ਔਰ ਉਨ ਜੈਸੇ ਦੂਸਰੋਂ ਕੋ ਵਤਨ ਕਾ ਸਭ ਸੇ ਬੜਾ ਦੁਸ਼ਮਨ, ਗ਼ਦਾਰ ਔਰ ਪੇਟ ਕੇ ਕੁੱਤੇ ਹੀ ਸਮਝਤਾ ਹੂੰ। ਐਸੀ ਰੋਟੀ ਖ਼ਾਨੇ ਸੇ ਬਿਹਤਰ ਤੋ ਯਿਹ ਥਾ ਕਿ ਅਗਰ ਰੋਟੀ ਨਸੀਬ ਨਹੀਂ ਹੋ ਸਕਤੀ ਥੀ ਤੋ ਵੁਹ ਜ਼ਹਿਰ ਖਾ ਲੇਤੇ। ਯਿਹ ਲੋਗ ਹਮਾਰੀ ਪੇਸ਼ਾਨੀ ਪਰ ਕਲੰਕ ਕੇ ਏਕ ਟੀਕੇ ਕੇ ਸਿਵਾ ਔਰ ਕੁਛ ਨਹੀਂ ਹੈ।"

ਅੰਗਰੇਜ਼ੀ ਕਾਲ ਦੇ ਇਤਿਹਾਸ ਬਾਰੇ ਸ੍ਰੀ ਛਾਗਲਾ ਜੀ ਜਿਹੜੇ ਕੇਂਦਰੀ ਮੰਤਰੀ-ਮੰਡਲ ਦੇ ਬੜੇ ਉਘੇ ਤੇ ਧੜੱਲੇਦਾਰ ਮੰਤਰੀ ਰਹਿ ਚੁਕੇ ਹਨ, ਉਨ੍ਹਾਂ ਇਕ "ਗੁੱਡੀ-ਪ੍ਰਦਰਸ਼ਨੀ" ਦਾ ਉਦਘਾਟਨ ਕਰਦਿਆਂ ਆਖਿਆ ਸੀ:

....He had all along been of the opinion that Indian History had not been correctly presented in the past since history books were written by Britishers, who never brought the true aspects of Indian cultural heritage.

(ਇਸ ਬਾਰੇ ਉਨ੍ਹਾਂ ਦੀ ਰਾਏ ਹੈ, ਕਿ ਜਦ ਤੋਂ ਅੰਗਰੇਜ਼ੀ ਕਾਲ ਵਿਚ ਅੰਗਰੇਜ਼ ਦੁਆਰਾ ਇਹਿਤਾਸ ਲਿਖਿਆ ਗਿਆ, ਉਸ ਵਿਚ ਇਤਿਹਾਸ ਦੀ ਸੱਚੀ ਸੱਚੀ ਤਸਵੀਰ ਪੇਸ਼ ਨਹੀਂ ਕੀਤੀ ਗਈ। ਉਨ੍ਹਾਂ ਭਾਰਤੀ ਸਭਿਅਕ ਵਿਰਾਸਤ ਤੇ ਕਦੇ ਰੋਸ਼ਨੀ ਨਹੀਂ ਪਾਈ।)

ਸ੍ਰੀ ਐਮ.ਐਲ. ਅਨੰਦ ਨੇ 19 ਅਗਸਤ 1966 ਦੇ ਰੋਜ਼ਾਨਾ ਟ੍ਰੀਬਿਊਨ ਵਿਚ ਆਪਣੇ ਖ਼ਿਆਲ ਪ੍ਰਗਟ ਕੀਤੇ:-

Britishers had realised that Indians were fanatical about their culture, religion, history and traditions and that unless their ideas were diverted, it would be difficult to rule over them.

(ਅੰਗਰੇਜ਼ ਇਸ ਗੱਲ ਨੂੰ ਭਾਂਪ ਗਏ ਸਨ, ਕਿ ਭਾਰਤੀ ਆਪਣੇ, ਇਤਿਹਾਸ,



Sri Satguru Jagjit Singh Ji eLibrary NamdhariElibrary@gmail.com

ਸਭਿਅਤਾ ਧਰਮ ਅਤੇ ਆਪਣੀਆਂ ਰਵਾਇਤਾਂ ਬਾਰੇ ਇਤਨੇ ਕੱਟੜ ਹਨ, ਅਤੇ ਜਦ ਤਕ ਉਨ੍ਹਾਂ ਦੇ ਖ਼ਿਆਲਾਂ ਨੂੰ ਬਦਲਿਆ ਨਾ ਜਾਵੇ, ਉਨ੍ਹਾਂ ਉਪਰ ਰਾਜ ਕਰਨਾ ਕਠਨ ਹੋਵੇਗਾ।)

ਇਸੇ ਤਰ੍ਹਾਂ Sikh Review ਦੇ ਵਿਚਾਰ ਪੜ੍ਹੋ :—

Now it seems that Dr. Trump was a missionary; belonging to the class of writers, who were highly prejudiced against Sikhs and their religion and went out of their way to mis-re-present them to the western World. It may also be that he was encouraged suborned in this nefarious of mission of his by the Britishers.

Sikh Review Sep 1915.
By S. Teja Singh.

(ਅਜਿਹਾ ਮਲੂਮ ਹੁੰਦਾ ਹੈ, ਕਿ ਡਾ. ਟਰੰਪ ਮਿਸ਼ਨਰੀ ਸੀ। ਉਹ ਉਨ੍ਹਾਂ ਲੇਖਕਾਂ ਦੀ ਸ਼ਰੇਣੀ ਨਾਲ ਸਬੰਧਤ ਸੀ, ਜਿਹੜੇ ਸਿੱਖਾਂ ਅਤੇ ਸਿੱਖ ਧਰਮ ਦੇ ਕੱਟੜ ਵਿਰੋਧੀ ਸਨ। ਇਹ ਲੋਕ ਇਨ੍ਹਾਂ ਨੂੰ ਪੱਛਮੀ ਦੁਨੀਆਂ ਵਿਚ ਗ਼ਲਤ ਢੰਗ ਨਾਲ ਪੇਸ਼ ਕਰਨ ਹਿਤ, ਕੁਰਾਹੇ ਪੈ ਗਏ। ਉਨ੍ਹਾਂ ਦੇ ਇਸ ਕੋਝੇ ਕੰਮ ਦੀ ਹੌਸਲਾ ਅਫ਼ਜ਼ਾਈ ਅੰਗਰੇਜ਼ਾਂ ਨੇ ਕੀਤੀ।)

ਜਿਹੜੀ ਜਿਹੜੀ ਕੌਮ ਜਾਂ ਜਿਹੜੇ ਜਿਹੜੇ ਦੇਸ਼ ਭਗਤ ਨੇ ਅੰਗਰੇਜ਼ ਨਾਲ ਆਢਾ ਲਾਇਆ, ਇਸ ਪਵਿਤਰ ਧਰਤੀ ਤੋਂ ਬਦੇਸ਼ੀਆਂ ਨੂੰ ਸਾਫ਼ ਕਰਨਾ ਚਾਹਿਆ, ਤਾਂ ਉਸ ਗੋਰੀ ਚਮੜੀ, ਮਗਰ ਕਾਲੇ ਦਿਲ ਵਾਲੇ ਨੇ ਉਹਨਾਂ ਲਈ ਐਸੇ ਐਸੇ ਘਿਰਨਤ ਸ਼ਬਦਾਂ ਨਾਲ ਆਪ ਅਤੇ ਆਪਣੇ ਜ਼ਰ-ਖਰੀਦਾਂ ਤੋਂ ਘਾੜਤਾਂ ਘੜਵਾਈਆਂ ਕਿ ਸਭਿਅਤਾ ਸ਼ਰਮਾਉਂਦੀ ਹੈ।

ਸੁਲਤਾਨ ਟੀਪੂ ਨੂੰ ਸਭ ਜਾਣਦੇ ਹਨ। ਉਹ ਬਦੇਸ਼ੀਆਂ ਦਾ ਕਟੜ ਦੁਸ਼ਮਣ ਸੀ, ਮਗਰ ਉਸ ਨੂੰ ਕੁਟਲ ਨੀਤੀ ਨਾਲ ਖਤਮ ਕੀਤਾ। ਉਸਦੇ ਨਾਉਂ ਨਾਲ ਇਤਨੀ ਚਿੜ ਪੈ ਗਈ ਕਿ ਉਸ ਨੂੰ ਕੁੱਤਾ ਆਖਿਆ ਅਤੇ ਆਪਣੇ ਕੁਤਿਆਂ ਦੇ ਨਾਉਂ ਇਸ ਸ਼ੇਰ ਮਰਦ ਦੇ ਨਾਉਂ ਨਾਲ (ਟੀਪੂ) ਰਖੇ। ਉਸਨੂੰ ਦੇਸ਼ ਭਗਤੀ ਕਾਰਨ ਇਹ ਖਿਤਾਬ ਮਿਲਿਆ।

ਅਮਰੀਕਾ ਵਿਚ ਵਸਦੇ ਭਾਰਤੀਆਂ ਨੂੰ ਗ਼ਲਾਮ ਦੇਸ਼ ਦੇ ਵਾਸੀ ਹੋਣ ਕਾਰਨ ਇੱਕ ਆਜ਼ਾਦ ਸ਼ਹਿਰੀ ਵਾਲਾ ਮਾਣ ਨਹੀਂ ਸੀ। ਉਹ ਦੇਸ਼ ਭਗਤ 1914 ਵਿਚ ਜਥੇਬੰਦ ਹੋ ਅਸ਼ਤਰ, ਸ਼ਸ਼ਤਰ ਲੈ ਕਾਮਾਂ ਗਾਟਾ ਮਾਰੂ ਜਹਾਜ਼ ਰਾਹੀਂ ਭਾਰਤ ਵੱਲ ਆਏ। ਬਾਬਾ ਗੁਰਦਿਤ ਸਿੰਘ ਉਨ੍ਹਾਂ ਦਾ ਸਰਦਾਰ ਸੀ। ਦੇਸ਼ ਦੀ ਕਿਸਮਤ ਅਜੇ



ਮਾੜੀ ਸੀ। ਉਸ ਵੇਲੇ ਦੀ ਹਕੂਮਤ ਨੇ ਉਨ੍ਹਾਂ ਦੇਸ਼ ਭਗਤਾਂ ਦਾ ਗੋਲੀਆਂ ਤੇ ਸੰਗੀਨਾਂ ਨਾਲ ਸੁਆਗਤ ਕੀਤਾ। ਕਾਲੇ ਪਾਣੀਆਂ ਨੂੰ ਲਾਲ ਸਾਗਰ ਵਿਚ ਬਦਲ ਦਿਤਾ। ਸਾਰੇ ਦੇਸ਼ ਵਿਚ ਹਾਹਾਕਾਰ ਮੱਚੀ, ਮਗਰ ਅਕਾਲ ਤਖਤ ਦੇ ਪੁਜਾਰੀਆਂ ਵਲੋਂ ਜਿੱਥੋਂ ਕਦੇ ਅਬਲਾਵਾਂ ਨੂੰ ਛੁਡਾਉਣ ਦੇ ਗੁਰਮਤੇ ਸੋਧੇ ਜਾਂਦੇ ਸਨ, ਅੰਗਰੇਜ਼ ਦੇ ਦਬਾਅ ਹੇਠਾਂ, ਸਾਫ ਤੌਰ ਤੇ ਇਹ ਐਲਾਨ ਹੋਇਆ ਕਿ ਇਹ ਗ਼ਦਰੀਏ ਹਨ, ਭੁੱਲੜ ਹਨ, ਪਤਤ ਹਨ, ਸਿੱਖ ਨਹੀਂ ਹਨ।

ਜਲ੍ਹਿਆਂ ਵਾਲੇ ਬਾਗ਼ ਦੇ ਖ਼ੂਨੀ ਕਾਂਡ ਨੇ ਆਜ਼ਾਦ ਦੇਸ਼ਾਂ ਵਿਚ ਭੁਚਾਲ ਲੈ ਆਂਦਾ ਅਤੇ ਅੰਗਰੇਜ਼ਾਂ ਨੂੰ ਸਭ ਪਾਸਿਉਂ ਲਾਨ੍ਹਤਾਂ ਪਈਆਂ; ਮਗਰ ਅੰਮ੍ਰਿਤਸਰ ਦੇ ਮਹੰਤਾਂ ਵਲੋਂ ਇਸ ਲਹੂ ਨਾਲ ਰੰਗੇ ਹੱਥਾਂ ਵਾਲੇ ਸ਼ੈਤਾਨ ਡਾਇਰ ਨੂੰ ਸਰੋਪਾ ਦਿਤੇ ਗਏ।

ਦੇਸ਼ ਦੇ ਪ੍ਰਸਿਧ ਨੇਤਾ ਸ੍ਰੀ ਆਸਿਫ ਅਲੀ ਜਿਨ੍ਹਾਂ ਨੇ ਸਾਰਾ ਜੀਵਨ ਜੰਗੇ-ਆਜ਼ਾਦੀ ਵਿਚ ਅੰਗਰੇਜ਼ਾਂ ਵਿਰੁਧ ਲੜਦਿਆਂ ਗੁਜ਼ਾਰਿਆ ਸੀ, ਉਨ੍ਹਾਂ ਦੇ ਨਾਉਂ ਨਾਲ ਦਿਲੀ ਵਿਚ ਆਸਿਫ ਅਲੀ ਰੋਡ ਵੀ ਪ੍ਰਸਿਧ ਹੈ, ਅੰਗਰੇਜ਼ ਕਾਲ ਸਮੇਂ ਉਨ੍ਹਾਂ ਦਾ ਨਾਉਂ ਬਸਤਾ ਬੇ ਵਿਚ ਦਰਜ ਸੀ। ਜਦ ਲੇਖਕ ਨੇ ਇਸ ਗੱਲ ਦੀ ਤਸਦੀਕ ਸ੍ਰੀਮਤੀ ਅਰੁਣਾ ਆਸਿਫ ਅਲੀ ਪਾਸੋਂ ਕਰਨੀ ਚਾਹੀ ਤਾਂ ਉਨ੍ਹਾਂ ਦਸਿਆ ਕਿ ਇਨ੍ਹਾਂ ਦੀ ਕੀ ਗੱਲ ਹੈ, ਜਿੰਨੇ ਨੇਤਾ ਸਨ ਲਗ ਪਗ ਸਾਰਿਆਂ ਦੇ ਨਾਉਂ ਬਸਤਾ ਬੇ ਵਿਚ ਸਨ।

ਖੈਰ ਇਸ ਵਾਰਤਾ ਨੂੰ ਹੋਰ ਲੰਮੇਰਾ ਨ ਕਰਦਿਆ ਅਸੀਂ ਅਸਲ ਮਕਸਦ ਵੱਲ ਆਉਂਦੇ ਹਾਂ। ਅਜਿਹੇ ਸ਼ਾਤਰ, ਪਿਡਲੋਮੈਟ ਅਤੇ ਰਾਜਨੀਤੀ ਦੀ ਸ਼ਤਰੰਜ ਦੇ ਅੰਗਰੇਜ਼ ਖਿਡਾਰੀ ਨਾਲ ਵਾਸਤਾ, ਇਸ ਅੰਨ੍ਹੀ ਅਨ੍ਹੇਰੀ ਨੂੰ ਠੱਲ੍ਹਣ, ਇਸ ਤੂਫਾਨ ਨੂੰ ਰੋਕਣ, ਇਸ ਜਬਰ, ਬੇ-ਇਨਸਾਫੀ ਤੇ ਧੱਕੇਸ਼ਾਹੀ ਵਿਚੋਂ ਕੂਕਿਆਂ ਨੂੰ ਵਾਲ ਵਾਲ ਬਚਾ ਕਢਣ ਵਾਲੇ, ਉਸ ਤਪੱਸਵੀ ਦੇ ਹਿੱਸੇ ਆਇਆ, ਜਿਹੜਾ ਸ਼ਾਂਤ, ਮਹਾਂ ਸਾਗਰੋਂ ਗੰਭੀਰ, ਸੁਮੇਰ ਨਾਲੋਂ ਸੀਤ, ਅਡੋਲ ਉਚੇਰਾ ਅਤੇ ਆਕਾਸ਼ ਨਾਲੋਂ ਵਿਸ਼ਾਲ ਤੇ ਅਸਗਾਹ ਸੀ। ਇਹ ਸਨ "ਸੀਤਲਤਾ ਦੇ ਸ੍ਰੋਤ" ਸ੍ਰੀ ਬੁਧ ਸਿੰਘ ਜੀ ਮਹਾਰਾਜ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਛੋਟੇ ਵੀਰ, ਬਾਬਾ ਜੱਸਾ ਸਿੰਘ ਜੀ ਦੀਆਂ ਅੱਖਾਂ ਦੇ ਦੋ ਤਾਰੇ, ਮਾਤਾ ਸਦਾ ਕੌਰ ਦੇ ਦੁਲਾਰੇ, ਜਿਨ੍ਹਾਂ ਬਾਰੇ 1931 ਬਿਕ੍ਰਮੀ ਵਿਚ ਬਾਬਾ ਦਰਬਾਰਾ ਸਿੰਘ ਰਾਏ ਪੁਰੀਆ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਪਾਸੋਂ ਰੰਗੂਨੋਂ ਹੁਕਮ ਨਾਮਾ ਲਿਆਇਆ ਸੀ....'ਅਜ ਤੋਂ ਇਹ ਹਰੀ ਸਿੰਘ ਹੋਇਆ। ਇਸ ਨੂੰ ਸਿਰ ਕਰਤਾ ਜਾਣਨਾ। ਇਹ ਸੰਗਤ ਨੂੰ ਹਰੀ ਰਖੇਗਾ। ਇਹ ਮੇਰੇ ਧੱਕੇ ਨੂੰ ਬਖਸ਼ ਸਕੇਗਾ। ਮੈਂ ਇਸਦੇ ਧੱਕੇ ਨੂੰ ਨਹੀਂ ਬਖਸ਼ਾਂਗਾ।' ਇਨ੍ਹਾਂ ਨੇ ਜ਼ੁਲਮ ਦੀਆਂ ਕਾਂਗਾਂ ਨੂੰ ਤੇ ਜਬਰ ਦੇ ਤੂਫਾਨਾਂ ਨੂੰ ਸਹਿਨਸ਼ੀਲਤਾ, ਠਰ੍ਹੰਮੇ ਅਤੇ ਹਿਕਮਤੇ ਅਮਲੀ



Sri Satguru Jagjit Singh Ji eLibrary NamdhariElibrary@gmail.com

ਨਾਲ ਠਲ੍ਹਿਆ। ਆਪ ਨੇ ਆਪਣੇ ਤੇ ਬਿਗਾਨਿਆਂ ਦੇ ਤਾਨ੍ਹਿਆ ਤੇ ਮੇਹ੍ਣਿਆਂ ਨੂੰ ਮਿਸਰੀ ਜਾਣ ਘੋਲ ਘੋਲ ਪੀਤਾ। ਬੋਲ ਕਬੋਲ ਸਹਾਰੇ। ਘੂਰੀਆਂ ਨੂੰ ਚੰਬੇਲੀ ਦੇ ਫੁਲ ਵਾਂਗ ਜਾਣਿਆਂ। ਇਨ੍ਹਾਂ ਉਪਰੋਂ ਗੱਡਿਆਂ ਦੇ ਗੱਡੇ ਲੰਘ ਗਏ, ਮਗਰ ਇਨ੍ਹਾਂ ਦਾ ਸਦਾ ਖਿੜਿਆ ਮਥਾ, ਬੇ-ਪ੍ਰਵਾਹ ਅਡੋਲ ਅਹਿਲ ਤੇ ਰਸਨਾ ਤੇ ਸ਼ੁਕਰ! ਧੰਨ ਭਾਗ!! ਸੀ। ਇਨ੍ਹਾਂ ਦੀ ਸ਼ਹਿਨਸ਼ੀਲਤਾ ਸਾਹਮਣੇ ਸਭ ਸ਼ਸ਼ਤਰ ਖੁੰਢੇ ਪੈ ਗਏ। ਸਬਰ ਦਾ ਫਲ ਸਦਾ ਮਿੱਠਾ ਹੁੰਦਾ ਹੈ। ਅੰਤ ਗੜੇ ਗੋਲੇ ਮਧਮ ਹੋ ਗਏ, ਬੱਦਲ ਪਤਲੇ ਪੈ ਗਏ। ਅੰਨ੍ਹਾ ਅਨ੍ਹੇਰਾ ਫਟ ਗਿਆ। ਪੂਰਬ ਵਲੋਂ ਪਹੁ-ਫੁਟਾਲਾ ਦਿਸਣ ਲਗ ਪਿਆ।

ਪਰ ਠੱਗਾਂ ਦੇ ਕਈ ਹੱਥ ਹੁੰਦੇ ਹਨ, ਜਿਹੜਾ ਵੇਲੇ ਸਿਰ ਔੜ੍ਹ ਆਵੇ ਉਹੀ ਸਹੀ। ਇਕ ਕਾਲ ਪੀੜਤ ਲੋਕਾਂ ਦਾ ਬਿਪਤਾ-ਭਰਪੂਰ ਸਮਾਂ ਬਿਤਾਉਣ ਕਾਰਨ, ਅੰਗਰੇਜ਼ੀ ਸਰਕਾਰ ਨੇ ਵਡੀ ਜਾਗੀਰ ਦੀ ਪੇਸ਼ਕਸ਼ ਕੀਤੀ। ਮਗਰ ਵਾਹ ਭੋਲੇ ਭਾਲੇ ਤਪੱਸਵੀਆ! ਤੂੰ ਰਾਜਨੀਤੀ ਦੀ ਸ਼ਤਰੰਜ ਦੀ ਕਮਾਲ ਦਾਨਸ਼ਮੰਦੀ ਨਾਲ ਬਾਜ਼ੀ ਜਿਤੀ। ਗੁਰੂ ਜੀ ਨੇ ਉਸਦੀ ਪੇਸ਼ਕਸ਼ ਨੂੰ ਠੁਕਰਾ ਦਿਤਾ, "ਸਾਹਿਬ! ਇਹ ਦੇਸ਼ ਸਾਡਾ ਹੈ, ਇਹ ਧਰਤੀ ਸਾਡੀ ਹੈ। ਅਸੀਂ ਇਸ ਦੇ ਮਾਲਕ ਹਾਂ। ਇਹ ਲੰਗਰ ਜ਼ਮੀਨ ਨਾਲ ਨਹੀਂ ਚਲਦਾ। ਇਸ ਨੂੰ ਮੇਰਾ ਚੀਨੀ ਵਾਲਾ ਪਾਤਸ਼ਾਹ ਚਲਾ ਰਿਹਾ ਹੈ।" ਸ. ਨਾਹਰ ਸਿੰਘ ਜੀ ਦੇ ਇਹ ਸ਼ਬਦ ਇਸ ਘਟਨਾ ਦੀ ਪਰੋੜ੍ਹਤਾ ਕਰਦੇ ਹਨ :—

The standing orders of the successive Gooroos for such occasions and occurences were specific. Never to yield to undue harassment, threats and violence and pay such hooligans, rogues and bullies in the same coins. The Kukas remained irreconcilable foes of the birth uptill 1947.

Guru Ram Singh the
Kuka Sikhs, Vol.-III Page XII

(ਅਜਿਹੇ ਮੌਕਿਆਂ ਤੇ ਸਮੇਂ ਦੇ ਗੁਰੂਆਂ ਦੇ ਹੁਕਮ ਬਿਲਕੁਲ ਸਪੱਸ਼ਟ ਹੁੰਦੇ ਹਨ। ਕਿਸੇ ਅਯੋਗ ਡਰਾਉਣ, ਧਮਕਾਉਣ ਅਤੇ ਵਹਿਸ਼ੀਪਨ ਅਗੇ ਨ ਝੁਕਿਆ ਜਾਵੇ; ਅਤੇ ਬਦਮਾਸ਼ਾਂ ਅਤੇ ਲੁਚਿਆਂ ਨੂੰ ਤੁਰਤ ਫੁਰਤ ਉਤਰ ਦਿਤਾ ਜਾਵੇ। ਕੂਕੇ ਅੰਗਰੇਜ਼ਾਂ ਦੇ ਨਾ ਸਮਝੌਤਾ ਕਰਨ ਵਾਲੇ ਸ਼ਤਰੂ 1947 ਤੱਕ ਰਹੇ)

There is the only religio-political party in India, the leaders and member of which refused to negotiate the terms of appeasement or conciliation with the British authorities on any basis. Their primary political aim was the expulsion of the Malechas from the holy land of BHART.

Guru Ram Singh and the Kuka Sikhs.
Vol. III page XII.

(ਇਨ੍ਹਾਂ ਹੀ ਦੀ ਕੇਵਲ ਧਰਮ ਅਥਵਾ ਰਾਜਨੀਤਕ ਜਥੇਬੰਦੀ ਭਾਰਤ ਵਿੱਚ ਹੈ। ਇਸ ਲਹਿਰ ਨੇ ਅੰਗਰੇਜ਼ਾਂ ਨਾਲ ਕਿਸੇ ਵੀ ਸ਼ਰਤ ਤੇ ਸਮਝੌਤਾ ਕਰਨੋਂ ਇਨਕਾਰ ਕਰ ਦਿਤਾ। ਇਨ੍ਹਾਂ ਦਾ ਮੁਢਲਾ ਰਾਜਨੀਤਕ ਧੇਯ ਸੀ, ਕਿ ਮਲੇਛਾਂ ਨੂੰ ਇਸ ਪਵਿੱਤਰ ਧਰਤੀ ਤੋਂ ਬਾਹਰ ਕੀਤਾ ਜਾਵੇ।)

ਧਰਮ ਨੂੰ ਰਾਜਨੀਤੀ ਤੋਂ ਵੱਖ ਕਰਨਾ ਕੂਕਿਆਂ ਦਾ ਮਨੋਰਥ ਨਹੀਂ। ਕਿਉਂਕਿ ਧਰਮ ਉਹ ਧੁਰਾ ਹੈ ਜਿਸਦੇ ਸਹਾਰੇ ਸਮਤੁਲਤਾ ਕਾਇਮ ਰਹਿੰਦੀ ਹੈ।

**ਧੌਲੁ ਧਰਮੁ ਦਇਆ ਕਾ ਪੂਤੁ**
**ਸੰਤੋਖੁ ਥਾਪਿ ਰੱਖਿਆ ਜਿਨਿ ਸੂਤਿ**

ਧਰਮ-ਹੀਨ ਪੁਰਸ਼ ਸਵਾਰਥੀ ਹੁੰਦਾ ਹੈ। ਸਵਾਰਥ ਸਭ ਪਾਪਾਂ ਦਾ ਪਿਉ ਹੈ। ਅੱਜ ਸੰਸਾਰ ਦੀ ਹਾਲਤ ਇਸੇ ਕਰ ਕੇ ਡਾਵਾਂਡੋਲ ਹੈ ਕਿਉਂਕਿ ਸਮਾਜ ਧਰਮ-ਧੁਰੀ ਤੋਂ ਪਰੇ ਹਟ ਚੁੱਕਾ ਹੈ। ਵਿਗਿਆਨ ਧਰਮ ਦਾ ਪੱਲਾ ਛੱਡ ਭੂਤਰੇ ਭੂਤ ਵਾਂਗੂੰ ਚਾਂਗਰਾਂ ਮਾਰ ਰਿਹਾ ਹੈ। ਗੁਰੂ ਜੀ ਅਕਹਿ ਤੇ ਅਸਹਿ ਕਸ਼ਟ ਸਹਾਰੇ, ਮਗਰ ਕੂਕਿਆਂ ਨੂੰ ਧਰਮ ਦੇ ਪਾਸਿਉਂ ਢਿੱਲਾ ਨਾ ਹੋਣ ਦਿੱਤਾ ਸਗੋਂ ਉਸ ਦੀ ਗੰਢ ਨੂੰ ਹੋਰ ਪਕੇਰਾ ਤੇ ਪੀਡਾ ਕਰ ਦਿੱਤਾ।

ਇਨ੍ਹਾਂ ਵਰਨੀ ਟੋਰੀ। ਅਖੰਡ ਪਾਠ ਚਾਲੂ ਕੀਤੇ। ਕਰੜੇ ਪਹਿਰੇ ਦੇ ਹੁੰਦਿਆਂ ਵੀ ਸੈਂਕੜੇ ਸਾਧਾਰਨ ਤੇ ਅਖੰਡਪਾਠ ਕਰਵਾਏ। ਇਹ ਆਪ ਵੀ ਅੱਠਾਂ ਪਹਿਰਾਂ ਵਿਚ 19 ਤੋਂ 21 ਮਾਲਾ ਫੇਰਦੇ। ਪੰਜੇ ਬਾਣੀਆਂ, ਪੰਜ ਗ੍ਰੰਥੀ ਕੰਠੋਂ ਅਤੇ 100 ਪੱਤਰੇ ਗ੍ਰੰਥ ਸਾਹਿਬ ਦਾ ਪਾਠ ਕਰਨ ਦਾ ਨਿਤਾਪ੍ਰਤੀ ਵਿਹਾਰ ਸੀ। ਭਗਉਤੀਆਂ ਦੀਆਂ ਮਾਲਾਂ ਇਸ ਤੋਂ ਵੱਖਰੀਆਂ। ਇਸੇ ਵਾਸਤੇ ਸ੍ਰੀ ਭੈਣੀ ਸਾਹਿਬ ਦੀ ਧਰਤੀ ਦੇ ਸੇਵਾਦਾਰ, ਲਾਂਗਰੀ, ਗੱਡੇ ਵਾਲੇ, ਘੋੜਿਆਂ ਦੇ ਸੇਵਾਦਾਰ, ਲੱਕੜਾਂ ਢੋਣ ਵਾਲੇ ਕੰਮ-ਕਾਜ ਕਰਦੇ ਨਾਲੇ ਪੜ੍ਹਦੇ ਜਾਂ ਭਜਨ ਕਰਦੇ।

ਇਨ੍ਹਾਂ ਦੇ ਮਹਿਲ ਮਾਤਾ ਜੀਵਨ ਕੌਰ ਜੀ ਲਛਮੀ ਦਾ ਅਵਤਾਰ ਸਨ। ਸਾਦੇ, ਘਰ ਦੇ ਕੱਤੇ ਤੁੰਬੇ ਖੱਦਰ ਵਿਚ ਦਿਨ ਰਾਤ ਸੇਵਾ ਵਿਚ ਲੀਨ ਰਹਿੰਦੇ।


Sri Satguru Jagjit Singh Ji eLibrary NamdhariElibrary@gmail.com

ਸੇਵਾਦਾਰ ਤਾਂ ਭਾਵੇਂ ਸਾਹ ਲੈ ਲੈਣ ਤਾਂ ਲੈ ਲੈਣ ਮਗਰ ਇਹ ਸੇਵਾ ਨੂੰ ਸਾਹ ਨ ਲੈਣ ਦੇਂਦੇ। ਇਨ੍ਹਾਂ ਦੇ ਦਰਵਾਜੇ ਤੋਂ ਕਦੇ ਕੋਈ ਖ਼ਾਲੀ ਨਹੀਂ ਗਿਆ ਸੀ। ਕੀ ਆਪਣਾ ਕੀ ਬਿਗਾਨਾ ਤੇ ਕੀ ਲਹੂ ਪੀਣੇ ਪੁਲਸੀਏ, ਸਭ ਰੱਜਵਾਂ ਲੈਂਦੇ। ਘਿਉ, ਖੰਡ, ਬਾਦਾਮਾਂ ਆਦਿ ਦੀ ਗੰਗਾ ਵਗਦੀ। ਲੋੜਵੰਦਾਂ ਨੂੰ ਕੰਬਲ, ਭੂਰੇ ਰੁੱਤ ਰੁੱਤ ਦੇ ਮਿਲਦੇ। ਇਸ ਧਰਤੀ ਦਾ ਆਲਾ ਦੁਆਲਾ ਮਾਤਾ ਜੀ ਦੇ ਸਿਰ ਤੇ ਪਲਦਾ ਸੀ। ਬੇਟ ਦੇ ਮੁਸਲਮਾਨਾਂ, ਪਿੰਡ ਦੇ ਕਸ਼ਮੀਰੀਆਂ ਜੇ ਬੀਬੀਆਂ ਦੇ ਹੱਥ ਪੀਲੇ ਕਰਨੇ ਹੋਣ ਤਾਂ ਮਾਂ ਜੀਵਨ ਕੌਰ ਉਨ੍ਹਾਂ ਦੀਆਂ ਝੋਲੀਆਂ ਭਰਦੀ ਅਤੇ ਦੂਏ ਕੰਨ ਨੂੰ ਪਤਾ ਵੀ ਨ ਲੱਗਣ ਦੇਂਦੀ। ਇਹ ਦੈਵੀ ਜੋੜ ਠੀਕ ਅਰਸ਼ਾਂ ਕੁਰਸ਼ਾਂ ਦਾ ਮਾਲਿਕ ਸੀ।

ਗੁਰੂ ਹਰੀ ਸਿੰਘ ਜੀ ਗ਼ਜ਼ਬ ਦੇ ਮੁਹਾਣੇ ਸਨ, ਜਿੰਨ੍ਹਾਂ ਨੇ ਵਾ ਠੱਕੇ ਵਿਚ ਵੀ ਲੰਗਰ ਨੀਵੇਂ ਨ ਕੀਤੇ। ਇਹ ਵਧਦੇ ਗਏ ਵਧਦੇ ਗਏ। ਇਹ ਉਨ੍ਹਾਂ ਅਸਾਧਾਰਨ ਮੁਹਾਣਿਆਂ ਵਿਚੋਂ ਸਨ, ਜਿੰਨ੍ਹਾਂ ਬਾਰੇ ਕਿਹਾ ਜਾਂਦਾ ਹੈ :—

Every body is a good sailor when the sea is calm. But in the trembled waters only the daring dare.

ਇਹ ਠੀਕ ਝੱਖੜਾਂ ਝਾਜਿਆਂ ਦੇ ਸਮੇਂ ਦੇ ਮੁਹਾਣੇ ਸਨ। ਕੀ ਇਹ ਕੋਈ ਵੱਡੀ ਗੱਲ ਏ ? ਮਰਦਾਂ ਅਤੇ ਘੋੜਿਆਂ ਕੰਮ ਪੈਣ ਅਵੱਲੇ !

ਅੰਤ ਵਿਚ ਇਹ ਕਹਿਣੋਂ ਸੰਕੋਚ ਨਹੀਂ ਕੀਤਾ ਜਾਂਦਾ ਕਿ ਇਹ "ਸੀਤਲਤਾ ਦਾ ਸੋਤ" ਇਤਿਹਾਸ ਨਹੀਂ, ਵਿਸ਼ਾਲ ਇਤਿਹਾਸ 'ਚੋਂ ਕੇਵਲ ਇਤਿਹਾਸਕ ਝਾਕੀਆਂ ਅਥਵਾ ਗੁਰੂ ਮਹਿਮਾਂ ਦੇ ਕਣ ਹਨ ਅਤੇ ਨ ਹੀ ਇਹ ਕਵਿਤਾ ਹੈ, ਕੇਵਲ ਖ਼ਿਆਲਾ ਦਾ ਤ੍ਰੰਗ ਹੈ, ਜਿਸ ਨਾਲ ਧੀਰਜ, ਧੁਰੰਧਰ, ਧਰਮੀ ਤੇ ਸੀਤਲਤਾ ਦੇ ਪੁੰਜ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੇ ਚਰਨਾਂ ਨੂੰ ਛੂਹਣ ਦਾ ਨਗੂਣਾ ਜਤਨ ਕੀਤਾ ਹੈ।

ਨਿਹਾਲ ਸਿੰਘ
30–7–26ਬਿ:
15–10–69





Sri Satguru Jagjit Singh Ji eLibrary NamdhariElibrary@gmail.com

1.

## ਜਨਮ ਸਾਖੀ ਛੁਪਿਆ ਫੁਲ

ਠੰਢੀ ਮੂਰਤੀ !
ਹਿਮਾਲਾ !!
ਸ਼ਾਂਤ ! ਮਹਾਂ ਸ਼ਾਂਤ !!
ਪਰਲੇ ਦਰਜੇ ਦਾ ਸ਼ਾਂਤ !!!
ਗਹਿਰ ਗੰਭੀਰ, ਅਥਾਹ,
ਸੀਤਲਤਾ ਦਾ ਸੋਮਾ,
ਚੰਨ ਦੀ ਚਾਨਣੀ,
ਸੀਤ ਰੁਤ, ਚੰਦਣ ਰੁਖੜਾ
ਜਿਸਨੂੰ ਵਿਹੜ ਰਖਿਆ ਹੈ ਵਿਹੁਲੇ
ਸਪੂਲਿਆਂ, ਲੈ ਰਿਹਾ ਹੈ
ਇਸ ਅਸਗਾਹ ਸੋਮੇ ਤੋਂ
ਬਖਸ਼ਸ਼ਾਂ ਦੇ ਭੰਡਾਰੇ।
ਇਸ ਦੇ ਘਰ ਵਗ ਰਹੀ ਹੈ
ਦੁਧ ਘਿਓ ਦੀ ਗੰਗਾ।
ਖੰਡਾਂ ਦੇ ਬੂਰੇ, ਬਦਾਮ
ਤਿਰਭੋਲੇ ਦਾ ਕੜਾਹ ਪ੍ਰਸਾਦਿ
ਮਿਲ ਰਹੇ ਹਨ ਆਪਣਿਆਂ ਤੇ ਪਰਾਇਆਂ ਨੂੰ
ਬਿਨਾ ਵਿਤਕਰਾ।
ਝੋਲੀਆਂ ਭਰ ਭਰ ਲੈ ਜਾ ਰਹੇ ਹਨ
ਸ਼ਾਹ ਤੇ ਅਮੀਰੜੇ
ਇਸਦੇ ਦਰੋਂ ਜੁਗਾਂ ਜੁਗਾਂਤਰਾਂ ਤੋਂ।
ਇਸਦੇ ਨੇਤਰਾਂ ਵਿਚ ਅੰਮ੍ਰਿਤ,
ਜਿਨ੍ਹਾਂ ਤੇ ਉਹ ਤਰੁਠ ਪਏ
ਜਨਮ ਜਨਮਾਂਤਰਾਂ ਦਾ ਕੋਹੜ ਦੂਰ ਕਰ ਦੇਵੇ।
ਕਰੇ ਭਵਜਲੋਂ ਪਾਰ।
ਇਸਦੀ ਰਸਨਾ ਤੇ ਸੁਰਸਤੀ
ਜਿਸਨੇ ਗੁੰਗਿਆਂ ਨੂੰ ਜੀਭਾਂ ਬਖਸ਼ੀਆਂ,
ਮੂੜ੍ਹਾਂ ਨੂੰ ਪੰਡਤਾਈ ਦਿਤੀ।
ਇਸਦੀ ਚਰਨ ਛੁਹ ਪਾਰਸ,
ਜਿਸ ਨੂੰ ਉਹ ਪ੍ਰਾਪਤ ਸੱਤਾਂ ਵਲੈਤਾਂ
ਦੀ ਪਾਤਸ਼ਾਹੀ ਨੂੰ ਲੱਤ ਮਾਰ
ਬਣ ਗਿਆ ਮਸਤਾਨੜਾ।
ਇਸਦੇ ਘੋੜਿਆਂ ਦੀ ਲਿੱਦ ਸੁਟਣ
ਵਿਚ ਅਨੰਦ।
ਇਸਦੇ ਦਰਸ਼ਨਾਂ ਵਿਚ ਮਸੀਹਾਈ।
ਕੋਹੜੀ, ਲੰਙੇ, ਲੂਲੇ, ਪਾਗਲ
ਇਕੋ ਝਲਕ ਨਾਲ ਨਵੇਂ ਨਰੋਏ
ਚਾਤੁਰ।
ਇਹ ਸਾਊ ਭੋਲਾ ਭਾਲਾ
ਗਰੀਬੜਾ ਜਿਹਾ,
ਮਗਰ ਦਿਲ ਦਰਿਆ।
ਮੁਹਾਣਾ ਗਜ਼ਬ ਦਾ।
ਝਖੜ ਝੁੱਲੇ,
ਗੜੇ ਮਾਰ ਹੋਈ,
ਕਾੜ ਕਾੜ ਟਾਹਣ ਟੁਟੇ,
ਇਹ ਬੇਪਰਵਾਹ।
ਅਡੋਲ, ਲਰਜਿਸ਼ ਨਾ ਖਾਧੀ,
ਕਾਂਪ ਨਾ ਆਈ,
ਇਸ ਲੰਗਰ ਨੀਵੇਂ ਨ ਕੀਤੇ,
ਇਹ ਵਧਦਾ ਗਿਆ
ਅਕਾਲ ਦਾ ਆਸਰਾ ਲੈ।


Sri Satguru Jagjit Singh Ji eLibrary NamdhariElibrary@gmail.com

ਇਹ ਸੀ ਹਰੀ ਹਰਿ,*
ਬਾਬੇ ਜੱਸੇ ਦੇ ਜਿਗਰ ਦਾ ਬੇਟਾ,
ਮਾਂ ਸੱਦਾਂ ਦੀ ਅੱਖ ਦਾ ਤਾਰਾ,
ਰਾਮ ਮ੍ਰਿਗੇਸ਼ ਦਾ ਨਿਕਾ ਵੀਰ,
ਜਿਸਦੀ ਜੈ ਹੋ ਰਹੀ ਹੈ
ਅਕਾਸ਼ਾਂ ਪਤਾਲਾਂ ਵਿਚ।

2.

ਉਤਰਿਆ ਗਗਨਾਂ ਵਿਚੋਂ
'ਬੁਧ' ਸਾਰੇ ਕੰਮ ਰਾਸ
ਖੁਸ਼ੀਆਂ ਨਚੀਆਂ ਬਾਬੇ ਦੇ ਵਿਹੜੇ।
ਮੰਗਲਾ ਚਰਨ ਹੋਇਆ
ਲੋਕ ਪ੍ਰਲੋਕ ਵਿਚ ਵਧਾਈਆਂ
ਮਿਲੀਆਂ।
ਪੰਘੂੜੇ ਪਏ ਲੱਤਾਂ ਮਾਰਨ,
ਹੂੰ ਹੂੰ ਕਰਦੇ ਮੁਸਕੜੀਆਂ ਲੈਂਦੇ,
ਲਿਸ਼ਕ ਪੈਂਦੇ ਖੰਡ ਬ੍ਰਹਿਮੰਡ।
ਖਿਚ ਲੈਂਦੇ ਰਾਹ ਜਾਂਦਿਆਂ।
'ਰਾਮ ਧਨੀ' ਆਉਂਦੇ,
ਕਲਾਵੇ ਭਰਦੇ ਜੱਫ਼ੀਆਂ ਪਾਂਦੇ,
ਆਲੇ ਦੁਆਲੇ ਭੁਆਂਟਣੀਆਂ ਲੈਂਦੇ,
ਚੁੰਮਦੇ ਚੱਟਦੇ
ਬੁੱਲ੍ਹਾਂ ਤੇ ਕੂਲੀਆਂ ਕੂਲੀਆਂ ਉਂਗਲੀਆਂ
ਰੱਖ ਕੇ ਹਸਾਉਂਦੇ,
ਬਾਤਾਂ ਪਾਉਂਦੇ ਅਗਲੀਆਂ ਪਿਛਲੀਆਂ।
ਦੋਵੇਂ ਇਕੋ ਜਿਹੇ
ਸੂਰਜ ਚੰਦਰਮਾ ਆਪਨੇ ਵਿਹੜੇ ਦੇ,
ਨਹੀਂ ਨਹੀਂ ਕੁੱਲ ਆਲਮ ਦੇ,
ਆਕਾਸ਼ ਪਤਾਲਾਂ ਦੇ।
ਪਸਰ ਰਿਹਾ ਪ੍ਰਕਾਸ਼
ਦਸਾਂ ਦਿਸ਼ਾਂ, ਚਵਾਂ ਕੂਟਾਂ ਵਿਚ।
ਹੌਲੀ ਹੌਲੀ ਰਿੜ੍ਹੇ,
ਉਠੇ, ਖਲੋਤੇ
ਤੁਰੇ।
ਮਾਂ ਸੱਦਾਂ
ਵਾਰ ਵਾਰ ਪਾਣੀ ਪੀਵੇ,
ਲੁਕਾ ਲੁਕਾ ਰਖੇ,
ਮਤਾਂ ਪੈ ਜਾਏ ਕਿਸੇ ਦੀ
ਨਜ਼ਰ ਟਪਾਰ।
ਹਾਣੀਆਂ ਨਾਲ ਖੇਡਦੇ
ਗੁੱਲੀ ਡੰਡਾ, ਘੜਿਲ ਬੱਚਾ
ਕੌਡੀ, ਸੈਂਚੀ।
ਵੱਡੇ
ਸਦਾ ਨਿਕਿਆਂ ਦਾ ਪੱਖ ਪੂਰਦੇ।
ਕੰਡ ਨ ਲਗਣ ਦੇਂਦੇ
ਨਿਕੜੇ ਵੀਰ ਦੀ।
ਸਦੈਵ ਹਸਦੇ ਹਸਦੇ
ਘਰਾਂ ਨੂੰ ਮੁੜਦੇ।

3.

ਸੂਰਜ ਭਗਵਾਨ
ਧਰਤੀ ਦੀਆਂ ਸੱਤ ਪ੍ਰਕਰਮਾ ਕੀਤੀਆਂ,

ਗੁਰੂ ਹਰੀ ਸਿੰਘ ਜੀ ਦਾ ਅਵਤਾਰ ਬਾਬਾ ਜੱਸਾ ਸਿੰਘ, ਮਾਤਾ ਸਦਾ ਕੌਰ ਦੇ ਘਰ ਸਰਾਧਾਂ ਪਿੱਛੋਂ ਦੇ ਨਰਾਤਿਆਂ ਦੇ ਤੀਜੇ ਨਰਾਤੇ ਬੁਧਵਾਰ, ਸੰਮਤ 1876, ਪਿੰਡ ਭੈਣੀ, ਜ਼ਿਲ੍ਹਾ ਲੁਧਿਆਣਾ ਵਿੱਚ ਹੋਇਆ।


Sri Satguru Jagjit Singh Ji eLibrary NamdhariElibrary@gmail.com

ਬਾਬੇ ਨੇ ਨੂੰਹ ਘਰ ਲੈ ਆਂਦੀ*
ਸੱਦਾ ਤੇਲ ਚੋਏ
ਪਾਣੀ ਵਾਰ ਵਾਰ ਪੀਏ,
ਖਿਚੜੀਆਂ ਰਿੰਨ੍ਹ ਰਿੰਨ੍ਹ ਖੁਆਏ,
ਸ਼੍ਰੀਣੀਆਂ ਵੰਡੇ।
ਬੁਧਵਾਨ
ਕੌੜੀ ਵੇਲ ਵਾਂਗ ਵਧਦਾ ਜਾਵੇ।
ਤਿੱਖਾ ਨੱਕ, ਮੋਟੇ ਨੇਤਰ,
ਲੰਮ ਸਲੰਮਾਂ
ਛਾਤੀ ਭਰਵੀਂ, ਪੱਟ ਗੋਲ,
ਬਾਹੀਂ ਖਰਾਦੀਆਂ,
ਧੰਧਾ ਬਹੁਤਾ,
ਬੋਲਣਾ ਘਾਟ,
ਪਰਲੇ ਦਰਜੇ ਦਾ ਬੀਬਾ,
ਹੱਥ ਦਾ ਸੁੱਚਾ,
ਆਗਿਆਕਾਰੀ,
ਪਿਤਾ ਮਾਤਾ ਤੇ ਵਡੇ ਵੀਰੜੇ ਦਾ,
'ਨੰਨਾ' ਇਸਦੀ ਪੱਟੀ' 'ਚ ਨਹੀਂ ਸੀ।
ਦਿਨ ਹੋਵੇ ਰਾਤ
'ਸਤਿ ਬਚਨ' ਕਹਿ ਟੁਰ ਪੈਣਾ।
ਪੂਰਾ ਬ੍ਰਹਮਚਾਰੀ।
ਵਾਦੜੀਆਂ ਸਜਾਦੜੀਆਂ
ਨਿਭਣ ਸਿਰਾਂ ਦੇ ਨਾਲ।
ਕੱਲ੍ਹ ਦੇ ਗਭਰੂਆਂ ਨੂੰ
ਜਵਾਨੀ ਦੇ ਟਾਹਣਿਆਂ ਨਾਲ
ਵੰਨ ਸੁਵੰਨੀਆਂ
ਲਗਰਾਂ ਫੁਟ ਪੈਣ।
ਅੰਬੜੀ ਵੇਲ ਵੇਹੜ ਲਵੇ
ਰੁਖਾਂ ਬਿਰਛਾਂ ਨੂੰ।
ਹੈਂਕੜ ਧਿੰਝੋਜੋਰੀ,
ਨੌਸਰ ਬਾਜੀ,
ਅੰਦਰੋਂ ਹੀ ਉਗਮ ਪੈਣ।
ਮਗਰ ਇਹ ਗਭਰੇਟ
ਵਧਦਾ ਗਿਆ ਸਿੱਧਾ ਤੀਰ।
ਸੱਜੇ ਖੱਬੇ ਨਹੀਂ ਝਾਕਿਆ।
ਨਹੀਂ ਵਾਸਤਾ
ਕਿਸੇ ਹੋਰ ਗੱਲ ਨਾਲ।
ਢਾਣੀਆਂ 'ਚ ਨਹੀਂ ਬਹਿਣਾ।
ਬੋਲੀਆ ਨਹੀਂ ਪਾਣੀਆਂ।
ਗੱਪਾਂ ਨਹੀਂ ਮਾਰਨੀਆਂ।
ਬਸ ਘਰੋਂ ਖੇਤ,
ਖੇਤੋਂ ਦੁਕਾਨ,
ਹਲ, ਪੰਜਾਲੀ,
ਹਥੌੜੀ, ਸੰਨ੍ਹੀ ਇਸਦੇ ਯਾਰ ਬੇਲੀ।
ਹੱਥ ਦਾ ਸੱਚਾ
ਗੰਦਲ ਨਹੀਂ ਤੋੜਨੀ।
ਗੰਨਾ ਨਹੀਂ ਭੰਨਣਾ,
ਬਗਾਨੀ ਪੈਲੀ ਦਾ।
ਪਸ਼ੂ ਨਹੀਂ ਪੈਣ ਦੇਣੇ
ਬਗਾਨਿਆਂ ਦੇ ਖੇਤ।
ਜਿਸ ਲੀਹੇ ਟੋਰਿਆ
ਬਾਪੂ ਨੇ
ਓਸੇ ਲੀਹੇ ਪੈ ਗਏ।

ਗੁਰੂ ਹਰੀ ਸਿੰਘ ਜੀ ਜਦ ਸੱਤ ਸਾਲ ਦੇ ਹੋਏ ਤਾਂ ਇਨ੍ਹਾਂ ਦਾ ਵਿਆਹ ਬੀਬੀ ਸਾਹਿਬੋ ਪਿੰਡ ਮਾਦਪੁਰ ਵਿਚ ਹੋਇਆ ਸੀ। ਇਨ੍ਹਾਂ ਤੋਂ ਦੋ ਬੀਬੀਆਂ—ਬੀਬੀ ਭਾਗੋ ਅਤੇ ਬੀਬੀ ਮਤਾਬੋ—ਦਾ ਜਨਮ ਹੋਇਆ।


Sri Satguru Jagjit Singh Ji eLibrary NamdhariElibrary@gmail.com

ਵੱਡਾ ਵੀਰ
ਕਈ ਗੇੜ ਲਾ ਆਇਆ
ਲਹੌਰ ਪਿਸ਼ੌਰ।
ਇਹਨਾਂ ਪੈਰ ਨਹੀਂ ਪਾਇਆ
ਬਰੂਹੋਂ ਬਾਹਰ।
ਮਗਰ
ਪਿਆਰ ਅਥਾਹ
ਰਾਮ ਤੇ ਲਛਮਣ।
ਕ੍ਰਿਸ਼ਨ ਬਲਰਾਮ।
ਭੈਣੀ ਤੋਂ ਰਾਈਆਂ
ਰਾਈਆਂ ਤੋਂ ਭੈਣੀ
ਪੂਰੇ ਕਿਰਤੀ।
ਗੱਡਾ, ਭਾੜਾ, ਵਾਹੀ ਭਿਆਲੀ,
ਦਸਾ ਨਵ੍ਹਾਂ ਦੀ ਕਿਰਤ।
ਹੱਥ ਕਾਰ ਵੱਲ
ਚਿੱਤ ਯਾਰ ਵੱਲ
ਬਿਗਾਨੀ ਅੰਸ਼
ਗਊ ਸੂਰ!

4.

ਸਤਿਗੁਰੂ ਰਾਮ ਸਿੰਘ ਜੀ
ਮੁਦਕੀਓਂ ਮੁੜ
ਠਰ੍ਹੰਮੇ ਨਾਲ ਬਾਨ੍ਹਣੂ ਬੰਨ੍ਹਿਆ
ਡਿਗਿਆ ਢਠਿਆਂ,
ਲਿੱਸਿਆਂ ਮਾੜਿਆਂ,
ਗਊਆਂ ਤੇ ਗਰੀਬਾਂ ਨੂੰ ਉਚਿਆਣ ਦਾ।
ਸਦੀਆਂ ਦੇ ਸੰਗਲ ਤੋੜਨ ਦਾ।
ਪਿੰਜਰਿਆਂ ਨੂੰ ਖੋਲ੍ਹਣ ਦਾ।



ਕਿਲ੍ਹਿਆਂ ਨੂੰ ਮਘੋਰੇ ਕਰਨ ਦਾ।
ਤੋਪਾਂ ਬੰਦੂਕਾਂ ਨੂੰ ਖਾਰੀ ਸੁਟਾਉਣ ਦਾ।
ਤਾਂਤਾ ਬਝ ਗਿਆ ਭੈਣੀ ਨੂੰ
ਰਾਜਿਆਂ ਸਰਦਾਰਾਂ ਦਾ।
ਨਵਾਬਾਂ ਦੇ ਖਾਨਾਂ ਦਾ।
ਰਾਜਦੂਤਾਂ ਤੇ ਏਲਚੀਆਂ ਦਾ।
ਭੰਡਾਰੇ ਸ਼ੁਰੂ ਹੋ ਗਏ,
ਸ਼ਬਦਾਂ ਦੇ ਨਾਦ ਉਠਣ ਲਗ ਪਏ।
ਢੋਲਕ ਛੈਣੇ, ਮੇਲੇ ਗੇਲੇ।
ਕਈ ਵਾਰ ਪੁਲਿਸ ਵੱਲੋਂ
ਦਗੜ ਦਗੜ ਹੋਈ।
ਕਮਿਸ਼ਨਰ ਤੇ ਡਿਪਟੀ,
ਕਪਤਾਨ ਤੇ ਇਨਸਪੈਕਟਰ,
ਕਈਆਂ ਗੇੜੇ ਲਾਏ।
ਨਜਰਬੰਦੀਆਂ ਤੇ ਅਰਜੀਆਂ
ਅੰਮ੍ਰਿਤਸਰ ਤੇ ਰਾਏ ਕੋਟ
ਬੁੱਚੜ ਨਰਕੀਂ ਪਹੁੰਚਾਏ।
ਸ਼ਹੀਦੀਆਂ ਪਾਈਆਂ।
ਗੋਰੀ ਸਰਕਾਰ ਕੰਬ ਉਠੀ।
ਲੰਡਨ ਦੀਆਂ ਗਲੀਆਂ ਵਿਚ
ਕੁਰਲਾਹਟ ਮਚ ਗਿਆ।
ਪਰ
ਇਹ ਗਭਰੂ ਮਸਤ ਅਲਮਸਤ।
ਹਾਥੀ ਦੀ ਚਾਲ।
ਅੰਮ੍ਰਿਤ ਵੇਲੇ ਜਾਗਣਾ
ਇਸ਼ਨਾਨ ਕਰ ਬਾਣੀ ਪੜ੍ਹਨੀ।
ਗੱਡਾ ਜੋੜਨਾ,
ਹਲ ਵਾਹੁਣਾ,


Sri Satguru Jagjit Singh Ji eLibrary NamdhariElibrary@gmail.com

ਤੱਤਾ ਤੱਤਾ, ਹਟ ਹਟ ਪੈਰ ਤੇ।
ਮੋਟੇ ਠੁਲ੍ਹੇ ਖੱਦਰ ਦਾ ਕੁਰਤਾ,
ਖਰ੍ਹਵਾ ਪਰਨਾ,
ਰੁੱਖੀ ਮਿੱਸੀ ਪ੍ਰਸ਼ਾਦੀ,
ਘੜੇ ਦਾ ਠੰਢਾ ਪਾਣੀ,
ਨਾ ਬਿਗਾਨੀ ਚੋਪੜੀ ਵੇਖਣੀ,
ਨ ਜੀਆ ਤਰਸਾਉਣਾ।
ਇਕੱਲਿਆਂ ਈਂ ਕਰ ਲੈਣਾ,
ਪੰਜ ਜਣਿਆਂ ਦਾ ਕੰਮ।
ਅਥਾਹ ਆਤਮਿਕ ਬਲ।
ਪੂਰ ਸਕੇ ਖੂਹਣੀਆਂ
ਅੱਖ ਦੇ ਪਲਕਾਰੇ।
ਢਠਵਾੜਿਆਂ ਨੂੰ ਪਲਕਾਰੇ
ਲਹਿ ਲਹਿ ਕਰਦੀਆਂ ਗੁਲਜ਼ਾਰੀਂ।

5.

ਹਰਿਦੁਆਰ !
ਗੰਗਾ ਦਾ ਕਿਨਾਰਾ,
ਕੁੰਭ ਦਾ ਮੇਲਾ,
ਦੇਸ਼ ਦੇਸ਼ਾਂਤਰਾਂ ਤੋਂ ਸਾਧ ਮੰਡਲੀਆਂ।
ਅਵਧੂਤ, ਨਾਂਗੇ, ਮਾਂ ਜਾਏ ਨਾਂਗੇ,
ਲੰਮੀਆਂ ਜਟਾਂ ਵਾਲੇ।
ਇਧਰੋਂ ਸੂਰਜਾਂ ਦੇ ਸੂਰਜ
ਸਤਿਗੁਰੂ ਰਾਮ ਸਿੰਘ ਜੀ ਮਹਾਰਾਜ,
ਸੂਬੇ, ਸਾਧੂ, ਪਿਤਾ, ਮਾਤਾ
ਭਗਤਾਂ ਸਮੇਤ,
ਤੁਰ ਪਏ,
ਸਿੱਧੇ ਕਰਦੇ



ਵਿੰਗੇ ਟੇਢਿਆਂ ਨੂੰ।
ਰਾਹ ਵਿਚ
ਬੁੱਢੜੀ ਠੇਹੜੀ,
ਕੁੱਬੀ,
ਬੁਕ ਬੁਕ ਲੀਰਾਂ,
ਮੋਟੀਆਂ ਅੱਖਾਂ ਮੁਹਤ ਕਰਨ ਵਾਲੀਆਂ
ਜਾਂਦਿਆਂ ਨੂੰ,
ਜੋਤ ਤੋਂ ਖ਼ਾਲੀ।
ਜਵਾਨੀ ਗਵਾਚੀ ਮੁਦਤਾਂ ਤੋਂ।
ਲਭਦੀ ਲਭਦੀ ਕਮਲੀ
ਹੋਈ ਫਿਰਦੀ।
ਨਿਖਸਮੀ।
ਸਿਰ ਕੰਬੇ।
ਲੱਤਾ ਕੰਬਣ ਬਿਨਾਂ ਪਾਲਿਉਂ।
ਮਾਸ ਢਿਲਕਿਆ,
ਹੋਠਾਂ ਤੇ ਸਿੱਕਰੀ,
ਵਾਲ ਬੇਰੰਗ,
ਗਰੀਬਣੀ ਦੀ ਡੰਗੋਰੀ
ਵੀ ਥਿੜਕ ਥਿੜਕ ਜਾਵੇ
ਜਿਵੇਂ ਡਿਗਿਆਂ ਦੇ ਸਭ
ਸਹਾਰੇ ਥਿੜਕ ਥਿੜਕ ਪੈਣ
ਮਿਲੀ।
ਮੌਜੀ ਠਾਕੁਰ
ਬਚਨ ਕੀਤਾ
''ਔਹ ਹੈ ਜਮਨਾ,
ਔਹ ਹੈ ਗੰਗਾ ਮਾਈ,
ਔਹ ਹੈ ਸੁਰਸਤੀ,
ਪਾਓ ਓਸੇ ਦੀ ਝੋਲੀ



Sri Satguru Jagjit Singh Ji eLibrary NamdhariElibrary@gmail.com

ਜੋ ਸਰੇ ਬਣੇ।
ਗਰੀਬ ਦਾ ਮੂੰਹ
ਰੱਬ ਦਾ ਮੂੰਹ
ਗਰੀਬ ਦਾ ਸਹਾਰਾ
ਰੱਬ ਦਾ ਸਹਾਰਾ।"
ਭਰ ਦਿੱਤਾ ਕਚ-ਕੌਲ,
ਅੱਖ ਦੇ ਫੋਰ
ਗੁਰੂ ਕੀਆਂ ਫ਼ੌਜਾਂ।
ਪੁੱਜ ਗਏ ਹਰਿਦੁਆਰ।
ਅਨੇਕ ਕੌਤਕ ਕੀਤੇ।
ਲਾ ਦਿੱਤੀ ਭਾਰੀ ਗੇਲੀ ਨੂੰ ਅੱਗ।
"ਚੱਕੋ ਭਾਈ ਸਾਰੇ,
ਵਗਾਹ ਮਾਰੀਏ ਗੰਗੋਤਰੀ
ਜਾਈ 'ਚ।"
ਜੁੱਟ ਗਏ ਨੱਢੇ, ਬੁੱਢੇ
ਜਵਾਨ, ਅਧਖੜ।
ਅਡੋਲ ਟਿਕੀ ਰਹੀ ਗੇਲੀ
ਜਿਵੇਂ ਟਿਕਿਆ ਹੁੰਦਾ ਹੈ
ਰੁੱਖੜਾ ਮਾਂ-ਧਰਤਿ ਨਾਲ।
ਹਫ਼ ਗਈ ਸੰਗਤ।
"ਹੋ ਜਾਓ ਇਕ ਪਾਸੇ।
ਆ ਭਰਾਵਾ ਬੁੱਧ ਸਿੰਘਾ!
ਮੇਰਾ ਤੇਰਾ ਜੋੜ ਜੁੱਗਾਂ ਜੁਗੰਤਰਾਂ ਤੋਂ।"
*ਚੁੱਕੀ ਨਹੀਂ ਜਾਣੀ ਇਹ ਗੇਲੀ।

ਸੰਮਤ 1918ਬਿ: ਨੂੰ ਸਤਿਗੁਰੂ ਰਾਮ ਸਿੰਘ ਜੀ ਹਰਦੁਆਰ ਗਏ। ਬੜੇ ਕੌਤਕ ਕੀਤੇ। ਇਕ ਦਿਨ ਇਕ ਗੇਲੀ ਨੂੰ ਅੱਗ ਲਾ ਦਿਤੀ। ਸਤਿਗੁਰਾਂ ਸੰਗਤ ਨੂੰ ਹੁਕਮ ਕੀਤਾ ਇਕ ਪਾਸੇ ਲੱਗੋ। ਸਾਰੀ ਸੰਗਤ ਲੱਗੀ। ਸਤਿਗੁਰਾਂ ਚੁੱਕ ਲਈ ਮਗਰ ਸੰਗਤਾਂ ਪਾਸੋਂ ਨ ਚੁੱਕੀ ਗਈ। ਮੁੜ ਸ੍ਰੀ ਬੁੱਧ ਸਿੰਘ ਨੂੰ ਹੁਕਮ ਹੋਇਆ। ਉਹ ਆ ਲਗੇ। ਦੋਹਾਂ ਭਰਾਵਾਂ ਨੇ ਗੇਲੀ ਚੁੱਕ ਵਗਾਹ ਮਾਰੀ ਤੇ ਇਸ਼ਾਰੇ ਨਾਲ ਸਮਝਾਇਆ, "ਇਹ ਕੰਮ ਸਾਰਾ ਤੇਰਾ ਤੇ ਮੇਰੇ ਕਰਨ ਦਾ ਹੀ ਹੈ।"



ਗੱਡਾ ਨਹੀਂ ਰਿੜ੍ਹਨਾ ਬਿਨਾਂ ਤੇਰੇ
ਕਰ ਕਮਰ ਕੱਸਾ,
ਆ ਅੱਗੇ।"
ਪਲ ਕੁ ਵਿਚ ਜਾ ਖਲੋਤਾ,
ਬੁਧਵਾਨ।
ਸੇਵਾ ਦਾ ਪੁਤਲਾ।
ਅੱਖ ਨਹੀਂ ਝਮਕਣ ਦਿੱਤੀ
ਔਹ ਜਾ ਪਈ ਗੇਲੀ
ਖਿੱਲੀ ਮਚਾਂਦੀਆਂ ਲਹਿਰਾਂ
ਜਿਵੇਂ ਉੱਡਦਾ ਹੈ ਸੁੱਕਾ ਪੱਤਾ।

## 6.

ਢੇਰ ਚਿਰ ਪਿਛੋਂ,
ਆ ਰਿਹਾ ਸੀ ਨਿੱਕਾ ਵੀਰ
ਹਲ ਚਾਈ।
ਫੂਕ ਫੂਕ ਪੈ ਧਰੇ।
ਪਰ ਇਹ ਥਾਂ ਕਰਮਾਂ ਵਾਲੀ
ਅਜੇਹੀ, ਜਿੱਥੇ ਪੈਰ ਧਰਨਾਂ
ਪਾ ਰਿਹਾ ਸੀ ਪੂਰਨੇ
ਸੰਸਾਰੀਆਂ ਵਾਸਤੇ।
ਮੌਜ ਵਿਚ ਆ ਗਏ
ਮੌਜੀ ਠਾਕੁਰ
*"ਬੱਸ ਰੱਖ ਦਿਓ ਹਲ!

ਗੁਰੂ ਹਰੀ ਸਿੰਘ ਕਿਰਤ ਕਰਿਆ ਕਰਦੇ ਸਨ। ਲੰਗਰ ਵਿਚ ਉਗਰਾਹੀ ਪਾਇਆ ਕਰਦੇ ਸਨ। 1928ਬਿ. ਵਿਚ ਇਕ ਦਿਨ ਜਦ ਉਹ ਹਲ ਚੁੱਕੀ ਆ ਰਹੇ ਸਨ ਤਾਂ ਸਤਿਗੁਰਾਂ ਬਚਨ ਕੀਤਾ "ਭਾਈ! ਹਲ ਰੱਖ ਕੇ, ਪ੍ਰਸ਼ਾਦਾ ਲੰਗਰੋਂ ਛਕਿਆ ਕਰ।" ਸਤਿਬਚਨ ਕਹਿ ਹਲ ਰੱਖ ਦਿੱਤਾ।



Sri Satguru Jagjit Singh Ji eLibrary NamdhariElibrary@gmail.com

ਹੁਣ ਨਹੀਂ ਲੋੜ,
ਭਜਨ ਕਰਿਆ ਕਰੋ।
ਬਹੁਤ ਵਾਹ ਲਈ ਏ
ਹੁਣ ਨਹੀਂ ਮੁੱਕਦੀ,
ਭਾਵੇਂ ਖਾਣ ਖੂਹਣੀਆਂ ਅਸੰਖ
ਦੋ ਹਜ਼ਾਰ ਦਸ ਹਜ਼ਾਰ,
ਜੁਗਾਂ ਜੁਗੰਤਰਾਂ ਤੀਕ।"
ਓਥੇ ਹੀ ਰੱਖ ਦਿੱਤਾ
ਫੇਰ ਨਹੀਂ ਹੱਥ ਲਾਇਆ।
ਸਮਾਂ ਲੰਘ ਗਿਆ
ਵਾ-ਬੁੱਲੇ ਨਿਆਈਂ।
ਪਰ
ਅਜੇ ਢੋਲ ਵੱਜੇ ਨਹੀਂ ਸਨ,
ਛਿੰਝ ਦੀ ਤਿਆਰੀ ਸੀ।
'ਮੌਜੀ' ਨੇ ਬੁਲਾਇਆ
ਲਘੂ ਵੀਰੜੇ ਨੂੰ।
ਇਸ਼ਨਾਨ ਪਾਨ ਕਰਵਾ,
ਸੁੰਦਰ ਬਸਤਰ ਪੁਆ
*ਬਰਾਬਰ ਤੇ ਲਿਆ ਬਿਠਾਇਆ।
ਬੁਲਾ ਲਿਆ ਸੂਬਿਆਂ,
ਜਥੇਦਾਰਾਂ ਤੇ ਕਾਰ ਮੁਖਤਾਰਾਂ ਨੂੰ।
ਵਿਅੰਗਮਈ ਢੰਗ ਨਾਲ ਪੁੱਛਿਆ
"ਹੈ ਕੋਈ ਅੰਤਰ

ਸਤਿਗੁਰੂ ਰਾਮ ਸਿੰਘ ਜੀ ਨੇ ਗੁਰੂ ਹਰੀ ਸਿੰਘ ਜੀ ਨੂੰ ਸੁੰਦਰ ਕੱਪੜੇ ਪਵਾ ਕੇ ਆਪਣੇ ਬਰਾਬਰ ਬਿਠਾ ਕੇ ਸੂਬਿਆਂ ਨੂੰ ਪੁੱਛਿਆ ਕਿ ਵੇਖੋ ਕੋਈ ਫਰਕ ਹੈ—

ਦੋਨੌ ਭਈਆ ਏਕ ਸਰੂਪ ਕਰ ਭਾਸੇ,
ਸਤਿਗੁਰ ਆਪ ਮੁੱਖੋਂ ਪ੍ਰਕਾਸ਼ੇ।



ਮੇਰੇ ਤੇ ਇਸ ਵਿਚ?"
ਮੋਹੇ ਜਾ ਰਹੇ ਸਨ ਤਕ ਤਕ।
ਦੋਹਾਂ ਦੇ ਮੁਖੜਿਆਂ ਤੇ
ਅਜਬ ਜਲਾਲ ਸੀ।
ਦਗ ਦਗ ਕਰ ਰਹੇ ਸਨ
ਅਗਮੀ ਚਿਹਰੇ।
ਇਕੋ ਜੋਤ ਦੋਇ ਮੂਰਤੀਆਂ
ਸਭਸ ਸੀਸ ਨੁਆਏ
ਇਸ ਰਾਜ਼ ਨੂੰ ਸਮਝਿਆ
ਕਿਸੇ ਵਿਰਲੇ।
ਕੇਵਲ ਇਤਨਾ ਆਖਿਆ
"ਧੰਨ ਤੂੰ ਧੰਨ ਤੇਰਾ ਵੀਰੜਾ।"


Sri Satguru Jagjit Singh Ji eLibrary NamdhariElibrary@gmail.com

## 2.
## ਝੱਖੜ ਝੁੱਲਿਆ

ਬੇਅੰਤ ਦੀ ਅਧਿਭੁਤ ਲੀਲ੍ਹਾ।
ਵੀਰਾਨੇ ਗੁਲਜ਼ਾਰਾਂ,
ਗੁਲਜ਼ਾਰਾਂ ਢਠਵਾੜੇ,
ਬਦਲਦੇ ਰਹਿਣ ਨਿੱਤ ਦਿਹਾੜੇ।
ਨਵੀਆਂ ਧਰਤੀਆਂ ਉਘੜਨ,
ਪੁਰਾਣੀਆਂ ਮਿਟਣ।
ਪੰਜ ਪਾਣੀਆਂ ਦੀ ਧਰਤੀ ਤੇ
ਮਸਤਾਨਿਆਂ ਹਵਨ ਕੁੰਡ
ਤਿਆਰ ਕੀਤੇ ਮਲੇਰੀਆਂ
ਦੇ ਕੋਟ।
ਦਾਸਤਾ ਦੇ ਸੰਗਲ ਗਾਲਣ,
ਜਬਰ ਜ਼ੁਲਮ ਅਨਿਆਈਂ
ਫੂਕਣ ਖਾਤਰ,
ਪਾ ਪਾ ਹੱਡੀਆਂ ਦਾ ਬਾਲਣ,
ਚਰਬੀ ਅਤੇ ਆਂਦਰਾਂ
ਦੀ ਸਮੱਗਰੀ।
ਹੀਰਾ, ਹੀਰਾ ਬਣ ਚਮਕਿਆ,
ਵਰਿਆਮ, ਵਰਿਆਮਤਾ ਵਿਖਾਈ
ਬਿਸ਼ਨ ਨੇ ਸ਼ੈਤਾਨ ਨੂੰ ਦਾੜ੍ਹੀਓਂ
ਫੜ ਝੰਜੋੜਿਆ।
ਬਿੱਲਿਆਂ ਨ ਤੋਲੀ ਤੱਕੜੀ,
ਨ ਵੇਖੀ ਕਾਣੀ ਡੰਡੀ,
ਆਪਣੇ ਕਾਨੂੰਨ ਨੂੰ ਲੂੰਬੇ ਲਾ ਲਾ



ਫੂਕਿਆ ਮਲੇਰੀਆਂ ਦੇ ਰਕੜ 'ਚ।
ਮਾਲੀ ਨੂੰ ਜਾ ਹੱਥ ਪਾਏ।
ਕੁਰਲਾਹਟ ਮਚ ਗਈ
ਭੈਣੀ ਦੀਆਂ ਗਲੀਆਂ ਅੰਦਰ।
ਮਸਤਾਨੇ ਬਣ ਗਏ ਲੋਟਣ ਕਬੂਤਰ।
ਮਾਈਆਂ ਕਮਲੀਆਂ
ਵਾਲ ਖੋਹਣ।
ਦੋ ਹੱਥੜੀ ਪਿੱਟਣ।
ਭਾਈ ਸ਼ੁਦਾਈ
ਕੂਕਣ ਡੁਸਕੇ ਲੈਣ।
ਬੁਧ ਸਿੰਘ ਬੇਸੁਧ, ਮੂਰਛਾ।
ਹਾੜੇ ਘਤੇ ਵੀਰੜੇ ਨੂੰ,
''ਮੈਂ ਜਾਂਦਾ ਹਾਂ ਤੇਰੇ ਥਾਂ,
ਮੈਂ ਲਵਾਂਦਾ ਹਾਂ ਬੇੜੀਆਂ
ਸੰਗਤਾਂ ਦਿਆ ਵਾਲੀਆ
ਨ ਜਾਹ! ਨ ਜਾਹ!!"

''ਧਰਮ ਨਹੀਂ ਟੁਰਦਾ ਮੇਰੇ ਗਇਆਂ ਬਿਨਾਂ
ਗਊ ਤੇ ਗਰੀਬ ਦੇ ਗਲਿਓਂ
ਛੁਰੀ ਨਹੀਂ ਲਹਿੰਦੀ।
ਧੀਰਜ ਰੱਖੋ
ਆਵਾਂਗਾ ਇਸੇ ਹੀ ਮੜ੍ਹੋ।
ਅੱਗ ਵਿਚ ਮੈਂ ਸੜਦਾ ਨਹੀਂ।
ਪਾਣੀ ਵਿਚ ਡੁੱਬਦਾ ਨਹੀਂ।
ਪੌਣ ਮੇਰੇ ਵਸ।
ਪ੍ਰਤੀਤ ਨ ਕਰਨੀ
ਭਾਵੇਂ ਕਹੇ ਕੋਈ
ਹੱਥੀਂ ਲੰਬੂ ਲਾ ਕੇ ਆਇਆ ਹਾਂ।"


Sri Satguru Jagjit Singh Ji eLibrary NamdhariElibrary@gmail.com

ਭੁੱਬਾਂ ਨਿਕਲ ਗਈਆਂ
ਪਿਓ ਪੁੱਤ ਤੇ ਸਨੇਹੀਆਂ ਦੀਆਂ।
ਬੈਲ ਗਊਆਂ ਤਬੇਲੇ ਅੜਾਉਣ ਲਗੇ।
ਮੋਰਾਂ ਅਕਾਸ਼ ਸਿਰ ਤੇ ਚੁੱਕ ਲਿਆ।
ਡੁੱਲ੍ਹ ਪਈਆਂ ਅੱਖੀਆਂ
ਆਪਣਿਆਂ ਤੇ ਬਿਗਾਨਿਆਂ ਦੀਆਂ।
ਤ੍ਰਪ ਤ੍ਰਪ ਰੁੱਖ ਅੱਥਰੂ ਕੇਰਨ ਲੱਗ ਪਏ।

ਪੂਛਲਾਂ ਚੁੱਕ ਲਈਆਂ ਬਲਦਾਂ।
ਰਿੜ੍ਹ ਪਿਆ ਗੱਡਾ।
ਧੂੜਾਂ ਉੱਡ ਪਈਆਂ।
ਦਿਲਾਂ ਦਾ ਸਹਾਰਾ,
ਅੱਖਾਂ ਦਾ ਤਾਰਾ,
ਹੋ ਗਿਆ ਅੱਖ ਤੋਂ ਓਹਲੇ
ਕਾਲੀ ਜਿਹੀ ਕਮਲੀ ਦਾ
ਝੁੰਬਲ ਮਾਰ ਕੇ।
ਜਾ ਬੈਠਾ ਪ੍ਰਾਗ ਰਾਜ।
ਕਰ ਦਿੱਤਾ ਗਿਆ ਨਜ਼ਰਬੰਦ।

ਇਧਰ ਘਰਾਂ ਨੂੰ ਜੰਦਰੇ।
ਪਹਿਰੇ ਬਹਿ ਗਏ ਬੂਹਿਆਂ ਤੇ।
ਬੇਲੀ ਤੇ ਬੇਲੀ ਦਿਆਂ ਬੇਲੀਆਂ
ਅੱਤ ਚਾ ਲਈ।
ਬੰਦੂਕਾਂ ਤੇ ਸੰਗੀਨਾਂ ਤਾਣੀ ਫਿਰਨ।
ਛਾਣ ਸੁਟੀ ਮਿੱਟੀ ਚੱਪਾ ਚੱਪਾ।
ਪਰ ਖਾਲਮ ਖਾਲੀ।
ਕੋਈ ਨ ਤੋਪ ਨ ਮਸ਼ੀਨ।



ਦੁਸ਼ਮਨ ਨੂੰ ਮੌਕਾ ਮਿਲਿਆ।
ਲਗੇ ਕਸਰਾਂ ਕੱਢਣ।
ਇੱਲਾਂ ਕਾਵਾਂ ਝੁਰਮਟ ਪਾਇਆ
ਗੁਰੂ ਕੀ ਨਗਰੀ ਦੁਆਲੇ।
ਦਗੜ ਦਗੜ ਆ ਉਤਰੇ ਗੋਰੇ,
ਗੋਰਿਆਂ ਦੇ ਬੂਟ-ਚੱਟੂ ਪੀਲੇ।
ਜਿਹੜਾ ਆਵੇ ਖੌਰੂ ਪਾਵੇ,
ਬੜ੍ਹਕਾਂ ਮਾਰੇ।
ਚੁਕਾ ਦਿੱਤੀਆਂ ਬੁਚਕੀਆਂ ਸਿਰਾਂ ਤੇ
ਇਹਦੇ ਆਸਰੇ ਪਲਣ ਵਾਲਿਆਂ ਦੀਆਂ।
ਬਾਬਾ ਜੱਸਾ ਬਿਤਰ ਬਿਤਰ ਵੇਖੇ
ਰੰਗ ਕਰਤਾਰ ਦੇ।

ਸੁੰਞੀ ਪਈ ਬ੍ਰਿਜ ਸਾਰੀ।
ਓਧਰ ਜ਼ਿਲੇ ਦੇ ਗੋਰੇ ਪੁੱਛ ਭੇਜਿਆ
ਪ੍ਰਾਗ-ਰਾਜ ਦੇ ਕਿਲ੍ਹੇ 'ਚੋਂ
ਜਿੱਥੇ ਛਲਾਂ ਮਾਰਨ
ਗੰਗਾ, ਜਮਨਾ ਤੇ, ਸੁਰਸਤੀ
ਤੇ ਬੈਠਾ ਸੀ
ਅਜ਼ਾਦੀ ਅਮਨ ਤੇ ਧਰਮ ਦਾ
ਅਲਮਬਰਦਾਰ।
ਪੂਰੇ ਸਤਿਗੁਰੂ ਨੇ
ਸਦ ਲਏ ਸੂਬੇ।
ਇੱਕ ਜਬਾਨ ਹੋ ਬੋਲੇ,
''ਬੁਧ ਸਿੰਘ ਕਰੂ ਕੰਮ ਸੁਧ।''
ਬਸ ਇਸੇ ਫੈਸਲੇ ਅਨੁਸਾਰ
ਚਾਬੀਆਂ ਮਿਲੀਆਂ ਉਸ ਵਾਹਣ ਦੀਆਂ
ਜਿਸ ਨੂੰ ਥਪੇੜੇ ਵਜ ਰਹੇ ਸਨ ਚੁਫੇਰਿਓਂ।


Sri Satguru Jagjit Singh Ji eLibrary NamdhariElibrary@gmail.com

ਲੀਰ ਲੀਰ ਹੋ ਰਿਹਾ ਸੀ ਬਾਦਬਾਨ।
ਪਾਸ਼ ਪਾਸ਼ ਜਹਾਜ਼।
"ਮਰਦਾਂ ਅਤੇ ਘੋੜਿਆਂ
ਪੈਣ ਕੰਮ ਅਵਲੇ।"
ਬੁਧ ਸਿੰਘ ਆਸਰਾ ਲੈ
ਸੱਚੀ ਸਰਕਾਰ ਦਾ
ਠਿੱਲ੍ਹ ਪਿਆ।
ਜਾ ਹਥ ਪਾਏ ਚੱਪੂਆਂ ਤੇ
ਭੰਵਰੀਂ ਫਸੇ ਬੇੜੇ ਨੂੰ
ਪਾਰ ਲਗਾਉਣ ਹਿਤ।



3.

## ਪਾਰ ਸਾਗਰੋਂ ਮਾਲੀ ਬਾਗਾਂ ਦੇ

ਜ਼ੁਲਮ ਦੀਆਂ ਕਾਂਗਾ ਚੜ੍ਹ ਆਈਆਂ।
ਢਾਹ ਦਿਤੇ ਬੰਨੇ ਚੰਨੇ।
ਬਰਬਾਦ ਕਰ ਦਿੱਤਾ
ਲਹਿ ਲਹਿ ਕਰਦਾ ਬਾਗ਼।
ਜਬਰ ਦਾ ਤੂਫਾਨ ਉਠ ਖਲੋਤਾ।
ਥਾੜ ਥਾੜ ਰੁੱਖ ਡਿਗੇ
ਰੁੰਡ ਰੁੰਡ ਹੋ ਗਏ ਟਹਿ ਟਹਿ ਕਰਦੇ
ਬੋਹੜ ਪਿਪਲ ਟਾਹਲੀਆਂ।
ਧਕੇ ਦੀਆਂ ਕਾਲੀਆਂ ਘਟਾਵਾਂ
ਘੇਰ ਲਿਆ ਕੂਕਿਆਂ ਦੇ ਅਕਾਸ਼ ਨੂੰ।
ਤਾਬੜ ਤੋੜ ਗੜਾ-ਗੋਲਾ ਵਸਿਆ।

ਮਿੱਧ ਸੁੱਟਿਆ ਗੁਲਾਬ
ਤੇ ਚੰਬੇ ਦੀਆਂ ਕਲੀਆਂ ਨੂੰ।
ਵਿੰਨ੍ਹਿਆਂ ਪੱਤਾ ਪੱਤਾ।
ਪੱਛੇ ਗਏ ਟਹਿਣੇ।
ਕੋਈ ਟੁਟਾ ਕੋਈ ਲਟਕਦਾ।
ਗੋਰੀ ਸਰਕਾਰ ਤੁੱਲ ਗਈ
ਕੂਕਿਆਂ ਦਾ ਖੁਰਾ ਖੋਜ
ਮਿਟਾਉਣ ਹਿਤ।
ਕੂਕਾ ਲਹਿਰ ਗ਼ੈਰ-ਕਾਨੂੰਨੀ।
ਕੂਕਾ ਹੋਣਾ ਵੱਡਾ ਗੁਨਾਹ।
ਆਪਣੇ-ਬਿਗਾਨੇ ਲਹੂ ਤਿਹਾਏ।



Sri Satguru Jagjit Singh Ji eLibrary NamdhariElibrary@gmail.com

ਜਮਨਾ ਤੋਂ ਪਿਸ਼ੌਰ,
ਸ੍ਰੀ ਨਗਰ ਤੋਂ ਫਕੀਰਾਂ ਦੀ ਧਰਤੀ,
ਝੋਲੀ ਚੁੱਕਾਂ, ਦੇਸ਼ ਧਰੋਹੀਆਂ,
ਦੁਮ ਛੱਲਿਆਂ,
ਚੁਕ ਲਈਆਂ ਪੂਛਲਾਂ।
ਲਗੇ ਖੋਰੂ ਪਾਉਣ
ਸੱਚੀਆਂ ਝੂਠੀਆਂ ਤੁਹਮਤਾਂ ਘੜ ਘੜ।
ਵੈਰ ਲੈਣ ਪਿਛਲੀਆਂ ਪੀੜ੍ਹੀਆਂ ਦੇ।
ਰਈਸ, ਸਰਦਾਰ, ਜਗੀਰਦਾਰ,
ਪੰਡਤ, ਮੌਲਵੀ, ਗਰੰਥੀ।
ਹਥ ਠੋਕਾ ਬਣ,
ਮਗਰ ਪੈ ਗਏ
ਇਹਨਾਂ ਕੌਮੀ ਪਰਵਾਨਿਆਂ ਦੇ:
''ਇਹ ਸਿੱਖ ਨਹੀਂ।
ਇਹ ਕਲਾਮ ਪੜ੍ਹਦੇ।
ਇਹ ਬਾਗ਼ੀ।
ਘਾਣ ਬਚਾ ਘਾਣ ਪਿੜਾਓ ਇਹਨਾਂ
ਦੇਸ਼ ਭਗਤ ਗਊ ਗ਼ਰੀਬ ਦੇ
ਰਖਿਅਕਾਂ ਦਾ, ਸਮੂਹ ਦੇ
ਭਲਾ ਲੋਚਕਾਂ ਦਾ।"

ਕਲਜੁਗੀ ਸੈਨਾਵਾਂ
ਲੈਸ ਹੋ ਖਲੋਤੀਆਂ
ਕਿੱਲਾਂ ਕਾਂਟਿਆਂ ਨਾਲ।
ਕਾਲੀ ਬੋਲੀ ਰਾਤ ਪਸਰ ਗਈ।
ਸੱਚ ਦੀਆਂ ਕਿਰਨਾਂ ਨੂੰ ਘੇਰਿਆ।
ਇਕੱਠੇ ਬਹਿ ਸਕਦੇ ਨਹੀਂ
ਨਹੀਂ ਪੜ੍ਹ ਸਕਦੇ ਸ਼ਬਦ।



ਕੂਕਿਆਂ ਦੇ ਘਰ ਠੀਕ
ਕੂਕਿਆਂ ਦੀਆਂ ਜੇਲ੍ਹਾਂ।
ਰਾਤੀਂ ਉਠਾ ਉਠਾ ਪੁਛਣਾ
ਜਿਵੇਂ ਪੁਛ ਪੜਤਾਲ ਹੁੰਦੀ ਹੈ
ਦਸ ਨੰਬਰੀਆਂ ਤੇ ਬਦਮਾਸ਼ਾਂ ਦੀ।
ਹੈ ਘਰ ਕੂਕਾ?
ਜੇ ਹੁੰਗਾਰਾ ਨ ਆਵੇ
ਦਗੜ-ਦਗੜ ਕੋਠੀਂ ਚੜ੍ਹ ਜਾਣ
ਘੇਰ ਲੈਣ ਇਕਦਮ ਆਲਾ ਦੁਆਲਾ।
ਸੰਗੀਨਾਂ ਕਿਰਚਾਂ ਦੀਆਂ ਠੋਕਰਾਂ
ਬੇਦੋਸ਼ਿਆਂ ਬੇ ਗੁਨਾਹਾਂ
ਰਬ ਦੇ ਪਿਆਰਿਆਂ ਨੂੰ।
''ਹਾਜਰੀ ਭਰਿਆ ਕਰੋ
ਰਾਤੀਂ ਸਵੇਰੀਂ ਥਾਣੀਂ; ਕੋਤਵਾਲੀਂ।"
ਜਿਸ ਪਿੰਡੋਂ ਕੂਕਾ ਲੰਘ ਜਾਵੇ
ਭਾ ਬਣ ਜਾਵੇ ਲੰਬਰਦਾਰਾਂ
ਚੌਕੀਦਾਰਾਂ ਤੇ ਖੜਪੈਂਚਾਂ ਦੀ।
ਭੂਤਰੇ ਹੋਏ ਲੁਆ ਦੇਣ ਕੁੱਤੇ ਮਗਰ।
ਭੌਂ ਭੌਂ ਕਰਦੇ ਨਗਰੋਂ ਬਾਹਰ ਕਢ
ਪੂਛਲਾਂ ਹੇਠਾਂ ਕਰਨ।

ਕਰਾਵੇ ਪਾਠ ਕੋਈ,
ਲਗਾਏ ਕੋਈ ਦੀਵਾਨ,
ਕਰਨ ਰਬ ਦੀ ਯਾਦ
ਬਸ! ਕਹਿਰ ਖੁਦਾ ਦਾ ਨਾਜ਼ਲ।
ਮੁਖਬਰ
ਜਾ ਲਾਣ ਝੂਠੀਆਂ ਸੱਚੀਆਂ।
ਬਣਾ ਦੇਣ ਖੰਭਾਂ ਦੀਆਂ ਡਾਰਾਂ।



Sri Satguru Jagjit Singh Ji eLibrary NamdhariElibrary@gmail.com

ਪੇਸ਼ੀਆਂ ਮੁਕੱਦਮੇ,
ਕਾਲੀਆਂ ਕੋਠੜੀਆਂ,
ਸੀਖਾਂ ਵਾਲੇ ਪਿੰਜਰੇ।
ਭੁਖੇ ਤਿਹਾਏ
ਵਿਹੜ ਦੇਣ ਬਿਨਾਂ ਪੁਛ ਗਿਛ।
ਪੜ੍ਹਣ, ਪੜ੍ਹਾਉਣ, ਸੁਣਨ, ਸੁਣਾਉਣ ਵਾਲੇ
ਪਹਿਰੂ ਲਾਂਗਰੀ।
ਅੰਧੀ ਨਗਰੀ ਬੇਦਾਦ ਰਾਜਾ
ਟਕੇ ਸੇਰ ਭਾਜੀ ਟਕੇ ਸੇਰ ਖਾਜਾ।
ਇਹਨਾਂ ਵਾਸਤੇ ਲੇਟਣ ਨੂੰ ਗਰਮ ਰੇਤੇ।
ਉਨੀਂਦਰੀਆਂ ਰਾਤੀਂ।
ਪਾਵਿਆਂ ਹੇਠਾਂ ਹੱਥ।
ਮੰਜਿਆਂ ਉਪਰ ਘੁਰਾੜੇ।
ਚੋਬਰ ਕਟੇ, ਨਾਨੇ ਸ਼ੈਤਾਨ ਦੇ।
ਝੋਲੀ ਚੁੱਕ ਗੋਰੀ ਸਰਕਾਰ ਦੇ।
ਖੂਨੀ ਬਘੇਲੇ
ਲਾਲ ਲਾਲ ਲੰਮੇ ਦੰਦ
ਕਢ ਕਢ ਪੈਣ।

ਗੋਂਦਾ ਤੇ ਗੋਂਦੇ ਦੇ ਯਾਰ,
ਹੁਕੇ ਪੀਣ, ਲਫੰਗੇ,
ਛਟੇ ਫੂਕੇ ਕਿਸੇ ਵਲੈਤ ਦੇ;
ਅੱਖੜ, ਬੇਦਰਦ, ਮੁਤੱਸਬ
ਫੂੰ ਫੂੰ ਕਰਦੇ ਫਿਰਨ।
ਨੱਕਾਂ 'ਚੋਂ ਠੂੰਹੇ ਡੇਗਣ।
ਸਾਨ੍ਹਿਆਂ ਵਾਂਗ ਧੌਣਾਂ ਅਕੜਾਈ ਫਿਰਨ।
ਚੰਗਾ ਖਾਣ, ਮੰਦਾ ਬੋਲਣ।
ਅੱਤ ਚਾਈ ਫਿਰਨ।



ਕੀ ਮਜਾਲ ਕਿਸੇ ਦਰਸ਼ਨ ਅਭਿਲਾਸ਼ੀ ਨੂੰ
ਲਾਗੇ ਫਟਕਣ ਦੇਣ।

ਜੇ ਕੋਈ ਦਿਸ ਜਾਏ
ਪੈ ਜਾਣ ਖਖਿਆਕੇ
ਭਿੱਜੀ ਬਿੱਲੀ, ਹਲਕੀ ਗਿਦੜੀ
ਸੂਈ ਕੁੱਤੀ ਨਿਆਈਂ।
ਪਾੜ ਪਾੜ ਖਾਣ।
ਟੁਟ ਟੁਟ ਪੈਣ।

2.
ਲਾਲੂ-ਜੱਟ ਮਾਝੇ ਦਾ।
ਦੂਆ ਜਵਾਨੀ ਮਸਤਾਨੀ।
ਬਕਰੇ ਝਟਕਾਂਦਾ,
ਕਬਾਬ ਭੁੰਨਦਾ,
ਸ਼ਰਾਬਾਂ ਪੀਂਦਾ,
ਸ਼ਿਕਾਰ ਖੇਡਦਾ ਖਡਾਂਦਾ,
ਚੋਰੀ ਡਾਕੇ ਹੋਰ ਪੰਜਾਹ ਐਬ।
ਕੰਨ ਤਕ ਡਾਂਗਾਂ ਲੰਮੀਆਂ।
ਮੋਢਿਆਂ ਤੋਂ ਥੁੱਕੇ।

ਟੇਟੇ ਚੜ੍ਹ ਗਿਆ
ਮਾੜਚੂ ਜਿਹੇ ਮਸਤਾਨੇ ਦੇ,
ਜਿਸ ਦੀਆਂ ਗੜੂੰਦੀਆਂ ਅੱਖਾਂ।
ਰੰਗ ਚਲੂਲਿਆ।
"ਓਏ ਲਾਲੂ! ਕੰਨ ਕਰ।"
"ਮੈਂ ਜਾਣਾ ਕੂਕਿਆਂ ਦਾ ਮੰਤਰ
ਕੰਨਾਂ ਮੰਨਾਂ ਕੁਰਰ



Sri Satguru Jagjit Singh Ji eLibrary NamdhariElibrary@gmail.com

ਤੂੰ ਮੇਰਾ ਚੇਲਾ ਮੈਂ ਤੇਰਾ ਗੁਰ।"
ਬਸ!

ਸੰਤ ਆ ਗਏ ਰੰਗ ਵਿਚ।
ਜਾ ਫੜਿਆ ਧੌਣੋਂ।
ਮਾਰ ਦਿੱਤੀ ਫੂਕ।
ਪੁਠਾ ਹੋ ਡਿਗਾ।
ਕਈ ਪਹਿਰ ਹੋਸ਼ ਨ ਆਈ।
ਉਠਿਆ ਤਾਂ ਸੁਤੇ ਭਾਗ ਵੀ
ਨਾਲ ਹੀ ਜਾਗ ਪਏ।
ਬਿਰਤੀ ਹੋਰ।
ਸੁਰਤਾਂ ਅਕਾਸ਼ੀ ਰੂਹਾਂ ਨਾਲ।

ਬੋਤਲਾਂ ਭੰਨ ਦਿੱਤੀਆਂ।
ਪਿੰਜਰੇ ਖੋਹਲ ਦਿੱਤੇ।
ਲਹਿਣਿਆਂ ਤੇ ਲੀਕਾਂ।
ਵਹੀਆਂ ਪੱਤਰਾ ਪੱਤਰਾ।
ਲੱਗਾ ਕੂਕਾਂ ਮਾਰਨ।
ਬਣ ਗਿਆ ਲਾਲਾਂ ਦਾ ਲਾਲ।
ਸੁੱਚਾ ਨਗ, ਸ਼ਿਕਾਰ ਖੇਡਦਾ ਖੇਡਦਾ
ਆਪ ਸ਼ਿਕਾਰ ਹੋ ਗਿਆ।
ਅਠੇ ਪਹਿਰ ਕੀਤਰਨ।

ਭੈਣੀ ਸਾਹਿਬ ਖਿਚ ਪਈ।
ਲੈ ਤੁਰਿਆ ਵਹੀਰਾਂ
ਮਾਈਆਂ ਬੀਬੀਆਂ ਬੁਢੇ ਬਾਲੇ
ਪੰਜ ਸੌ ਤੋਂ ਪੰਜ ਸਤ ਘੱਟ ਵੱਧ।
ਅੱਗੇ, ਭੌਂਕੂ ਮੂੰਹ ਅੱਡੀ



ਲਗੇ ਭੌਂ ਭੌਂ ਕਰਨ।
ਸਿੱਖਾਂ ਤੱਖਰੀਂ ਜਾ ਆਸਣ ਖੋਲੇ।

ਦਿਨ ਦੇ ਰਾਜੇ ਪੱਛਮੀ ਮਹਿਲ ਨੂੰ ਸਵਾਰੀ ਮੋੜੀ।
ਧੂੜਾਂ ਉਡੀਆਂ।
ਮੁੜੀਆਂ ਮਝਾਂ ਗਊਆਂ ਘਰਾਂ ਨੂੰ
ਟੱਲੀ, ਘੁੰਘਰੂ ਖੜਕਾਂਦੀਆਂ।
ਆਪਣੇ ਜਾਇਆਂ ਨੂੰ ਜਾ ਚੱਟਿਆ ਚੁੰਮਿਆਂ।
ਭੇਡਾਂ ਬਕਰੀਆਂ ਦੁੜੰਗੇ ਮਾਰਦੀਆਂ
ਲੇਲੇ ਲੇਲੀਆਂ ਕੋਲ।
ਨਿਕੜੇ ਨਿਕੜੇ ਚੁੰਘਣ ਨਾਲੇ ਮਿਆਂਕਣ
ਨਾਲੇ ਪੂਛਲਾਂ ਹਿਲਾਣ।
ਬੋਟ ਚਿੜੀਆਂ ਦੇ ਖੰਭਾਂ ਹੇਠ।
ਬਲੂੰਗੇ ਤੇ ਬਲੂੰਗੀਆਂ
ਮਾਵਾਂ ਦੀਆਂ ਛਾਤੀਆਂ ਨਾਲ।

ਇਹ ਗਰੀਬੜੇ
ਮਾਂ ਪਿਆਰ ਤੋਂ ਵਾਂਝੇ।
ਤਾਰਿਆਂ ਅੱਖਾਂ ਪਟੀਆਂ
ਚੰਦਰਮਾਂ ਚਾਂਦੀ ਦੇ ਥਾਲ 'ਚ
ਸੁੱਚੇ ਮੋਤੀ ਲੈ ਟੁਰਿਆ
ਰਾਮਦਾਸ ਪੁਰੇ।
ਪਸ਼ੂ ਹੁੰਗਲਾਣ ਲਗੇ।
ਰੁੱਖਾਂ ਦੇ ਪੱਤਿਆਂ ਨੀਵੀਆਂ ਪਾਈਆਂ।
ਫੁਲ ਸੁੰਗੜ ਖਲੋਤੇ।
ਇਹ ਲਿਲ੍ਹੀਆਂ ਲੈਣ।
ਪਰਾਂ ਨਾਲ ਉਡਣਾ ਲੋਚਣ।
ਚਾਰ ਕਦਮਾਂ ਦਾ ਪੈਂਡਾ ਚਾਰ ਜੋਜਨ।



Sri Satguru Jagjit Singh Ji eLibrary NamdhariElibrary@gmail.com

ਕਾਲਾ ਫਨੀਅਰ ਫੁੰਕਾਰੇ।
ਜੀਭਾਂ ਕਢੇ ਲਾਲ ਲਾਲ।
ਵਿਸ ਘੋਲੇ।
ਤੀਲਾ ਤੀਲਾ ਵਿਹੁਲਾ ਕਰੇ।

ਇਹ ਚੜ੍ਹ ਗਏ ਮੰਦਰੀਂ।
ਖੋਲ੍ਹ ਲਈਆਂ ਢੋਲਕੀਆਂ।
ਵੱਜਣ ਲਗ ਪਏ ਛੈਣੇ।
ਲਗੇ ਬਾਪੂ ਨੂੰ ਯਾਦ ਕਰਨ,
ਮਾਂ ਨੂੰ ਸੁਨੇਹੇ ਘੱਲਣ।
ਬ੍ਰਿਹਣਾਂ ਲੱਗੀਆਂ ਵਿਰਲਾਪ ਕਰਨ।
ਕੂਕਾਂ ਨਿਕਲੀਆਂ
''ਪੀਆ ਮਿਲਣ ਦੀ ਆਸ
ਅੱਖੀਆਂ ਮੇਰੀਆਂ ਨੂੰ।"
ਪਤਾ ਨਹੀਂ ਕਿਹੜੀ ਤਹਿ ਹੇਠੋਂ ਕੂਕ ਨਿਕਲੀ?
ਲੱਗੀਆਂ ਚਾਂਗਰਾਂ ਵੱਜਣ।
ਕੂਕਾਂ ਪੈਣ
ਮਸਤਾਨੇ ਤੇ ਮਸਤਾਨੀਆਂ ਪ੍ਰਵਾਨੇ।
ਕੋਠਿਆਂ ਤੇ ਧਮਕਾਂ
ਕਈ ਛਾਲ ਮਾਰ ਗਲੀ 'ਚ।
ਦੌੜ ਦੌੜ ਰੁੱਖਾਂ ਨੂੰ ਜੱਫੀਆਂ ਪਾਣ।
ਵੈਰਾਗੀ ਹੋ ਨੱਚੇ।
ਗਲੀ ਗਵਾਂਢ ਝੂਮਣ।

ਮੌਲਵੀ ਨੂੰ ਬਾਂਗ ਭੁਲੀ,
ਪੰਡਤ ਨੂੰ ਵਿਸਰੀ ਕਥਾ।
ਮੰਦਰ ਦੀਆਂ ਗਲੀਆਂ ਮਸਤ,
ਮਸੀਤ ਦੇ ਲੋਟੇ ਦੀਵਾਨੇ।



ਸਮੱਸਤ ਦੇ ਸਿਰ ਹਿੱਲਣ।
ਅੱਖਾਂ ਵਿਚ ਗਲੇਡੂ ਭਰ ਗਏ
ਡਿਗਣ ਹੰਝੂ ਅਕਾਸ਼ 'ਚੋਂ।
ਕੂਕਿਆਂ ਦੀਆਂ ਕੂਕਾਂ ਖੇਤਾਂ ਜੂਹਾਂ ਨੂੰ ਚੀਰਦੀਆਂ
ਪੁਜ ਗਈਆਂ ਹਰਿ ਕੇ ਦੁਆਰਿ।
ਜਾ ਸੀਸ ਨਿਵਾਇਆ ਠੰਢੀ ਮੂਰਤੀ ਅਗੇ।
ਮੱਥਾ ਟੇਕਿਆ ਅੰਬੜੀ ਨੂੰ।
ਬਾਪੂ ਵੀ ਉਠ ਬੈਠਾ,
ਮਾਂ ਵੀ ਜਾਗ ਪਈ।
ਰੂਹਾਂ ਦਾ ਮੇਲ,
ਵਿਛੋੜਾ ਦੇਹਾਂ ਦਾ।
ਤਰਲੋ ਮਛੀ,
ਇਕ ਪਾਸੇ ਸੰਗਤ,
ਇਕ ਪਾਸੇ ਗੁਰਦੇਵ,
ਦੁਖੀ ਉਹ, ਬਿਹਬਲ ਇਹ।
ਉਹ ਵੈਰਾਗੀ ਇਹ ਵੈਰਾਗੀ।
ਸਿੱਖ ਅਤੇ ਗੁਰੂ ਦਾ ਅਜਬ ਨਾਤਾ।
ਭੌਰ ਮਸਤ, ਫੁਲ ਅਲਗਰਜ,
ਪਰਵਾਨਾ ਜਾਨ ਵਾਰੇ, ਸ਼ਮਾਂ ਉਸਦੀ ਭੱਠੀ।
ਚਕਵੀ ਅੱਖਾਂ ਵਿਚ ਰਾਤ ਕੱਟੇ
ਸੂਰਜ ਸੜਿਆ ਭੁਜਿਆ।
ਚਕੋਰ ਪਰਕਰਮਾ ਕਰੇ
ਚੰਨ ਨਿਰਾ ਪੱਥਰ ਦਾ ਪੱਥਰ।
ਆਸ਼ਕ ਸੂਲੀ ਖਿੜੇ।
''ਚਰਨ ਸਰਨ ਗੁਰ ਏਕ ਪੈਂਡਾ ਜਾਇ ਚਲ"
ਪਰ,
''ਸਤਿਗੁਰ ਕੋਟ ਪੈਂਡਾ ਆਗੇ ਹੋਇ ਲੇਤ ਹੈ।"
ਸਿਖ ਦੀ ਪੈਰੀਂ ਕੰਡਾ ਪੀੜ ਸਤਿਗੁਰੂ ਨੂੰ।



Sri Satguru Jagjit Singh Ji eLibrary NamdhariElibrary@gmail.com

ਸਿਖ ਨੂੰ ਠੁੱਡੇ, ਲਾਸਾਂ ਸਤਿਗੁਰ ਦੇ ਸਰੀਰ।
ਸਲਾਈਆਂ ਸਿਖ ਦੀ ਅੱਖੀਂ
ਲਹੂ ਦੀਆਂ ਧਾਰਾਂ ਗੁਰ ਚਰਨੀਂ।
ਅਜ ਬਿਹਬਲ ਲਾਲ ਵੀ,
ਜੌਹਰੀ ਵੀ ਬਿਹਬਲ।

ਸਰਕਾਰੀ ਟੁਕੜ ਬੋਚ ਉਠੇ
ਨਾਲ ਆ ਗਈ ਧਾੜ,
ਬਦਮਾਸ਼, ਦਸ ਨੰਬਰੀਏ ਚੋਬਰ ਕਟੇ,
ਸ਼ਰਾਬੀ ਕਬਾਬੀ ਵਿਹਲੜ,
ਪੁਲਸੀਆਂ ਦੇ ਟਾਊਟ,
ਗਏ ਘਮਕਾਰਾਂ ਮਗਰ,
ਬੰਦੂਕਾਂ ਕਿਰਚਾਂ ਬਰਛੇ ਤਾਣੀ,
ਡਾਂਗਾਂ, ਸੋਟੇ ਛਵੀਆ ਗੰਡਾਸੇ ਘੁਮੌਂਦੇ,
''ਕੂਕੇ ਉਏ! ਕੂਕੇ ਉਏ! ਕੂਕੇ!"
ਕਾਵਾਂ ਰੌਲੀ
ਧਾੜ ਉਠ ਭੱਜੀ
ਵਾਰ੍ਹ ਮਗਰੇ ਮਗਰ।
ਜਾ ਪਾਇਆ ਪਿੰਡੇ ਨੂੰ ਘੇਰਾ,
ਕੀੜੀ ਤੇ ਕਟਕ ਚੜ੍ਹ ਆਇਆ।
''ਫੜ ਲਓ! ਫੜ ਲਓ! ਜਾਣਾ ਨਾ ਪਾਣ!!"
ਜਾ ਚੜ੍ਹੇ ਮੰਦਰਾਂ ਤੇ
ਸੰਤਾਂ ਨੂੰ ਜਾ ਹੱਥ ਪਾਇਆ।
ਲਾਇਆ ਸਭ ਨੂੰ ਅਗੇ।
ਪੁਲਸੀਏ ਨਾਲ ਘੂਰਨ ਨਾਲ ਬਕਣ।

ਲੈ ਆਂਦਾ ਭੈਣੀ ਸਾਹਿਬ
ਡੱਕ ਦਿਤੇ ਤਬੇਲੇ।



ਸਭ ਚੁਪ, ਪਰ ਅੰਦਰ ਲਾਲੀਆਂ।
''ਧੂੜ ਤਾਂ ਲਾ ਲਵਾਂਗੇ ਮੱਥੇ
ਸਰਦਲਾਂ ਤੇ ਲਵਾਂਗੇ ਚੁੰਮ ਇਕ ਵੇਰ
ਫੇਰ ਭਾਵੇਂ, ਕਾਲੇ ਪਾਣੀ।"
ਕੁੱਬੇ ਨੂੰ ਲੱਤ ਮਾਰੀ।
ਓਧਰ ਕੜਾਹ ਪ੍ਰਸਾਦਿ ਪਹਿਲਾਂ ਤਿਆਰ।
ਹਜ਼ਾਰਾ ਸ਼ੇਰ ਜਾਣੇ ਸਭ ਜੁਗਤਾਂ
ਆਇ ਗਿਆਂ ਨੂੰ
ਪਰਸੰਨ ਕਰਨ ਵਿਚ ਉਸਤਾਦ।
ਲੈ ਗਿਆ ਪਰਾਤਾਂ ਭਰ ਭਰ।
ਰੱਜ ਰੱਜ ਵਰਤਾਇਆ।
ਕੁੱਤਿਆਂ ਨੂੰ ਵੀ ਪਾਇਆ।
ਸਭ ਦੜ ਵੱਟ ਬਹਿ ਗਏ।
ਗੁਰੂ ਜੀ ਵੀ ਜਾ ਦਰਸ਼ਨ ਦਿਤੇ।
''ਗਿਆ ਫਰਾਕ, ਮਿਲਿਆ ਮਿੱਤਰ ਮਾਹੀ
ਤਾਹੀਏਂ ਸ਼ੁਕਰ ਕੀਤੋ ਨੇ।"
ਸਵੇਰ ਸਾਰ ਥਾਣੇ।
ਸਾਨ੍ਹੇ ਵਾਲਿਓਂ ਲੁਧਿਆਣੇ ਪੈਦਲ।
ਜਵਾਨ, ਬੱਚੇ, ਇਸਤਰੀਆਂ ਇਕੋ ਰੱਸੇ।
ਉਨੀਂਦਰੇ, ਥੱਕੇ ਟੁੱਟੇ
ਹਿੱਲ ਨਾ ਸਕਣ, ਜਾ ਨਾ ਸਕਣ।

ਬਾਰਾਂ, ਚੌਵੀ, ਅਠਤਾਲੀ ਘੰਟੇ
ਭੁੰਜੇ ਬੈਠਣ, ਸੌਣ, ਲੇਟਣ।
ਘੂਰੀਆਂ, ਭਾਂਟਾਂ, ਮੰਦੇ ਬੋਲ,
ਅਤੇ ਇਹ ਆਖ ਤੋਰਿਆ
''ਮਤ ਆਓ ਬਿਨਾਂ ਅਰਜੀਓਂ ਏਧਰ।
ਇਹ ਬਾਗੀਆਂ ਦੀ ਬਸਤੀ।



Sri Satguru Jagjit Singh Ji eLibrary NamdhariElibrary@gmail.com

ਅੰਗਰੇਜ਼ ਸਰਕਾਰ ਦੇ ਵੇਰੀ।"

ਬੁਲਾ ਲਿਆ ਨੰਬਰਦਾਰ ਨੂੰ।
ਰੱਬ ਦੇ ਤੇ ਬੰਦਾ ਸਹੇ।
ਜਾਂਦਿਆਂ ਹੀ ਛਿਤਰਾੜ।
ਖਖਿਆ ਕੇ ਪੈ ਗਿਆ
ਛਟਿਆ ਫੂਕਿਆ ਸਾਰਜੰਟੜਾ।
"ਨਾਲਾਇਕ ਕਹੀਂ ਕੇ? ਗਧੇ, ਸੂਰ, ਉੱਲੂ ਕੇ ਪੱਠੇ,
ਬੇਹਯਾ, ਬੇਸ਼ਰਮ
ਤੁਮ ਨੰਬਰਦਾਰ?
ਕੂਕੇ ਟੁਮਾਰੇ ਗਾਂਵ ਮੇਂ ਬਗਾਵਤੇਂ ਸੋਚੇਂ।
ਬਾਗਯਾਨਾ ਤਕਰੀਰੇਂ ਕਰੇਂ।
ਤੁਮ ਅੰਧੇ, ਬਹਿਰੇ?
ਦੇਖੋ ਨਾ ਸੁਣੋ?"
ਕਈ ਪੇਸ਼ੀਆਂ ਖੱਜਲ ਖੁਆਰੀਆਂ।
ਹਰ ਵਾਰ ਗਾਲ੍ਹੀ ਗਲੋਚ।
ਅੰਤ ਛੇ ਮਹੀਨੇ ਕੈਦ ਬਾ ਮੁਸ਼ੱਕਤ।
ਸੌ ਰੁਪੈ ਜੁਰਮਾਨਾ, ਵਖਰੀ ਨੱਕ ਰਗੜਾਈ।
ਪਿੰਡ ਪਿੰਡ ਢੰਡੋਰੇ, ਗਰਾਂ ਗਰਾਂ, ਢਾਣੀ,
"ਨਹੀਂ ਵੜਣ ਕੂਕੇ ਘਰ।
ਇਹ ਬਾਗ਼ੀ ਅੰਗਰੇਜ਼ੀ ਸਰਕਾਰ ਦੇ।"
ਨੌਸ਼ੇਰਵਾਂ ਦੇ ਪੁੱਤਰ ਪੁਤਰੇਲੇ
ਇਹਨਾਂ ਦੇ ਸ਼ੇਰ ਬੱਕਰੀ ਇਕੋ ਘਾਟ।
ਕੂਕਿਆਂ ਦੀ ਹਮਾਇਤ ਕੀਤੀ ਨਹੀਂ,
ਭਾ ਦੀ ਬਣੀ ਨਹੀਂ।
ਭਾਵੇਂ ਲਕੀਰਾਂ ਕੱਢਣ, ਨੱਕ ਰਗੜਣ,
ਫੇਰ ਵੀ ਠੋਕ ਦੇਣ ਅੰਦਰ।
ਦਾਦ ਨਾ ਫਰਿਆਦ।



ਇਥੇ ਹੀ ਬੱਸ ਨਹੀਂ
ਗੁਰੂ ਤੇ ਗੁਰੂ ਦੇ ਨੇੜ ਦੇ
ਸ਼ੁਕਰ ਸ਼ੁਕਰ ਕਰਦੇ ਸਹਿ ਗਏ ਸਿਰ।
ਪੀ ਗਏ ਜ਼ਹਿਰ ਅੰਮ੍ਰਿਤ ਜਾਣ।
ਘੁਮੰਡਾ, ਸੁਖੂ ਯਾਰ ਗੋਰਿਆਂ ਦੇ।
ਨੱਚਣ ਇਹਨਾਂ ਦੇ ਇਸ਼ਾਰੇ।
ਤੋਰੀ ਰੱਖਣ ਕਚਹਿਰੀ।
ਝੂਠੀਆਂ ਤੁਹਮਤਾ, ਫੋਕੇ ਮੁਕੱਦਮੇ,
ਸਾਜ਼ਸ਼ਾਂ ਨਿਤ ਨਵੀਆਂ।
ਰਸਤਾਂ ਬੰਦ ਸਭ ਪਾਸਿਓਂ।
ਲੱਖਾਂ ਦਿਲਾਂ ਦੇ ਤਖਤ ਤੇ ਬੈਠਣ ਵਾਲੇ
ਨਹੀਂ ਸਨ ਜਾ ਸਕਦੇ ਬਾਹਰ ਬਿਨਾਂ ਅਰਜ਼ੀਓ।
ਜੇ ਵਰ੍ਹੇ ਛਿਮਾਹੀ
ਚਕੋਰੀਆਂ ਦੇ ਦੀਦੇ ਠਾਰਨ ਹਿਤ ਜਾਣ,
ਮਗਰੇ ਮਗਰ ਭੋਲੂ,
ਜਿਵੇਂ ਰਾਹੂ ਕੇਤੂ,
ਪਿੱਛੇ ਲੱਗੇ ਰਹਿਣ ਸੂਰਜ ਚੰਦ੍ਰਮਾਂ ਦੇ।

ਪਰ ਇਹ ਕੋਈ ਨਵੀਂ ਗੱਲ?
ਜੁਗਾਂ ਜੁਗੰਤਾਂ ਤੋਂ ਇਹੋ ਕਾਰਾ।
ਧਰਮੀ ਕੁਹੀਂਦੇ, ਆਸ਼ਕ ਮਰੀਂਦੇ,
ਖੱਲਾਂ ਉਖੜੀਂਦੇ, ਮਨਸੂਰ, ਹਕੀਕਤ,
ਸਭ ਇਹਨਾਂ ਦੇ ਭਰਾ, ਭਾਈ।
ਮਤੀਦਾਸ।
ਉਬਾਲੇ ਖਾਂਦੇ ਦੇਗ ਦੇ
ਰਸ ਮਾਨਣ ਵਾਲੇ
ਭਾਈ ਦਿਆਲੇ



Sri Satguru Jagjit Singh Ji eLibrary NamdhariElibrary@gmail.com

ਸਭ ਇਸੇ ਪਾਠਸ਼ਾਲਾ ਦੇ ਚਾਟੜੇ।

ਰਾਮ ਭਰਥ
ਭਰਾ ਤ੍ਰੇਤੇ ਦੇ।
ਰਾਮ ਸਿੰਘ ਬੁਧ ਸਿੰਘ
ਭਰਾ ਕਲਿਜੁਗ ਦੇ।
ਇਹ ਰਾਮ ਭਰਥ ਇਹ ਜੁਗ ਦੇ।
ਰਾਮ ਬਣਾਂ ਨੂੰ ਭਰਥ ਦਿਨ ਕਟੀ ਕਰੇ।
ਭੁੰਜੇ ਬੈਠੇ ਭੁੰਜੇ ਸਵੇਂ।
ਆਪ ਕਸ਼ਟ ਸਹਾਰੇ
ਪਰਜਾ ਨੂੰ ਪਾਲੇ।
ਮਗਰ ਮੁੱਲ ਕੌਣ ਪਾਵੇ
ਇਸ ਜੁਗ ਦੇ ਭਰਥ ਦਾ?
ਕਿਥੇ ਉਹ ਭਰਥ,
ਕਿਥੇ ਇਹ ਭਰਥ?
ਉਹ ਰਾਜਾ।
ਇਹ ਦੋਸ਼ੀ।
ਉਸਨੂੰ ਕੋਤਵਾਲ ਦੀਆ ਡੰਡੌਤਾਂ।
ਇਸਨੂੰ ਸਿਪਾਹਟਿਆਂ ਦੀਆਂ ਘੂਰਾਂ।
ਉਸਦਾ ਮਾਲੀਆ ਖਜ਼ਾਨੇ।
ਇਸਦੀਆਂ ਰਸਤਾਂ ਬੰਦ।
ਉਸਦੀਆਂ ਗ਼ੈਰ ਤਲੀਆਂ ਝੱਸਣ।
ਇਸਦੇ ਸੱਕੇ ਲਹੂ-ਪੀਣੇ।
ਉਸਨੂੰ ਹਾਥੀ ਦੀ ਸਵਾਰੀ।
ਇਸਦੇ ਘੋੜੇ-ਘੋੜੀਆਂ ਦੀਆਂ ਡੂੰਮਾਂ ਹਥ ਵਾਗਾਂ।
ਉਹਦੇ ਮਹਿਲ ਚੁਬਾਰੇ।
ਇਹਦੇ ਕੱਚੇ ਢਾਰੇ।



ਇਹ ਝਟ ਲੰਘਾਵੇ,
ਇਹ ਕੌਮ ਬਚਾਵੇ।
ਇਹ ਦੇਸ ਸੰਭਾਲੇ,
ਇਹ ਰਾਮ ਵਿਜੋਗੀ।
ਇਹਦੀ ਗਰਦਨ ਨੀਵੀਂ
ਇਹਦੇ ਨੇਤਰ ਮੁੰਦੇ।
ਇਹਨੂੰ ਡੂੰਘੀਆਂ ਸੋਚਾਂ।
ਇਹਨੂੰ ਮਨ ਦਾ ਵੈਰਾਗ।
ਇਹਨੂੰ ਤਨ ਦਾ ਵੈਰਾਗ।
ਇਹਨੂੰ ਖਾਣ ਦਾ ਚੰਗਾ।
ਇਹਨੂੰ ਪੀਣ ਨ ਚੰਗਾ।
ਇਹਨੂੰ ਬੋਲ ਨ ਚੰਗਾ।

ਇਹਨੂੰ ਯਾਦ ਸਤਾਵੇ।
ਇਹਦਾ ਜੀਆ ਤੜਪਾਵੇ।
ਉਹਦੀ ਰਟ ਲਾਵੇ,
"ਹੇ ਚੀਨੀ ਵਾਲੇ!
ਪਰਦੇਸੀ ਪ੍ਰੀਤਮ!
ਆ! ਤੂੰ ਆ!! ਤੂੰ ਆ!!!"
ਪਪੀਹਾ, ਕੀ ਪੁਕਾਰੇ, ਪੀ?
ਕੋਇਲ ਕੀ ਕੂਕੇ ਕੂ?
ਇਹਦੀ ਰਸਨਾ ਕੂਕੇ।
ਧਿਆਨ ਖੰਭ ਲਾ ਉਡੇ।
ਦਿਨੇ ਉਹਦੀਆਂ ਯਾਦਾਂ
ਰਾਤੀਂ ਉਹਦੇ ਸੁਪਨੇ।
ਜਿੰਨਾਂ ਅੱਖ ਝਮਕੇ
ਉਹ ਵੇਹਲ ਨ ਪਾਵੇ।
ਵਗਦੀ ਵਾ ਨੂੰ ਸੁਨੇਹੇ,



Sri Satguru Jagjit Singh Ji eLibrary NamdhariElibrary@gmail.com

ਵਾ ਵਗਦੀ ਨੂੰ ਪੁੱਛਾਂ।

ਮੁਖਬਰ ਝਖ਼ ਮਾਰਨ।
ਟੁਕੜ ਬੋਚਾਂ ਦੀਆਂ ਰਪਟਾਂ।
ਚਾੜ੍ਹੀ ਰਖਣ ਸੂਲੀ,
ਆਇਆਂ ਨੂੰ ਦੂਰ ਦੂਰ,
ਬੈਠਿਆਂ ਨੂੰ ਦੂਰ ਦੂਰ,
ਪਰ ਗਿਲਾ ਨ ਗੁਜਾਰੀ,
''ਤੇਰਾ ਭਾਣਾ ਮੀਠਾ
ਤੇਰਾ ਭਾਣਾ ਮੀਠਾ।"
ਇਹ ਸੱਜੇ ਨ ਵੇਖੇ।
ਇਹ ਖੱਬੇ ਨ ਵੇਖੇ।
ਇਹ ਤੁਰਦਾ ਜਾਵੇ।
ਇਹ ਵਧਦਾ ਜਾਵੇ।
ਕਈ ਬਣਤਾਂ ਬੁਣਦਾ।
ਕਈ ਘੜਤਾ ਘੜਦਾ।
ਪਰ ਧੁਨ ਦਾ ਪਕਾ।
ਡਗ ਮਗ ਨਾ ਡੋਲੇ।
ਨਾ ਢਿਲਾ ਹੋਵੇ।
ਇਹ ਸੱਚਾ ਸੂਰਾ।
ਇਹ ਧਰਮੀ ਪੂਰਾ।

ਅਜੇ ਰਾਤ ਨ ਢਲਦੀ
ਸੂਰਜ ਘੁਰੜਾਵੇ,
ਸਭ ਨੀਂਦ ਦੀ ਗੋਦੀ,
ਪਏ ਝੂਟੇ ਲੈਂਦੇ।
ਚੌਪਾਸੀਂ ਘੂਕੀ,
ਸਭ ਸ਼ਹਿਰ ਗਰਾਈਂ,



ਸਭ ਢਾਣੀ ਬਸਤੀਂ
ਵਿਚ ਜੰਗਲ ਬੇਲੀਂ,
ਤੇ ਝੱਲੀਂ ਗ਼ਾਰੀਂ,
ਸਭ ਰੇਤ ਬਰੇਤੀਂ,
ਤੇ ਰਾਹੀਂ ਖੇਤੀਂ,
ਕਿਤੇ ਬਿੜਕ ਨ ਆਵੇ।
ਸਭ ਧਰਤੀ ਸੁਤੀ,
ਅਕਾਸ਼ ਵੀ ਸੁਤਾ,
ਸਭ ਸੁੰਨ ਸਨਾਟਾ,
ਜਿਵੇਂ ਸ਼ਹਿਰ ਖਾਮੋਸ਼ਾਂ।
ਕੇਵਲ ਝਾਲ ਦੀ ਸ਼ਾਂ ਸ਼ਾਂ,
ਲਹਿਰਾਂ ਦੀ ਖੁਰ ਖੁਰ।
ਕਿਤੇ ਕੁੱਤਾ ਭੌਂਕੇ,
ਜਾਂ ਗਿਦੜ ਹਵਾਂਕੇ,
ਜਾਂ ਉੱਲੂ ਬੋਲੇ,
ਦੁਖੀਏ ਦੀਆਂ ਚੀਸਾਂ,
ਆਸ਼ਿਕ ਦੀਆਂ ਆਹੀਂ,
ਪਾਂਧੀ ਨੂੰ ਸਤਾਵਣ,
ਦਿਲ ਨੂੰ ਤੜਪਾਵਣ,
ਐਸੀ ਚੁਪ ਵਰਤੀ
ਪਿਆ ਸਹਿਮ ਵੀ ਸਹਿਮੇ,
ਡਰ ਨੂੰ ਡਰ ਆਵੇ।
ਕੋਈ ਬਿਰਹਾ ਕੁੱਠੀ,
ਬਾਂਹ ਚੂੜੇ ਵਾਲੀ,
ਜਿਸ ਦੇ ਹਥ ਮਹਿੰਦੀ,
ਗਲ ਹਾਰ ਹਮੇਲਾਂ
ਤੇ ਸੁਰਮਾਂ ਨੈਣੀ,
ਉਹਦੀ ਸੁੰਞੀ ਦੁਨੀਆਂ,



Sri Satguru Jagjit Singh Ji eLibrary NamdhariElibrary@gmail.com

ਸੁਪਨੇ 'ਚ ਵਸਦੀ।
ਉਹਨੂੰ ਮਾਹੀਆ ਮਿਲਦਾ।
ਉਹ ਦਿਲ ਦੀਆਂ ਦੱਸੇ।
ਉਹ ਦਿਲ ਦੀਆਂ ਸੁਣਦਾ।

ਇਹ ਅਜਬ ਤਪੱਸਵੀ,
ਹਥ ਗੜਵਾ ਫੜਦਾ।
ਮੈਦਾਨੇ ਜਾਂਦਾ,
ਫਿਰ ਗੜਵਾ ਮਾਂਜੇ,
ਹੱਥਾਂ ਨੂੰ ਸੋਧੇ,
ਮੁੜ ਖੂਹ ਤੇ ਜਾਵੇ,
ਡੋਲ ਖੜਕਾਵੇ,
ਸੇਵਕ ਨ ਬੁਲਾਵੇ।
ਕਰ ਸੋਧ ਇਸ਼ਨਾਨਾਂ,
ਚੜ੍ਹ ਜਾਏ ਚੁਬਾਰੇ।
ਦੋਵੇਂ ਪਟ ਭੀੜੇ,
ਦੋਵੇਂ ਪਟ ਖੋਲ੍ਹੇ,
ਬਹਿ ਤਾਰ ਹਿਲਾਵੇ,
ਲਿਖ ਚਿੱਠੀਆਂ ਪਾਵੇ!
ਪੀਆ ਘਰ ਆਵੇ!
ਪ੍ਰਦੇਸੀ ਪ੍ਰੀਤਮ!
ਮੇਰੇ ਵਿਹੜੇ ਆਵੇ,
ਮੇਰੀ ਤਪਤ ਮਿਟਾਵੇ,
ਮੇਰਾ ਮਨ ਰੁਸ਼ਨਾਵੇ,
ਜੱਗ ਨੂੰ ਠੰਢ ਪਾਵੇ।

ਇਹਦਾ ਓਹੋ ਜਾਪਾ,
ਜਿਹੜਾ ਨਾਨਕ ਘੜਿਆ



ਚਾਲੀ ਜੁਗ ਬਹਿ ਕੇ ਇਕ ਵੱਖਰੇ ਖੂੰਜੇ।
ਜਦ ਚੰਦ ਨਾ ਸੂਰਜ,
ਨ ਧਰਤ ਆਕਾਸ਼ਾਂ,
ਉਹ ਕੱਲ-ਮੁਕੱਲਾ
ਸੀ ਤਾੜੀ ਲਾਵੇ
ਤੇ ਬਣਤ ਬਣਾਵੇ!
ਉਹ ਮੋਹਣੀ ਮੰਤਰ
ਜਿਸ ਤੁਲ ਨਾ ਜੰਤਰ,
ਸੜਦੇ ਠਰ ਜਾਵਣ,
ਤਪਦੇ ਮੁਸਕਾਵਣ
ਦੁਖੀਆਂ ਦਾ ਦਾਰੂ
ਲਿਸਿਆਂ ਦਾ ਸਹਾਰਾ
ਡਿਗਿਆਂ ਦਾ ਠੁਮ੍ਹਣਾ।
ਵਿਛੜੇ ਮਿਲਾਵੇ,
ਜਫੀਆਂ ਪੁਵਾਵੇ।
ਉਹੋ ਇਹ ਪੜ੍ਹਦਾ,
ਓਹੋ ਇਹ ਗਾਉਂਦਾ।

ਇਹ ਟੁਰਦਾ ਫਿਰਦਾ।
ਕੰਮ ਕਾਜ ਵੀ ਕਰਦਾ।
ਘੋੜਿਆਂ ਨੂੰ ਵੇਂਹਦਾ।
ਗਊਆਂ ਤੋਂ ਪੁੱਛਦਾ।
ਪੈਲੀ ਤੇ ਬੰਨਿਆਂ ਦੀਆਂ
ਸਾਰਾਂ ਲੈਂਦਾ,
ਪਰ
ਦਿਲੋਂ ਨ ਭੁਲੋਂਦਾ।
ਆਇਆਂ ਨੂੰ ਦਿਲਾਸੇ,
ਦੁਖੀਆਂ ਨੂੰ ਦਿਲਾਸੇ,


Sri Satguru Jagjit Singh Ji eLibrary NamdhariElibrary@gmail.com

ਰੋਂਦਿਆਂ ਨੂੰ ਹਾਸੇ,
ਵੰਡਦਾ ਵਰਤਾਉਂਦਾ
ਯਾਦ ਉਹਦੀ 'ਚ
ਸਦ ਇਹ ਵਸਦਾ।

ਦਿਲੋਂ ਤਾਹਨੇ ਦੇਵੇ,
ਕੋਈ ਮਿਹਣੇ ਮਾਰੇ,
ਕੋਈ ਮੰਦਾ ਬੋਲੇ,
ਕੋਈ ਨੱਕ ਚੜ੍ਹਾਵੇ,
ਕੋਈ ਡੇਲੇ ਕੱਢੇ,
ਕੋਈ ਅੱਖਾਂ ਪਾੜੇ,
ਇਹ ਧਿਆਨ ਨ ਧਰਦਾ,
ਇਹ ਅੱਖ ਨ ਪਟਦਾ।
ਇਹ ਆਪਣੀ ਚਾਲੇ,
ਇਹ ਆਪਣੀ ਟੋਰੇ,
ਟੁਰਿਆ ਈ ਰਹਿੰਦਾ,
ਗਿਣ ਗਿਣ ਅਠੋਤਰੀ
ਇੱਕੀ ਗੇੜੇ ਲਾਉਂਦਾ,
ਪਰ ਫੇਰ ਨ ਥੱਕਦਾ,
ਤੇ ਮੂਲ ਨਾ ਅੱਕਦਾ।

ਇਹਨੂੰ ਠੰਢ ਨਾ ਠਾਰੇ,
ਨ ਲੋਆਂ ਪੋਹਣ,
ਇਹ ਝਖੜ ਝਾਂਝੇ,
ਰਾਹ ਰੋਕ ਨ ਸਕਣ।
ਇਹ ਥੋੜ੍ਹਾ ਖਾਵੇ।
ਥੋੜ੍ਹਾ ਈ ਹੰਢਾਵੇ,
ਇਹ ਉੱਨਾ ਬੋਲੇ,



ਜਿਹੜਾ ਕੰਮ ਸਾਰੇ।
ਇਹ ਚੁੱਪ ਚੁਪੀਤਾ।
ਇਹ ਨੀਮ-ਮੋਨ-ਧਾਰੀ,

ਜਦ ਛਾਵਾਂ ਲੰਮੀਆਂ
ਤੇ ਸੂਰਜ ਢਲਦਾ।
ਜੋਤਾਂ ਜਗ ਮਗਣ,
ਤੇ ਤਾਰੇ ਟੱਮਕਣ,
ਸਭ ਪੰਖ ਪੰਖੇਰੂ,
ਜਾ ਆਲ੍ਹਣੀਂ ਵੜਦੇ,
ਸਭ ਖਾ ਪੀ ਸੌਂਦੇ
ਆਕਾ ਵੀ ਸੌਂਦਾ,
ਚਾਕਰ ਵੀ ਸੌਂਦੇ,
ਇਹ ਛੱਡ ਛੁਡਾ ਕੇ,
ਟਿਬਿਆਂ ਵੱਲ ਜਾਵੇ।
ਕਿਸੇ ਗੋਸ਼ੇ ਬਹਿ ਕੇ,
ਅਪਣੀ ਡੰਝ ਲਾਵੇ।
ਕਦੇ ਝੋਰੇ ਝੁਰਦਾ,
ਕਦੇ ਡੁਸਕੇ ਲੈਂਦਾ,
ਕਦੇ ਹਾਸਾ ਹੱਸਦਾ,
ਕਦੇ ਰੰਗ ਵਿਚ ਰੋਂਦਾ,
ਫੇਰ ਚੁੱਪ ਚੁਪੀਤਾ,
ਘਰ ਵੱਲ ਮੁੜ ਪੈਂਦਾ।

ਕੋਈ ਘੜੀ ਪਲ ਟਿਕਦਾ,
ਮੁੜ ਉਹੋ ਕਾਰਾ,
ਮੁੜ ਉਹੋ ਵਾਜਾਂ,
ਮੁੜ ਉਹੋ ਜੋੜੀ,



Sri Satguru Jagjit Singh Ji eLibrary NamdhariElibrary@gmail.com

ਉਹੋ ਰਾਗ ਅਲਾਪੇ,
ਉਹੋ ਕੂਕ ਸੁਣਾਵੇ।
ਇਹ ਨਾਮ ਦੀ ਠੰਢਕ,
ਬਾਣੀ ਦੀ ਸੀਤਲਤਾ
ਵੈਰਾਗ ਦਾ ਭਾਂਬੜ
ਸਭ ਫੂਕ ਸੁਕਾਵੇ।
ਤੇ ਭਾਫ਼ ਬਣਾਵੇ।
ਸਿਰ ਮੱਖਣ ਪਾਈਆ,
ਜਾਂਦਾ ਨਜ਼ਰ ਨ ਆਵੇ।

ਦੂਤੀਆਂ ਤੇ ਤਾਹਨੇ,
ਸ਼ਰੀਕਾਂ ਦੇ ਮਿਹਣੇ,
ਹੋਰ ਬੋਲ ਕਬੋਲਾ,
ਮਿਸ਼ਰੀ ਜਿਉਂ ਪੀਵੇ।
ਸਭ ਝਾੜਾਂ ਝੰਬਾਂ,
ਦੁੱਖਾਂ ਦੀਆਂ ਪੰਡਾਂ,
ਇਹ ਅੰਮ੍ਰਿਤ ਜਾਣੇ।
ਇਹਦੀਆਂ ਲੰਮੀਆਂ ਆਸਾਂ
ਇਹਦੇ ਦੂਰ ਦੇ ਨਕਸ਼ੇ।
ਇਹ ਬਾਗ ਦਾ ਮਾਲੀ,
ਇਹ ਬਚਨ ਨੂੰ ਪਾਲੇ,
ਇਹਦੀ ਇਕੋ ਲਾਲਸਾ
ਮੈਂ ਸ਼ਗਨ ਮਨਾਵਾਂ।
ਮੈਂ ਪਾਣੀ ਵਾਰਾਂ।
ਮੈਂ ਸਦਕੇ ਜਾਵਾਂ।
ਜੇ ਉਡਦਾ ਪੰਛੀ
ਕੋਈ ਗੱਲ ਸੁਣਾਵੇ।
ਉਸ ਤੇ ਫੁੱਲ ਚਾੜ੍ਹਾਂ



ਜੇ ਜਾਨ ਵੀ ਜਾਵੇ,
ਤਾਂ ਬੇਸ਼ਕ ਜਾਵੇ,
ਪਰ ਬਚਨ ਨਾ ਭੇਜੇ,
ਮੇਰਾ ਸਿਦਕ ਨ ਡੋਲੇ,
ਮੇਰੀ ਸਿਖੀ ਰਹਿ ਜਾਏ,
ਮੇਰੀ ਇਕੋ ਆਸਾ।
ਮੈਨੂੰ ਦਰਸ਼ਨ ਹੋਵੇ!
ਸਭ ਨੂੰ ਦਰਸ਼ਨ ਹੋਵੇ!

## 2.

ਹੁਕਮ ਆਇਆ
''ਕਰੋ ਪਾਠ, ਪਵਾਓ ਭੋਗ
ਫੇਰ ਸਾਰੇ ਦੁੱਖ ਕੱਟੇ ਜਾਣਗੇ।"
ਸੱਤ ਬਚਨ।
ਵਰਨੀਆਂ ਦੀ ਝੜੀ ਲਗ ਪਈ
*ਅਖੰਡ ਪਾਠ ਟੁਰ ਪਏ,
ਨਾਲ ਹੀ ਸਧਾਰਨ ਪਾਠਾਂ
ਦੀ ਗੰਗਾ ਵਹਿ ਟੁਰੀ।
ਇਕ ਟੁਰੇ, ਇਕ ਪਵੇ,
ਦੂਤੀ ਦੂਤੀ।
ਉਹ ਨਾ ਟਲਣ ਆਪਣਿਆਂ
ਕਾਰਿਆਂ ਤੋਂ।
ਨਿਤ ਰਪਟਾਂ ਥਾਣੇ, ਕਚਹਿਰੀਂ।
''ਕੱਠੇ ਹੋ ਅਖੰਡ ਨੇ ਪਾਠ ਕਰਦੇ

ਗ੍ਰੰਥ ਸਾਹਿਬ ਦੇ ਪਾਠਾਂ ਤੇ ਭੋਗਾਂ ਦਾ ਕੋਈ ਅੰਤ ਨਹੀਂ ਸੀ। ਵੈਸੇ 1932ਬਿ: ਵਿਚ 101 ਅਖੰਡ ਪਾਠ ਤੇ 1933 ਵਿਚ 101 ਅਖੰਡ ਪਾਠ ਕਰਵਾਏ। ਹਰ ਸਾਲ ਪਾਠ ਤੇ ਅਖੰਡ ਪਾਠ ਤੁਰੇ ਰਹਿੰਦੇ।



Sri Satguru Jagjit Singh Ji eLibrary NamdhariElibrary@gmail.com

ਕੋਈ ਚਾੜ੍ਹ ਨ ਦੇਣ ਤੂਫਾਨ ਕੂਕੇ"
ਇਹ ਨਹੀਂ ਵੱਸਣ ਦੇਣ ਲੱਗੇ ਪੰਜਾਬ ਨੂੰ
ਦਗੜ ਦਗੜ ਪੁਲਿਸ ਦੀ,
ਧਾੜ ਆਵੇ,
ਚੜ੍ਹ ਜਾਵੇ ਮੰਦਰੀਂ।
ਛੱਤਾਂ ਤੇ,
ਕਦੀ ਉਸ ਨੁੱਕਰੇ,
ਕਦੀ ਏਸ ਗੁੱਠੇ,
ਚੱਪਾ ਚੱਪਾ ਥਾਂ ਛਾਣ ਸੁੱਟਣ।
ਮਗਰ
ਆਸ਼ਕ ਬਣਨਾ
ਸੂਲੀ ਚੜ੍ਹਨਾ ਇਕ ਸਮਾਨ।
ਪਾਠ ਚਲੇ ਗਏ ਭੋਰੀਂ।
ਜੋਤਾਂ ਜਗ ਪਈਆਂ
ਅਨ੍ਹੇਰੀ ਖੁੰਦਰੀਂ।
ਸੱਜੇ ਖੱਬੇ ਕੰਧਾਂ।
ਸਾਮ੍ਹਣੇ ਭਖਦੇ ਚੁੱਲ੍ਹੇ।
ਉੱਪਰ ਗਰਮ ਗਰਮ ਪ੍ਰਸ਼ਾਦੇ।
ਸਾਹ ਲੈਣ ਜੋਗੀ ਝੀਤ ਨ।
ਬਾਣੀ ਤਾਪ ਉਤਾਰ ਰਹੀ ਸੀ।
ਓਧਰ ਤਾਰਾਂ ਖੜਕ ਰਹੀਆਂ ਸਨ
ਅੰਦਰਲੀਆਂ।
ਬਾਪੂ ਨੂੰ ਜਾ ਖ਼ਬਰਾਂ ਪੁੱਜੀਆਂ।
ਗਲਾ ਰੁਕ ਗਿਆ।
ਪਾਣੀ ਉੜ੍ਹਾਂ ਦਾ ਉੜ੍ਹਾਂ,
ਹੇਠਾਂ ਦਾ ਹੇਠਾਂ।

ਰੋਟੀ ਭੁੱਖੇ ਨੂੰ,



ਗੁਰ ਹੈ ਮਹਾਂਪੁਰਸ਼ਾਂ ਦਾ
ਪ੍ਰੰਪਰਾ ਤੋਂ।
ਸਦਾ ਦੇਗ ਵਿਚ ਬਰਕਤਾਂ,
ਜਿਸ ਦੀ ਦੇਗ ਉਸੇ ਦੀ ਤੇਗ,
ਜਿਸ ਦੀ ਤੇਗ ਉਸੇ ਦੀ ਫਤਹ,
ਮਗਰ ਅਨ੍ਹੇਰੀ ਨੇ ਸਾਰੇ
ਭਾਂਡੇ ਮੂੰਧੜੇ ਕਰ ਦਿੱਤੇ।
ਨਿੱਤ ਨਵੇਂ ਸੂਰਜ
ਦਰਸ਼ਨ' ਅਭਲਾਸ਼ੀ ਲੁਕ ਲੁਕ ਆਵਣ।
ਰਸਤਾਂ ਮਸਤਾਨੀਆਂ।
ਭੋਰ ਭੋਰ ਖਾਧਾ।
ਖਾਂਦਿਆਂ ਖੂਹ ਨਿਖੁਟਦੇ।
ਸੂਲੀ ਚੜ੍ਹਨਾਂ ਸੌਖਾ
ਭੁਖੇ ਰਹਿਣਾ ਔਖਾ।
ਮੁੱਕ ਗਈ ਸਤਿਗੁਰਾਂ ਦੀ
ਰੱਖੀ ਮਾਇਆ।

ਬਾਹਰ ਗਏ,
ਝੋਰਾ ਝੁਰਿਆ,
ਡੋਬੂ ਖਾਂਦਿਆਂ,
ਡੁਸਕਣ ਲੱਗ ਪਏ,
ਡਾਢਾ ਤੜਫਾਇਆ
ਆਲਾ ਦੁਆਲਾ।
ਜੰਗਲ, ਬੇਲੇ, ਜੰਡ, ਕ੍ਰੀਰ
ਸਭ ਡੋਲ ਗਏ।
ਮੋਢੇ ਤੇ ਹੱਥ ਆ ਵੱਜਾ
ਅਚਨ ਅਚੇਤ।
ਤਬਕ ਨਾਲ ਅੱਖਾਂ ਖੁੱਲ੍ਹੀਆਂ।


Sri Satguru Jagjit Singh Ji eLibrary NamdhariElibrary@gmail.com

ਸਾਮ੍ਹਣੇ ਖੜੇ ਸਨ ਆਜਾਨ ਬਾਹੂ।
ਲੰਮੀ ਗਰਦਨ,
ਕੰਵਲ ਨੇਤਰ,
ਹਰ ਥਾਂ ਰਮੇ ਰਾਮ।
ਜਿਵੇਂ ਥੰਮ ਪਾੜ ਪ੍ਰਗਅ ਹੋਏ
ਪ੍ਰਹਿਲਾਦ ਸਮੇਂ।
ਜਿਵੇਂ ਗਜਿੰਦਰ ਦੀ ਸਹਾਇਤਾ ਕੀਤੀ,
ਫਸੇ ਤੰਦੂਏ ਦੀਆਂ ਤਾਰਾਂ।
ਜਿਵੇਂ ਪ੍ਰਤੱਖ ਦਰਸ਼ਨ
ਭਾਈ ਰਾਏ ਸਿੰਘ ਨੂੰ।
ਤਿਵੇਂ ਆ ਖਲੋਤੇ ਸਾਮ੍ਹਣੇ
ਅੱਖੀਆਂ ਦੇ।
"ਹਰੀ ਸਿੰਘਾ! ਦਿਲ ਨ ਡੁਲਾ,
ਮੈਂ ਤੇਰੇ ਕੋਲ ਹਰਦਮ,
ਅੱਠੇ ਪਹਿਰ,
ਤੂੰ ਕਰੀ ਜਾ ਅਪਣਾ ਕੰਮ
ਤੋਟ ਨਹੀਂ ਆਉਂਦੀ ਕਿਸੇ ਗੱਲੋਂ,
ਭਾਵੇਂ ਖਾ ਖਾ ਜਾਵੇ,
ਖੂਹਣੀਆਂ ਅਸੰਖ,
ਇਹ ਭੰਡਾਰਾ ਧੁਰ ਦਰਗਾਹੋਂ।"

3.

ਜਬਰ ਦੀ ਤਲਵਾਰ,
ਸਬਰ ਦੀ ਢਾਲ,
ਜਬਰ ਦਾ ਬਾਣ,
ਸਬਰ ਦੀ ਸੰਜੋਅ,
ਧੱਕੇ ਦਾ ਤਬਰ,
ਨਿਮ੍ਰਤਾ ਦੀ ਆਹਰਣ,



ਸਭ ਦੇ ਮੂੰਹ ਖੁੰਢੇ ਕਰ ਦੇਣ।
ਨਹੀਂ ਮਰਦਾ ਸ਼ਤਰੂ
ਕਿਸੇ ਸ਼ਸਤਰ ਨਾਲ।
ਦਿਆਲਤਾ ਦੀ ਤਲਵਾਰ
ਬਹੁਤੀ ਕਾਟ ਕਰੇ।
ਬੈਂਤ ਰੁਖੜੇ ਦਾ
ਨਹੀਂ ਕੁਝ ਕਰ ਸਕਦੇ
ਪਾਣੀ ਦੇ ਹੜ੍ਹ।
ਰੂਈ ਨ ਕੱਟੀ ਜਾਂਦੀ ਨਾਲ ਕਟਾਰ
ਅੰਨ੍ਹੀਆਂ ਅਨ੍ਹੇਰੀਆਂ
ਨ ਕਰ ਸਕਣ ਵਿਗਾੜ
ਕੋਮਲ ਘਾਹ ਦਾ।
ਕਾੜ ਕਾੜ ਟੁਟਣ,
ਬੁਰਜ ਮੁਨਾਰਿਆਂ ਦੇ।
ਅਧਵਾਟਿਓਂ ਲਟਕਦੇ
ਲੰਮੇ ਕਾਠਾਂ ਵਾਲੇ ਰੁਖੜੇ।
ਨੀਵਾਂ ਜਿੱਤੇ, ਉਚੇਰਾ ਹਾਰੇ।
ਠੰਡੀ ਮੂਰਤੀ ਕੋਲ ਸੀ,
ਇੱਕ ਧਨ,
ਜਿਸਦੇ ਭਰੇ ਪਏ ਸਨ
ਭੰਡਾਰਿਆਂ ਦੇ ਭੰਡਾਰੇ,
ਬੇਅੰਤ ਖਜ਼ਾਨੇ।
ਈਰਖਾ ਕਰਨ ਸਮੇਤ ਤੇ ਕੁਬੇਰ।
ਉਹ ਸੀ ਸੋਹਣਾਂ ਮੰਤਰ
ਬਾਬੇ ਨਾਨਕ ਦਾ।
ਜਿਸਦੇ ਸਾਮ੍ਹਣੇ ਸਭ ਹੇਚ,
ਫਜ਼ੂਲ, ਲਚਰ, ਵਹਿਮ।
ਸਿਆਲ ਹੋਵੇ ਹੁਨਾਲ,



Sri Satguru Jagjit Singh Ji eLibrary NamdhariElibrary@gmail.com

ਵਾ ਹੋਵੇ ਠੱਕਾ,
ਝੱਖੜ ਹੋਵੇ, ਅਨ੍ਹੇਰੀ
ਨਿਤ ਕਰਮ।
ਢੇਰਾਂ ਦੀ ਢੇਰ ਲਾਈ ਜਾਣ।
ਸੂਰਜ ਦੀ ਟਿਕੀ
ਸਿਮਰਨ ਭਗਉਤੀ ਮਾਤਾ,
ਜਿਹਨੂੰ ਸਿਮਰਿਆ
ਕਲਗੀ ਵਾਲੇ ਪਾਤਸ਼ਾਹ।
ਜ਼ੁਲਮ ਰਾਜ ਦੀਆਂ ਜੜ੍ਹਾਂ
ਖੋਖਲੀਆਂ ਕਰਨ ਹਿਤ,
ਨੈਣਾਂ ਦੇਵੀ ਟਿਲੇ, ਪੂਰਾ ਸਾਲ।
ਸਾਰੀ ਪੰਜ ਗ੍ਰੰਥੀ ਕੰਠੋਂ, ਪਾਠ
ਸਮੇਤ ਸੌ ਪਤਰਾ ਗਰੰਥ ਸਾਹਿਬ ਦਾ।
ਰਸਨਾ ਕਿਸੇ ਵੇਲੇ ਵਿਹਲੀ ਨ ਰਹੇ
ਇੱਕੀ ਅਠੋਤਰੀਆਂ ਦੇ
ਗੇੜੇ ਦੇਣ।
ਮਿਠਾਸ ਵਧਦੀ ਜਾਵੇ,
ਨਿਮ੍ਰਤਾ ਦੇ ਹੜ੍ਹ ਆਉਂਦੇ ਜਾਣ,
ਅਠੇ ਪਹਿਰ ਮਸਤ ਅਲਮਸਤ,
ਅਗੰਮੀ ਰੰਗ ਵਿਚ
ਨੇਤਰ ਗੜੂੰਦੇ।
ਖੁਮਾਰੀਆਂ ਚੜ੍ਹੀਆਂ।
ਜਿਧਰ ਤਰੁੱਠ ਪਏ
ਬਦਲ ਦਿਤੀ ਕਾਇਆ।
ਜ਼ੋਰ ਨਹੀਂ ਚੜ੍ਹ ਸਕਦਾ
ਲਹੂ-ਤਿਹਾਇਆਂ
ਆਪਣਿਆਂ ਤੇ ਪ੍ਰਾਇਆਂ ਦਾ।



ਨੰਦਾਂ ?
ਛਿੱਬੀਆਂ ਦੇਵੇ,
ਬੋਲ ਕਬੋਲ ਬੋਲੇ
"ਬਾਗ਼ਾਂ ਦੇ ਮਾਲੀ ਟੁਰ ਗਏ
ਤੋਤੇ ਕਰਨ ਬਹਾਰਾਂ"
ਸਭੋ ਸੁਣਿਆ ਅਣਸੁਣਿਆ।
ਕਈ ਕਈ ਦਿਨ
ਪ੍ਰਸ਼ਾਦ ਨਹੀਂ ਪਾਉਣਾ।
ਗਲੀਓਂ ਨਹੀਂ ਲੰਘਣਾ
ਮਤੇ-ਕੁੜੀ ਔਖੀ ਹੋਵੇ।

ਸ਼ਰੀਕਾਂ ਦੀ ਸ਼ਰੀਕੀ,
ਤਾਨੇ ਮੇਹਣੇ,
ਸਬਰ ਦੇ ਨਿਕੇ ਜੇਹੇ
ਪਿਆਲੇ ਵਿਚ ਖਪ ਗਏ,
ਪਤਾ ਨਹੀਂ ਕਿਹੜੀ ਤਹਿ ਹੇਠਾਂ
ਜਾ ਲੁਕੇ।
ਠੀਕ !
"ਸਬਰ ਅੰਦਰ ਸਾਬਰੀ
ਤਨ ਏਵੇਂ ਜਾਲੇਨਿ
ਹੋਣ ਨਾਜੀਕ ਖੁਦਾਇ ਦੇ
ਭੇਤ ਨ ਕਿਸੈ ਦੇਨਿ।"
ਇਹ ਤਾਂ ਸੀ ਆਪ ਖੁਦਾ
ਸਗੋਂ ਖੁਦਾ ਦਾ ਵੀ ਖੁਦਾ।
ਸਭ ਨਿੱਸਲ ਹੋ ਗਏ,
ਹੰਕਾਰੀ, ਜਾਬਰ,
ਮੀਣੇ, ਮਸੰਦ,
ਗਲ ਘੋਟੂ ਗੋਰੇ ਤੇ,



Sri Satguru Jagjit Singh Ji eLibrary NamdhariElibrary@gmail.com

ਉਨ੍ਹਾਂ ਦੇ ਚਾਟੜੇ
ਭੌਂਕ ਭੌਂਕ ਥੱਕ ਹੁੱਟੇ।
ਸਭਨਾ ਕੰਨ ਸੁਟ ਲਏ
ਓਸ ਸਿਮਰਨ ਅਗੇ
ਜਿਸ ਨੂੰ ਆਪ ਸਿਮਰਦਾ ਸੀ।
ਹੋਰਨਾਂ ਤੋਂ ਸਿਮਰਾਂਦਾ ਸੀ।
*ਸਿਮਰਹੁ ਸਿਮਰਿ ਸਿਮਰਿ
ਸੁਖ ਪਾਵਹੁ।
ਕਲਿ ਕਲੇਸ ਤਨਿ ਮਾਹਿ ਮਿਟਾਵਹੁ।

---

ਗੁਰੂ ਹਰੀ ਸਿੰਘ ਜੀ, ਕੱਦ ਲੰਮਾ, ਰੰਗ ਸਾਂਵਲਾ, ਨੇਤਰ ਮੋਟੇ, ਗਰਦਨ ਲੰਮੀ-ਉਚੀ, ਨੱਕ ਇਤਨਾ ਲੰਮਾ ਕਿ ਜਲ ਛਕਣ ਲਗਿਆਂ ਪਾਣੀ ਵਿਚ ਡੁਬ ਜਾਂਦਾ।
ਸਵੇਰੇ 2 ਵਜੇ ਸੁਖ ਸੇਜਾ ਤੋਂ ਉਠ ਕੇ ਬਾਹਰ ਜੰਗਲ ਜਾਂਦੇ।
ਰਾਗਾ ਸਿੰਘ ਜੀ ਨਾਲ ਜਲ ਦਾ ਗੜਵਾ ਲੈ ਹਾਜ਼ਰ ਰਹਿੰਦੇ। ਇਸ਼ਨਾਨ ਕਰ ਚੁਬਾਰੇ ਵਿਚ ਭਜਨ ਬੰਦਗੀ ਵਾਸਤੇ ਜੁੜ ਬੈਠਦੇ। ਬਾਹਰ ਰਾਗੀ ਸਿੰਘ ਕੀਰਤਨ ਕਰਦੇ। ਸੂਰਜ ਦੀ ਟਿੱਕੀ ਨਾਲ ਚੰਡੀ ਦੀ ਵਾਰ ਦਾ ਭੋਗ ਪਾਉਂਦੇ। ਸਫਾਈ ਆਦਿ ਤਕ ਕੇ ਕੰਮ ਧੰਦੇ ਦੀ ਨਿਗਰਾਨੀ ਕਰਕੇ, ਬਾਹਰ ਜਾਂਦੇ। ਮਗਰ ਮਾਲਾ ਹਰ ਵੇਲੇ ਫਿਰਦੀ ਰਹਿੰਦੀ। ਪਿਛਲੇ ਪਹਿਰ ਕਥਾ ਹੁੰਦੀ, ਉਸ ਵਿਚ ਤੇ ਫੇਰ ਕੀਰਤਨ ਵਿਚ ਦਰਸ਼ਨ ਦੇਂਦੇ ਤਦ ਵੀ ਨੀਵੀਂ ਨਜ਼ਰ ਕਰਕੇ ਚੀਨੀ ਵਾਲੇ ਨੂੰ ਯਾਦ ਕਰਦੇ ਰਹਿੰਦੇ।
ਪਿਛਲੇ ਪਹਿਰ ਅਰਥਾਤ 8 ਪਹਿਰਾਂ ਪਿਛੋਂ ਪ੍ਰਸ਼ਾਦ ਛਕਦੇ, ਦੁਧ-ਚੌਲ। ਜਲ ਵਿਚ ਅਧ ਸੇਰ ਕੱਚਾ ਘਿਉ ਉਬਾਲ ਕੇ ਛਕਦੇ। ਰਾਤ ਨੂੰ ਸੇਵਾਦਾਰਾ ਤੇ ਸੰਤਾਂ ਮਹੰਤਾਂ ਸਹਿਤ ਦੀਵਾਨ ਲਗਦਾ ਉਸ ਵਿਚ ਵੀ ਦਰਸ਼ਨ ਦੇਂਦੇ। ਜਦ ਸੇਵਾਦਾਰ ਸੌਂ ਜਾਂਦੇ ਤਾਂ ਆਪ ਫੇਰ ਭਜਨ ਕਰਨ ਲਗ ਪੈਂਦੇ। ਰਾਤ ਢਲੀ ਸੇਵਾਦਾਰਾਂ ਨੂੰ ਉਠਾ ਕੇ ਇਸ਼ਨਾਨ ਪਾਨ ਕਰ ਫੇਰ ਉਸੇ ਪਾਸੇ ਜੁੜ ਜਾਂਦੇ। ਹਰ ਰੋਜ਼ 21 ਮਾਲਾਂ ਫੇਰਦੇ। ਭਗਉਤੀ ਦੀਆਂ ਮਾਲਾਂ ਵੱਖਰੀਆਂ ਕਰਦੇ। ਇਨ੍ਹਾਂ ਦਾ ਨੇਮ ਸੀ, ਪੰਜੇ ਬਾਣੀਆਂ, ਸਾਰੀ ਪੰਜ ਗ੍ਰੰਥੀ ਕੰਠੋਂ ਅਤੇ 100 ਪਤਰਾ ਦਰਬਾਰ ਸਾਹਿਬ ਦਾ ਨਿਤਾ ਪ੍ਰਤੀ ਕਰਨਾ।
ਪਤਲਾ ਕੁੜਤਾ ਹਾੜ ਸਿਆਲ ਰਖਦੇ। ਸਹਿਨਸ਼ੀਲਤਾ ਸੀ, ਬੀਬੀ ਨੰਦਾ (ਭਤੀਜੀ) ਛਿੱਬੀਆਂ ਦਇਆ ਕਰਦੀ ਸੀ, ਮਗਰ ਉਸਦੀ ਸੁਣ-ਅਨਸੁਣੀ ਕਰ ਛਡਦੇ। ਕਈ ਕਈ ਦਿਨ ਪ੍ਰਸ਼ਾਦ ਨਾ ਛਕਦੇ ਕਿ ਕੁੜੀ ਔਖੀ ਹੁੰਦੀ ਹੈ।
ਸੁਖੂ, ਘੁੰਮਡਾ, ਆਦਿ ਖਹਿਬੜਦੇ ਰਹਿੰਦੇ—ਪੁਲਿਸ ਵਾਲੇ ਵੀ ਅੱਤ ਤੰਗ ਕਰਦੇ ਮਗਰ, ਸਬਰ ਸੀਲਤਾ ਨਾਲ ਸਭ ਕੁਝ ਸਹਾਰ ਗਏ ਅਤੇ ਬਗੀਚੇ ਨੂੰ ਹਰਿਆ ਭਰਿਆ ਰਖਿਆ।

(ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਮੁਖਾਰਬਿੰਦ ਤੋਂ)



## 4.
## ਮੱਕੇ ਦੇ ਹਾਜੀ

ਸ੍ਰੀ ਭੈਣੀ ਸਾਹਿਬ।
ਬੰਦੀ ਖਾਨਾ।
ਕੋਈ ਨਹੀਂ ਆ ਸਕਦਾ ਬਿਨਾ ਪੁਛੇ।
ਦਰਸ਼ਨ ਅਭਲਾਸ਼ੀ ਤੜਫਣ,
ਯਾਤਰੀ ਬਿਹਬਲ।

ਬਾਬਾ ਦਰਬਾਰਾ ਸਿੰਘ
ਕਾਰ ਮੁਖਤਿਆਰ
ਗਿਆ ਲੁਧਿਆਣੇ
ਕਿਸੇ ਕੰਮ, ਪੁਲਿਸ ਕਪਤਾਨ
ਦੇ ਬੰਗਲੇ।
ਬਾਰਬਟਨ ਦੋਗਲਾ,
ਪਰਲੇ ਦਰਜੇ ਦਾ ਛਟਿਆ ਫੂਕਿਆ,
ਕਟੜ ਵੈਰੀ ਕੂਕਿਆਂ ਦਾ।
ਮਗਰ,
ਘਰ ਵਾਲੀ
ਸਵੇਰ ਸਾਰ ਨਾਉਂ ਲੈਣ ਵਾਲੀ।
ਨਿਰੀ ਦੇਵੀ।
"ਬਾਬਾ! ਜਾਣਤੇ ਹੋ ਟੁਮ?
ਟੁਮਾਰਾ ਗੁਰੂ ਕਹਾਂ?"
"ਮੇਮ ਸਾਹਿਬ! ਨਹੀਂ
ਅਸੀਂ ਕੀ ਜਾਣੀਏ ਕਿਥੇ ਹੈ
ਸਾਡੇ ਸਿਰਾਂ ਦਾ ਸਾਂਈਂ?


Sri Satguru Jagjit Singh Ji eLibrary NamdhariElibrary@gmail.com

ਅਸੀਂ ਕੈਦ
ਜੀਉਂਦੇ ਮੜ੍ਹੀਆਂ 'ਚ।"
"ਟੁਮਾਰਾ ਗੁਰੂ ਰੰਗੂਨ
ਬ੍ਰਹਮਾ ਦੇਸ਼,
ਬਹਾਦਰ ਸ਼ਾਹ ਵਾਲੇ ਬੰਗਲੇ।
ਕਲਕਤਿਓਂ ਜਹਾਜ਼
ਹਰ ਸਾਤੇ ਜਾਏ ਪੰਦਰੀਂ ਦਿਨੀਂ।"
ਬਟਨ ਬਟ ਚਾੜ੍ਹੇ,
ਨੱਕ ਵਿੰਗਾ ਕਰੇ,
ਘੂਰੀਆਂ ਵਟੇ।
ਪਰ
ਦੇਵੀ ਦੇ ਅੰਦਰੋਂ
ਫੁਲਾਂ ਦੀ ਵਰਖਾ।
ਬਾਬਾ ਅਦਬ ਕਰ ਮੁੜਿਆ।

ਹੀਰ ਨੂੰ ਤਕਣ
ਰਾਂਝਾ ਗਿਆ ਖੇੜੀਂ
ਭੇਸ ਵਟਾ, ਕੰਨ ਪੜਵਾ
ਮੁੰਦਰਾਂ ਪਾ, ਜਟਾ ਧਾਰ
ਜੋਗੀ ਬਣ
ਯਾਰ ਨੂੰ ਮਿਲਣ ਖਾਤਰ
ਸੌ ਸੌ ਭੇਸ ਵਟਾਈ ਦਾ।
ਬਾਬਾ ਗਿਆ ਪਟਿਆਲੇ।
ਪੁੱਤ ਨੂੰ ਸਮਝਾਇਆ
ਕਿਸੇ ਹਕੀਮ ਨੂੰ ਮਿਲਿਆ
ਕੁਝ ਗਾਂਢਾ ਸਾਂਢਾ ਕੀਤਾ।
ਉਸ ਨੁਸਖਾ ਲਿਖ ਦਿੱਤਾ,
ਪੂਰਾ ਚਾਲੀਆ ਸੂਰਜ ਨਹੀਂ ਤਕਣਾਂ।



ਚੰਨ ਦੀਆਂ ਕਿਰਨਾਂ ਨਜ਼ਰ ਨਾ ਪੈਣ,
ਦਵਾਈ ਖਾਧੀ ਜਾਵੇ ਨਾਲ ਪੱਥ।
ਇਕੋ ਟਹਿਲੂਆ ਆਵੇ,
ਈਸ਼ਵਰ ਕਰੇ ਮੇਹਰ,
ਦੇਹ ਹੋਵੇ ਕੰਚਨ ਵਰਗੀ,
ਰੋਗ ਹੋਵੇ ਦੂਰ।
ਘਰ ਵਾਲਿਆਂ ਨੂੰ ਸਮਝਾ ਬੁਝਾ
ਬਾਬਾ ਹੋ ਗਿਆ ਤਿਆਰ।

ਤੇੜ ਰੇਬ ਪਜਾਮਾਂ,
ਪਟਿਆਲੇ ਸ਼ਾਹੀ ਠੋਕਵੀਂ ਪੱਗ
ਦਾੜ੍ਹਾ ਪਾੜ ਕੇ,
ਘੁੰਗਰੀਆਂ ਵਾਲਾ
ਲਿਸ਼ ਲਿਸ਼ ਕਰਦਾ ਕੁੜਤਾ,
ਚਾਂਦੀ ਦੇ ਸੰਮ ਵਾਲੀ ਸੋਟੀ,
ਜ਼ਰਈ ਪੋਠੋਹਾਰੀ ਜੁੱਤੀ,
ਹੋਇਆ ਰਵਾਨਾ ਅੰਬਾਲੇ।
ਅੰਬਾਲਿਉਂ ਕਲਕੱਤੇ।
ਮੁੜ ਜਹਾਜ਼ੇ
ਪਿਆਰੇ ਦੀ ਪਿਆਰੀ ਮਰਯਾਦਾ
ਢਿੱਲੀ ਨਹੀਂ ਹੋਣ ਦਿੱਤੀ।
ਪਾਣੀ ਤਕ ਨਹੀਂ ਪੀਤਾ ਸੱਤ ਦਿਨ।
ਨੌਕਰ ਸ਼ਾਹੀ ਦੀਆਂ ਅੱਖਾਂ
ਵਿਚ ਘਟਾ ਪਾਉਂਦਿਆ
ਗੁਣ ਗੁਣਾਉਂਦਿਆਂ
"ਅੱਖੀਂ ਘੱਟਾ,
ਮੂੰਹ ਵਿਚ ਡੱਟਾ,
ਬਿਟ ਬਿਟ ਤਕੇ,



Sri Satguru Jagjit Singh Ji eLibrary NamdhariElibrary@gmail.com

ਵੇਖ ਨ ਸਕੇ,
ਜਾਲਮਾਂ ਨੂੰ ਗੁਰੂ
ਹਰਿ ਗੋਬਿੰਦ ਦੇ ਧਕੇ।"
ਪੁਜ ਗਿਆ ਬਰਮੀਆਂ ਦੀ ਧਰਤੀ।
ਲੁਕਣ ਮੀਟੀ ਖੇਡ ਖੇਡੀ
ਗੁਪਤ ਚਰਾਂ ਨਾਲ।

ਅੰਤ ਪੁਜ ਗਿਆ ਦਰਬਾਰਾ ਸ਼ੇਰ
ਸਚੇ ਦਰਬਾਰ,
ਜਾ ਡਿਗਾ ਧੜੰਮ ਕਰਦਾ ਚਰਨੀਂ।
ਗੰਗਾ ਜਮਾਨਾ ਹੜ੍ਹ ਹੜ੍ਹ ਆਈਆਂ।
ਕੋਮਲ ਚਰਨ ਡੁੱਬ ਗਏ
ਹੜਾਂ ਦੇ ਪਾਣੀਆਂ ਨਾਲ।
ਜੱਫੀ ਵਿਚ ਲੈ ਲਿਆ
ਸੱਚੀ ਸਰਕਾਰ ਨੇ।
ਅਜਬ ਮਿਲਣੀ!
ਵਾ ਵਗਦੀ ਰੁਕ ਗਈ,
ਸੂਰਜ ਥੰਮ ਗਇਆ,
ਆਸ਼ਿਕ ਮਾਸੂਕ ਦਾ ਵਸਲ ਵੇਖ।
ਹੁਣ ਉਤਰੀਆਂ ਸੁਰਤਾਂ ਹੇਠਾਂ
ਜੀਭਾਂ ਤੇ ਥਰਥਰਾਹਟ।
ਪ੍ਰੇਮੀਆਂ ਨੂੰ ਸਦਾ ਤਾਨ੍ਹੇ ਮੇਹ੍ਣੇ।
ਸੁਣਨੀਆਂ ਪੈਣ ਕੌੜੀਆਂ ਫਿੱਕੀਆਂ।
"ਓਏ ਦਰਬਾਰਿਆ! ਬੜੀਆਂ
ਟਾਰ੍ਹਾਂ ਮਾਰਿਆ ਕਰਦੇ ਸੌ?
ਭਾਲ ਨਾ ਕੀਤੀ ਗਵਾਚੀ ਵੱਛੀ ਜਿੰਨੀ?
ਢੂੰਡਿਆ ਨਾ ਗਵਾਚੇ ਚੂਚੇ ਜਿੰਨਾ?
ਡੁੱਲ੍ਹ ਪਇਆ ਦਰਬਾਰਾ,



"ਜਿਸ ਤਨ ਲਾਗੇ ਸੋ ਤਨ ਜਾਣੇ।
ਕੀ ਦਸੀਏ ਕੀ ਭਾ ਵਿਕਦੀ
ਏ ਕੂਕਿਆਂ ਨਾਲ।
ਪੱਤਾ ਪੱਤਾ ਵੈਰੀ,
ਪੈਰ ਪੈਰ ਠੇਡੇ,
ਰੋਮ ਰੋਮ ਕੰਡੇ,
ਰੋੜੇ ਪੱਥਰ ਹਨ ਕੂਕਿਆਂ ਦੇ
ਰਾਹੀਂ,
ਬੁਧ ਸਿੰਘ ਹੀ ਹੈ
ਸਿਰ ਡਾਹੀ ਜਾ ਰਹਿਆ।"
ਓਸੇ ਵੇਲੇ ਬਾਪੂ ਲਿਖ ਦਿੱਤਾ
ਚਿਟੇ ਤੇ ਕਾਲਾ
ਆਪਣੀ ਹੱਥੀਂ
"ਅਜ ਤੋਂ ਇਹ ਹਰੀ ਸਿੰਘ ਹੋਇਆ।
ਇਹਨੂੰ ਸਿਰ ਕਰਤਾ ਜਾਣਨਾ,
ਬਖ਼ਸ਼ ਸਕੇਗਾ ਮੇਰੇ ਧਕਿਆਂ ਨੂੰ ਇਹ
ਮੈਂ ਨਹੀਂ ਸਕਾਂਗਾ ਬਖਸ਼-
ਇਸਦੇ ਧਕੇ ਨੂੰ!"

ਬਾਬਾ ਮੁੜਿਆ ਵਤਨਾਂ ਨੂੰ
ਗਜ ਗਜ ਲਾਲੀਆਂ,
ਕੁਮਲਾਈਆਂ ਕਲੀਆਂ ਟਹਿਕ ਉਠੀਆਂ,
ਕਰੂੰਬਲਾਂ ਧੌਣਾਂ ਚੁਕ ਚੁਕ ਵੇਖਣ,
ਖੇੜਾ ਪਸਰ ਪਇਆ ਚੁਫੇਰੇ।
ਮਹਿਕਾਂ ਦੇ ਬੁੱਲੇ ਉਡਣ ਲੱਗੇ।
ਹੁਕਮ ਨਾਮਾ ਪੜ੍ਹਿਆ, ਵਾਚਿਆ
ਤੇ ਅਗਨ-ਭੇਟ!
ਪੁਤਰ ਜੰਮੇ ਤੇ ਪ੍ਰੇਮ ਕਹਾਣੀਆਂ



Sri Satguru Jagjit Singh Ji eLibrary NamdhariElibrary@gmail.com

ਕਦ ਛੁਪਣ ?
ਲੁਕਾਇਆਂ ਨਹੀਂ ਲੁਕਦੀਆਂ।
ਉਡ ਗਈਆਂ ਖ਼ਬਰਾਂ
ਕਾਬਲ ਤੇ ਕੰਧਾਰੀਂ,
ਜੋਤ ਜਗ ਪਈ
ਸ੍ਰੀ ਭੈਣੀ ਸਾਹਿਬ।
ਸੰਗਤਾਂ ਵਹੀਰਾਂ ਘੱਤ ਦਿੱਤੀਆਂ।
ਫੇਰ ਗਹਿਮਾਂ ਗਹਿਮ
ਆ ਹੋਈ।
ਪੁਲਸੀਏ ਬਥੇਰਾ ਟਿੱਲ ਲਾਉਣ
ਪਟ ਭੀੜਨ
ਚਾਨਣਾਂ ਕਦ ਰੁਕੇ
ਪਰੋਲੇ ਤਾਣਿਆਂ
ਸੂਰਜ ਕਦ ਲੁਕਦਾ ਹੈ
ਕੁਨਾਲੀਆਂ ਹੇਠ।

2.
ਆਸ਼ਿਕ ਇਸ਼ਕ ਮਾਸ਼ੂਕ
ਲਾਜ਼ਮ ਮਜ਼ਲੂਮ।
ਨਿਖੜ ਨਹੀਂ ਸਕਦੇ
ਇਕ ਦੂਜੇ ਤੋਂ
ਧੁਰਾਂ ਤੋਂ ਮੇਲਾ।
ਪਰ
ਆਸ਼ਕ ਬਣਨਾ
ਸੂਲੀ ਚੜ੍ਹਨਾ ਇਕ ਸਮਾਨ
ਇਸ ਲਟਬੌਰੇ ਨੂੰ
ਚਾਰਨੀਆਂ ਪੈਣ ਮੱਝੀਆਂ,
ਪੁੱਟਣੀਆਂ ਪੈਣ ਨਹਿਰਾਂ,



ਪਰਬਤਾਂ ਦੀਆਂ ਛਾਤੀਆਂ
ਚੀਰਨੀਆਂ ਪੈਣ,
ਠਿਲ੍ਹਣਾ ਪੈਂਦਾ ਹੈ ਸ਼ੂਕਦੀਆਂ ਨੈਈਂ
ਕੱਚਿਆਂ ਘੜਿਆਂ ਤੇ,
ਇਥੇ ਖੱਲ ਲੁਹਾਣੀ ਪੈਂਦੀ,
ਰੱਖਣਾ ਪੈਂਦਾ ਹੈ ਸਿਰ ਆਰੇ ਦੇ
ਦੰਦਿਆਂ ਹੇਠ,
ਸਹਿਣੀ ਪੈਂਦੀ ਹੈ ਉਬਲਦੀ ਦੇਗ,
ਲੁਹਾਣੀ ਪੈਂਦੀ ਹੈ ਖੋਪਰੀ,
ਬੰਦ ਬੰਦ ਕਟਵਾਉਣ ਵਿਚ ਸਵਾਦ,
ਹਿਕਾਂ
ਤਾਨਣੀਆਂ ਪੈਣ
ਤੋਪਾਂ ਅੱਗੇ।
ਪਰ
ਸੀ ਨਹੀਂ ਨਿਕਲਦੀ ਮੂੰਹੋਂ,
ਸ਼ੁਕਰ ! ਸ਼ੁਕਰ !! ਸ਼ੁਕਰ !!!
ਮਿਹਰ ਦੇ ਕਲਮੇ ਦੀ ਮੁਹਾਰਨੀ।

ਮਗਰ
ਵਿਹੜਿਆ ਗਿਆ ਸੰਸਾਰ
ਮਜਾਜ਼ੀਆਂ ਨਾਲ।
ਜਿਹੜੇ ਚੀਚੀ ਨੂੰ ਲਹੂ ਲਗੌਣ
ਸ਼ਹੀਦਾਂ ਦੀ ਜਮਾਤ ਵਿਚ ਦਾਖ਼ਲ।
ਡਿੱਗਣ ਮੂਧੜੇ ਮੂੰਹ
ਰਾਹ ਵਿਚ।
ਉਤਰਿਆ ਹੁੰਦਾ ਹੈ ਨੇਤਰੀਂ
ਮੋਤੀਆ ਬਿੰਦ।
ਉਹ ਨਹੀਂ ਪਰਖ ਸਕਦੇ


Sri Satguru Jagjit Singh Ji eLibrary NamdhariElibrary@gmail.com

ਸਤਿ ਅਸਤਿ,
ਚਿੱਟੇ ਪੋਚੇ ਤੇ ਹੀ ਡੁੱਲ੍ਹ ਪੈਣ,
ਨੂਰ ਤਕ ਨ ਪੁੱਜ ਸਕਣ,
ਨ ਬਣ ਸਕਣ ਪਰਵਾਨੇ।

ਆਸ਼ਕਾਂ ਦੇ ਆਸ਼ਕ
ਸਿਰ ਤੇ ਖੱਫਣ ਬੰਨ੍ਹ
ਲਿਆ ਦਿੱਤੀਆਂ ਖ਼ਬਰਾਂ
ਸੁਖ ਸੁਖਾਂ ਦੀਆਂ
ਬਿਰਹਾ ਕੁਠੀਆਂ ਰੂਹਾਂ ਨੂੰ।
ਜੋਤ ਦਾ ਪਤਾ ਲਗਾ,
ਪਰਵਾਨਿਆਂ ਝੁਰਮੁਟ
ਪਾਉਣਾ ਅਰੰਭਿਆ।
ਭਾਵੇਂ
ਦੂਰ ਦੀਆਂ ਵਾਟਾਂ
ਕਾਲੇ ਕੋਹ, ਸਾਗਰਾਂ ਤੋਂ ਪਾਰ,
ਬਿਖੜਾ ਪੈਂਡਾ,
ਖ਼ੂਨੀ ਸ਼ੇਰ ਬਘੇਲਿਆਂ ਨਾਲ
ਭਰਪੂਰ,
ਨਾਲ ਹੀ ਵਾਉ ਠੱਕਾ,
ਝੱਖੜ ਅਨ੍ਹੇਰੀਆਂ
ਗੜਾ ਗੋਲਾ,
ਬੰਦੂਕਾਂ ਦਾ ਪਹਿਰਾ,
ਸੰਗੀਨਾਂ ਵਾਲੇ ਸੰਤਰੀ,
ਪਰ
ਕੌਣ ਰੁਕੇ ?
ਵਹੀਰਾਂ ਘੱਤ ਦਿੱਤੀਆਂ
ਕੂੰਜਾਂ ਦੀਆਂ ਡਾਰਾਂ ਵਾਂਗ।



ਮੱਕੇ ਦੇ ਹਾਜੀ
ਪਰਵਾਹ ਨਾ ਕਰਦੇ ਟੁੰਡੇ ਲਾਟ ਦੀ
ਬਸ ਚੱਲ ਸੋ ਚੱਲ
ਇਕ ਗਿਆ ਦੂਜਾ ਆਇਆ।
ਬੁੱਢੇ, ਜਵਾਨ, ਮਰਦ, ਇਸਤ੍ਰੀਆਂ
ਭੁੱਖ ਤ੍ਰੇਹ ਅਟਕਾ ਨ ਸਕੀ।
ਬੇਪ੍ਰਵਾਹ, ਅਲਬੇਲੇ, ਮਸਤ।
ਗੋਰੇ ਦਾ ਜਬਰ,
ਬਟਨ ਦੇ ਤਸੀਹੇ,
ਫੁਲ ਸਨ ਫੁਲ
ਚੰਬੇਲੀ ਦੇ ਬਿਨਾਂ ਕੰਡਿਆਂ।
ਇਹ ਨਿਰਭੈ, ਬੇ-ਖੌਫ,
"ਨਾਗਾਂ ਵਾੜ ਸਮੁੰਦ ਘਰ
ਕੇਹਰ ਖੜੇ ਬੁਕੰਨ
ਜੇ ਜਮ ਹੋਵੈ ਪਾਹਰੂ
ਪ੍ਰੇਮੀ ਜਾਇ ਮਿਲੰਨ।"
ਠੀਕ ਇਹੋ ਹਿਸਾਬ
ਇਨ੍ਹਾਂ ਪ੍ਰੇਮੀਆਂ ਦਾ।
ਮੀਹੋਂ ਸ਼ੇਰ!
ਮਾਰੀ ਛਾਲ ਟੱਪ ਗਿਆ
ਝੱਲਾਂ ਬੇਲੇ
ਰਹਿ ਗਈ ਪਿੱਛੇ ਟੂਣੇਹਾਰੀ
ਬੰਗਾਲੇ ਦੀ ਧਰਤੀ।
ਨਹੀਂ ਪਤਾ ਲੱਗਾ ਕਿਧਰ ਗਏ
ਸਾਗਰ ਤੇ ਸਾਗਰਾਂ ਦੇ
ਪੁੱਤ ਧੀਆਂ।
ਜਾ ਪੈਰ ਧਰਿਆ ਬਰਮਿਆਂ ਦੇ ਦੇਸ਼।
ਪੁੱਛਦਾ ਪੁਛਾਂਦਾ ਅੱਪੜ ਗਿਆ



Sri Satguru Jagjit Singh Ji eLibrary NamdhariElibrary@gmail.com

ਯਾਰ ਦੀ ਗਲੀ,
ਚੀਰਾ ਸਜਾ।
''ਟੁਮ ਕੌਣ? ਕਿਆ ਕਾਮ?''
''ਪੰਜਾਬੀ, ਜਨਾਬ! ਨੌਕਰੀ ਦੀ ਭਾਲ
ਹੈ ਕੋਈ ਮੇਰੀ ਸਰਕਾਰ?
ਮੈਂ ਹਾਜਰ।''
ਨਿਕਲ ਗਿਆ ਅਗ੍ਹਾਂ
ਅੱਖੀਂ ਘੱਟਾ ਪਾ।
''ਉਮਰ ਕੈਦ ਜਾਂ ਫਾਂਸੀ''
ਲਿਖਿਆ ਸੀ ਇਕ ਉੱਚੀ ਅਟਾਰੀ ਅੱਗੇ
ਦਿਲ ਬੁਝ ਗਿਆ,
ਕਦਮ ਰੁਕ ਗਏ।
ਚਿੱਟੇ ਚਿੱਟੇ ਬਸਤਰ ਨਜ਼ਰੀਂ ਪਏ
ਮਨ ਦੇ ਲਾਟੂ ਜਗ ਪਏ,
ਠੱਲ੍ਹਿਆ ਨ ਗਿਆ ਵੇਗ,
ਪ੍ਰਵਾਹ ਨ ਕੀਤੀ
ਸੰਗੀਨਾਂ ਤਾਣੇ ਸਪਾਹਟਿਆਂ ਦੀ,
ਜਿਹੜੇ ਟਹਿਲ ਰਹੇ ਸਨ
ਆਮ੍ਹਣੇ ਸਾਮ੍ਹਣੇ।
ਪੈਰ ਟਿਕਾਇਆ ਜੰਗਲੇ ਤੇ,
ਢਾਸ ਲਾਈ ਹੱਥ ਦੇ ਸੋਟੇ ਦੀ,
ਪਲੋ ਪਲੀ ਸ਼ੇਰ ਅੰਦਰ,
ਪੁੱਜ ਗਿਆ
ਬਾਪੂ ਦੇ ਚਰਨਾਂ ਵਿਚ,
ਜਾ ਬੈਠਾ ਮਾਹੀ ਦੀ ਝੋਲੀ,
ਜੱਫੀ ਵਿਚ ਲੈ ਲਿਆ ਬਾਪੂ
ਜਿਵੇਂ ਇੰਦਰ ਲੁਕਾ ਲੈਂਦਾ ਹੈ
ਆਪਣੇ ਵਿਚ ਰਾਤ ਦੇ ਰਾਣੇ ਨੂੰ।



ਛਮ ਛਮ ਮੀਂਹ
ਵੱਸਣ ਲੱਗ ਪਿਆ,
ਛੁਟ ਪਏ ਪਰਨਾਲੇ,
ਅਥਾਹ ਸੋਮੇ,
ਜਿਨ੍ਹਾਂ ਦਾ ਆਰ ਨ ਪਾਰ।
ਗਵਾਚ ਗਏ ਪ੍ਰੇਮੀ
ਨ ਪਤਾ ਸੁਰਤਾਂ ਕਿਹੜੇ
ਅਰਸ਼ਾਂ ਨੂੰ ਉਡਾਰੀਆਂ
ਭਰ ਗਈਆਂ।
ਢੇਰ ਚਿਰ ਪਿਛੋਂ ਸੁਰਤ
ਟਕਾਣੇ ਆਈ।
ਫਰਸ਼ਾਂ ਤੇ ਪੈਰ ਟਿਕਾਇਆ,
ਦੁਖ ਸੁਖ ਲਿਆ ਦਿੱਤਾ।
ਸੁਖ ਸੁਨੇਹੜਾ ਲੈ ਮੁੜਿਆ।

ਘੇਰ ਲਿਆ ਗੋਰ-ਮੰਹੇ
ਕਾਲੇ-ਅੰਦਰੇ ਸਾਰਜੰਟੜੇ ਨੇ।
''ਝੂਠ! ਝੂਠ!! ਝੂਠ!!!
ਕਹਾਂ ਟੁਮਾਰੀ ਨੌਕਰੀ?''
''ਨਹੀਂ ਸਾਹਬ
ਬੱਸ ਇਹੋ ਨੌਕਰੀ,
ਇਹੋ ਮੰਜ਼ਲ,
ਇਹੋ ਪੜਾ।''
ਡੱਕ ਦਿੱਤਾ ਬਿਗਾਨੇ ਪੁੱਤਾਂ
ਕਾਲੀ ਕੋਠੜੀ
ਸੀਖਾਂ ਵਾਲੇ ਪਿੰਜਰੇ।
ਪੱਥਰ ਕੁੱਟੇ ਮੀਹੋਂ ਸ਼ੇਰ ਢੇਰ ਚਿਰ,
ਪੜ੍ਹ ਕਲਮਾਂ



Sri Satguru Jagjit Singh Ji eLibrary NamdhariElibrary@gmail.com

ਸ਼ੁਕਰ ! ਸ਼ੁਕਰ !! ਸ਼ੁਕਰ !!!

3.

ਫਲੌਰੇਂ ਨਾਰਾਇਣ ਸਿੰਘ,
ਮੁਦੱਰਸ !
ਉਰਦੂ ਗੋ !
ਫ਼ਾਰਸੀ ਖ਼ਾਂ।
ਲੱਤ ਮਾਰੀ ਮਦਰਸੇ ਨੂੰ,
ਜੜ ਦਿੱਤਾ ਤਾਲਾ,
ਕੁੰਜੀ ਅੰਨ੍ਹੇ ਖੂਹ,
ਬਿਨਾਂ ਪੁੱਛੇ ਗਿੱਛੇ ਅੜੇ ਅਫ਼ਸਰਾਂ
ਕਰ ਲਏ ਕਮਰ ਕੱਸੇ
ਵੱਡੇ ਮੁਅੱਲਮ ਦੇ ਦੀਦਾਰਿਆਂ ਨੂੰ।
ਕੇਸ ਪਿੱਛਾਂ,
ਸਿਰ ਤੇ ਕੁੱਲਾ ਜ਼ਰੱਈ
ਉੱਪਰ ਪਸ਼ੌਰੀ ਲੁੰਗੀ,
ਤੇੜ ਤੰਬਾ ਪਠਾਣੀ।
ਪਿੱਠ ਤੇ ਥੈਲਾ,
ਜਿਸ 'ਚ ਹਿੰਗ, ਜ਼ੀਰਾ ਕਾਲੀ ਮਿਰਚ
ਰਾਂਗਲਾ ਸੱਕ, ਨਾਲ ਬਾਦਾਮ ਪਸ਼ੌਰੀ।
ਹੋਕਾ ਦੇਵੇ
"ਹੀਂਗ ਲੇ ਲਓ ਹੀਂਗ,
ਮੈਂ ਪ੍ਰਦੇਸੀ,
ਵਤਨ ਜਾਨਾ ਮਾਂਗਤਾ,
ਲੂਟ ਕਾ ਮਾਲ
ਮੁਫ਼ਤ ਰਾ ਚਿ ਗੁਫਤ
ਲੇ ਲਓ ! ਲੇ ਲਓ !!
ਜੋ ਲੇਗਾ ਵੁਹ ਭੀ ਪਛਤਾਇਗਾ
ਜੋ ਨ ਲੇਗਾ ਵੁਹ ਭੀ ਪਛਤਾਇਗਾ।"
ਨਿਕਲ ਗਿਆ ਦੂਰ ਦੁਰੇਡੇ
ਦੁੜੰਗੇ ਮਾਰਦਾ
ਪਲਾਂਘਾਂ ਭਰਦਾ,
ਗ੍ਰਾਉਂ ਗ੍ਰਾਈਂ ਵੇਚਦਾ ਵੱਟਦਾ
ਜਾ ਰੱਖਿਆ ਮਾਲ
ਵੱਡੇ ਗ੍ਰਸਤੀ ਦੇ ਬੂਹੇ
ਜਿਹੜਾ ਪਾਰਖੂ ਹਰ ਵਸਤੂ ਦਾ
ਜਿਸ ਨੂੰ ਲੋੜ ਹਰ ਮਸਾਲੇ ਦੀ
ਜਿਸ ਦਾ ਪਰਵਾਰ ਬਹੁਤ ਵੱਡਾ
ਫੈਲ ਰਿਹਾ ਹੈ ਪੂਰਬ ਪੱਛਮ,
ਏਸ਼ੀਆ, ਯੂਰਪ, ਅਮਰੀਕਾ ਤੇ ਆਸਟਰੇਲੀਆ।
ਮੂਧਾ ਕਰ ਦਿੱਤਾ ਝੋਲਾ,
ਭਰ ਲਈਆਂ ਖ਼ੁਸ਼ੀਆਂ
ਸੱਚੇ ਸੁਲਤਾਨ ਦੀਆਂ
ਜਿਹੜੀਆਂ ਲਭਿਆਂ ਨਹੀਂ ਲੱਭਦੀਆਂ
ਏਸ ਮਾਤ ਲੋਕ ਤੇ।

4.

ਫੇਰ ਅੰਬਰਸਰੀਆ ਮੁੰਡਾ
ਸੱਦਾ ਸਿੰਘ-ਸੁੱਧਾ ਸਿੰਘ।
ਇਸ ਦੀ ਨਿਰਾਲੀ ਚਾਲ
ਇਸ ਦਾ ਨਿਰਾਲਾ ਵੇਸ।
ਮੱਥੇ ਤਿਲਕ ਸੰਧੂਰੀ,
ਉੱਪਰ ਤਿਲ-ਚੌਲ ਜੜੇ
ਜਿਵੇਂ ਜੜਦਾ ਜੌਹਰੀ ਸੁੱਚੇ ਨਗ।
ਚੀਰਵੀਂ ਧੋਤੀ,
ਠਿੱਬੀ ਜੁੱਤੀ,


Sri Satguru Jagjit Singh Ji eLibrary NamdhariElibrary@gmail.com

ਖੱਬੇ ਮੋਢੇ ਅਧ-ਸੀਤੀ ਝੋਲੀ,
ਵਿਚ ਖੜਾਵਾਂ, ਪੱਤਰੀ ਤੇ ਹੋਰ ਨਿਕੜ ਸੁੱਕੜ
ਸੱਜੇ ਹੱਥੇ ਕੁਰੱਏ,
ਪੂਰਾ ਗੰਗਾ ਦਾ ਪਾਂਡਾ, ਜੋਤਸ਼ੀ।
"ਹੱਥ ਵਖਾ ਲਓ!
ਟੇਵਾ ਲਵਾ ਲਓ!
ਅੱਗੇ ਪਿੱਛੇ ਦਾ ਹਾਲ ਪੁੱਛ ਲਓ,
ਸ਼ਨੀ, ਮੰਗਲ ਤੋਂ ਪਿੱਛਾ ਛੁਡਾ ਲਓ
ਰੇਖ ਵਿਚ ਮੇਖ ਮਰਵਾ ਲਓ।"
ਵੇੜ੍ਹਿਆਂ 'ਚ ਫਿਰਦਾ,
ਗਲੀਆਂ 'ਚ ਘੁੰਮਦਾ
ਢਾਣੀਂ, ਥੇਹੜੀਂ, ਕੁਲੀਂ
ਨਗਰੀਂ, ਸ਼ਹਿਰੀਂ ਗੁੱਠਾਂ ਸੁੰਘਦਾ
ਪੁਤ ਵੰਡਦਾ, ਸ਼ਨੀ ਟਾਲਦਾ
ਰਾਹੂ ਕੇਤੂਓਂ ਬਚਾਉਂਦਾ,
ਸੁਖਾਂ ਦੇ ਲਾਰੇ
ਦੁੱਖਾਂ ਦੇ ਉਤਾਰੇ,
ਦਿਲਬੁਝਿਆਂ ਨੂੰ ਦਿਲਜੋਈਆਂ
ਦੇਂਦਾ, ਦਵਾਉਂਦਾ
ਟੱਪ ਗਿਆ ਟੂਣੇ ਹਾਰੀ ਧਰਤੀ
ਚੀਰ ਗਿਆ ਨੀਲੇ ਸਾਗਰ
ਗਿੜ ਗੜਾ ਜਾ ਡਿੱਗਾ
ਮਾਰਤੰਡੇ ਜੋਤਸ਼ੀ ਦੇ ਚਰਨਾਂ 'ਚ,
ਜਿਹੜਾ ਸਮੂੰਹ ਸੰਸਾਰ ਨੂੰ
ਰਾਹੂ ਕੇਤੂ ਦੇ ਪਿੱਛੇ ਤੋਂ
ਸਦਾ ਲਈ ਛੁੜਾਨ ਹਿਤ,
ਪੜ੍ਹ ਰਿਹਾ ਸੀ ਜਪ,
ਕਰ ਰਿਹਾ ਸੀ ਤਪ,



ਰੋਗ, ਸੋਗ, ਭੁੱਖ ਸੋਗ, ਭੁੱਖ ਨੰਗ, ਦੇ ਕਲਾਵੇ
ਤੋਂ ਕੱਢਣ ਵਾਸਤੇ
ਦੂਰ ਦੁਰੇਡੇ, ਇਕਲਾ ਈ।

5.

ਘਰ ਬਾਹਰ ਫੂਕ ਤਮਾਸ਼ਾ ਵੇਖਣ ਵਾਲਾ
ਮਰ੍ਹਾਣੇ ਦਾ ਭਗਵਾਨ ਸਿੰਘ ਅੜਬੰਗੀ!
ਅੜਬੰਗੀ ਥਾਲ ਜੇਡੇ ਚੌੜੇ ਦਿਲ ਵਾਲਾ
ਅੜਬੰਗੀ ਨਿਰਭੈ-ਜੋਧਾ,
ਅੜਬੰਗੀ ਸਿਰ-ਲੱਥ ਸੂਰਮਾ,
ਅੜਬੰਗੀ ਦਾਤਾ,
ਅੜਬੰਗੀ ਭਗਤ,
ਅੜਬੰਗੀ ਕਰਮੀ,
ਅੜਬੰਗੀ ਧਰਮੀ,
ਅੜਬੰਗੀ ਪਰਉਪਕਾਰੀ,
ਅੜਬੰਗੀ ਜਾਨ ਜੋਖੋਂ ਵਿਚ ਪਾਉਣ ਵਾਲਾ
ਅੜਬੰਗੀ ਸਿਰ ਤਲੀ ਤੇ ਰੱਖ ਜੈਕਾਰੇ ਛੱਡਣ ਵਾਲਾ।
ਅੜਬੰਗੀ ਗੁਰੂ ਦਾ ਦੁਲਾਰਾ
ਅੜਬੰਗੀ ਕੌਮ ਦਾ ਲਾੜਾ
ਅੜਬੰਗੀ ਦੂਆ ਬਿਧੀ ਚੰਦ,
ਅੜਬੰਗੀ ਗੁਰੂ ਕਾ ਪੂਰਾ ਸਿੱਖ,
ਚੀਨੀ ਵਾਲੇ ਦੇ ਚਰਨਾਂ ਦਾ ਭੌਰਾ।
ਏਸ ਕਈ ਕਾਰੇ ਕੀਤੇ,
ਗਊ ਘਾਤਕਾਂ ਨੂੰ ਸੋਧਿਆ
ਅੜਿਆਂ ਦੀ ਅੜ ਭੰਨੀ,
ਦੁਸ਼ਟਾਂ ਨੂੰ ਨਰਕੀਂ ਪਹੁੰਚਾਇਆ
ਮਲੇਰ ਕੋਟਲੇ ਦੇ ਖ਼ੂਨੀ ਕਾਂਡ ਪਿਛੋਂ
ਜਾ ਬਣਿਆ ਛੇੜੂ,



Sri Satguru Jagjit Singh Ji eLibrary NamdhariElibrary@gmail.com

ਹੱਥ ਲੈ ਲਈ ਵੰਝਲੀ,
ਮਸਤ ਕਰਦਾ ਫਿਰੇ ਮੁੱਰ੍ਹਾਂ ਤੇ ਨੀਲੀਆਂ।
ਇਹਦੀ ਸੱਦ ਚੀਰਦੀ ਜਾਵੇ,
ਜੰਗਲਾਂ, ਜੂਹਾਂ ਬੇਲਿਆਂ।
ਝੱਲਾਂ ਦੇ ਸ਼ੇਰ ਆ ਆ ਪੈਰ ਚੁੰਮਣ।
ਪਿੰਡ ਵਿਚ ਨੇਜ਼ਾਬਾਜ਼ੀ ਹੋਈ
ਢੋਲ ਢਮੱਕੇ ਵੱਜੇ;
ਗੱਭਰੂਆਂ ਹੱਥ ਵਖਾਏ,
ਸਵਾਰਾਂ ਹੁਨਰ ਪ੍ਰਗਟਾਇਆ,
ਭੋਲਾ ਭਾਲਾ ਜੱਟ
ਗੁਣਾਂ ਦਾ ਗੁਥਲਾ
ਮੱਝੀਆਂ ਚਾਰਦੇ ਚਾਰਦੇ,
ਜਾ ਹੱਥ ਪਾਇਆ ਨੇਜ਼ੇ ਨੂੰ।
ਮਾਰ ਪਲਾਕੀ ਹੋਇਆ ਘੁੜਸਵਾਰ
ਅੱਖ ਦੇ ਪਲਕਾਰੇ ਜਾ ਫੁੰਡਿਆ ਕਿੱਲਾ
ਵਾਹ ਵਾਹ ਦਾ ਸ਼ੋਰ ਮਚਿਆ
ਬੱਲੇ ਬੱਲੇ ਦੇ ਬਕਾਰੇ ਹੋਏ
ਹੱਕੇ ਬੱਕੇ ਹੋ ਗਏ ਉੱਚੀਆਂ ਪੱਗਾਂ ਵਾਲੇ
ਹੱਥਾਂ ਦੇ ਤੋਤੇ ਉੱਡ ਗਏ ਖੱਬੀ ਖ਼ਾਨਾਂ ਦੇ
ਨੀਵੀਆਂ ਪਾ ਲਈਆਂ ਢੱਲਾਂ ਵਾਲਿਆਂ।
ਇਕ ਦਮ ਝੁਰਮਟ ਪੈ ਗਿਆ
ਚਾਂਦੀ ਦੀ ਮੁਹਲੇਧਾਰ ਵਰਖਾ ਹੋਈ
ਅੱਚਲ ਸਿੰਘ ਸਰਦਾਰ
ਸੌ ਦਮੜਾ ਵਾਰਿਆ।
ਲੱਤ ਮਾਰੀ ਨੌਕਰੀ ਨੂੰ।
ਪੰਛੀ ਤੇ ਦਰਵੇਸ਼ ਕਦ ਪਿੰਜਰੀਂ ਪੈਣ
ਜਿਹੜੇ ਖੁਲ੍ਹ ਮਾਣਨ ਜਾਣਨ।
ਆਸ਼ਿਕ ਕਦ ਫਸਣ



ਸੋਨੇ ਚਾਂਦੀ ਦੀਆਂ ਬੇੜੀਆਂ ਨਾਲ।
ਠਾਣ ਲਿਆ ਰਾਂਝੇ ਹੀਰ ਨੂੰ ਵੇਖਣਾ,
ਘੜਾ ਲਿਆ ਇਕ ਜਨੌਰ ਰੁੱਪੇ ਦਾ
ਟੁਰ ਪਿਆ ਖੇੜੀਂ!
ਹੀਰ ਹੀਰ ਕੂਕਦਾ,
ਝੱਲਾਂ ਬੇਲੇ ਚੀਰਦਾ ਪੁੱਜ ਗਿਆ
ਮਹਿਬੂਬਾਂ ਦੇ ਵਿਹੜੇ।
ਜਾ ਵੰਵਲੀ ਵਜਾਈ,
ਧਰਤ ਆਕਾਸ਼ ਮਸਤ ਹੋ ਗਏ।
ਹੀਰ ਹੀਰ ਕੂਕਦਾ
ਰਾਂਝਾ ਆਪ ਹੀਰ ਬਣ ਖਲੋਤਾ
ਜਾ ਜੱਫੀ ਪਾਈ ਰੰਝੇਟੜੇ ਨੂੰ
ਗਲਵੱਕੜੀ 'ਚ ਲੈ ਲਿਆ।
ਕਲਾਵਾ ਭਰ ਲਿਆ।
ਨੇਤਰ ਮੁੰਦੇ ਗਏ।
ਸੁਧ ਬੁਧ ਵਿਸਰ ਗਈ,
ਸੁਰਤਾਂ ਚੜ੍ਹ ਗਈਆਂ ਆਕਾਸ਼ੀਂ,
ਹੀਰ ਤੇ ਰਾਂਝਾ ਇੱਕਮਿੱਕ,
ਕੋਈ ਕੜਾ ਕੈਦੋ ਲੰਙੀ ਟੰਗ ਨਾ ਅੜਾ ਸਕਿਆ।
ਦੋਹਾਂ ਦਾ ਮੇਲਾ,
ਰੂਹਾਂ ਦਾ ਮੇਲਾ,
ਪੌਣ ਰੁਮਕਦੀ ਰੁਕ ਗਈ,
ਚਲਦਾ ਸੂਰਜ ਥੰਮ੍ਹ ਗਿਆ
ਆਸ਼ਿਕ ਤੇ ਮਾਸ਼ੂਕ ਦਾ ਵਸਲ ਵੇਖ।*

ਇਹ ਸੱਜਣ ਸਤਿਗੁਰੂ ਰਾਮ ਸਿੰਘ ਜੀ ਦਾ ਦਰਸ਼ਨ ਕਰਨ ਗਏ ਰੰਗੂਨ ਵਿਚ :—

1. ਬਾਬਾ ਦਰਬਾਰਾ ਸਿੰਘ ਰਾਏਪੁਰ। 2. ਬਾਬਾ ਨੈਣਾ ਸਿੰਘ ਮੁਹਾਣਾ। 3. ਬਾਬਾ ਮੀਂਹਾਂ ਸਿੰਘ ਸਰਹਾਲੀ। 4. ਬਾਬਾ ਭਗਵਾਨ ਸਿੰਘ ਅੰਮ੍ਰਿਤਸਰ। 5. ਬਾਬਾ ਨਾਰਾਇਣ ਸਿੰਘ। 6. ਬਾਬਾ


Sri Satguru Jagjit Singh Ji eLibrary NamdhariElibrary@gmail.com

ਜੀਉਣ ਸਿੰਘ ਸਰਹਾਲੀ। 7. ਬਾਬਾ ਸੁਬੇਗ ਸਿੰਘ ਸਰਹਾਲੀ। 8. ਬਾਬਾ ਕਿਰਪਾਲ ਸਿੰਘ 'ਮਜ਼੍ਹਬੀ'। 9. ਬਾਬਾ ਸਰਮੁਖ ਸਿੰਘ ਲਾਖਾ। 10. ਬਾਬਾ ਹਰਨਾਮ ਸਿੰਘ ਭਾਣੇ ਦਾ। 11. ਬੇਬੇ ਚੰਦ ਕੌਰ ਭਾਣਾ। 12. ਬਾਬਾ ਟਹਿਲ ਸਿੰਘ ਸੇਖਵ। 13. ਬਾਬਾ ਸੁਬੇਗ ਸਿੰਘ ਮੁਹਾਣਾ। 14. ਬਾਬਾ ਬਘੇਲ ਸਿੰਘ ਨਾਰਲੀ। 15. ਬਾਬਾ ਲਾਲ ਸਿੰਘ ਲਤਾਲਾ। 16. ਬਾਬਾ ਬਿਹਾਰੀ ਸਿੰਘ ਘੁੰਗਰਾਲੀ। 17. ਬਾਬਾ ਲੋਹਾਰਾ ਸਿੰਘ ਘੁੰਗਰਾਲੀ। 18. ਬਾਬਾ ਸੁੰਦਰ ਸਿੰਘ ਘੁੰਗਰਾਲੀ। 19. ਬਾਬਾ ਹਰਨਾਮ ਸਿੰਘ ਨਥਾਣਾ। 20. ਬਾਬਾ ਸੁੰਦਰ ਸਿੰਘ ਕਲਾਰੀ (ਮਾਨਸਾ ਮੰਡੀ ਦੇ ਨੇੜੇ)। 21. ਬਾਬਾ ਖ਼ੁਸ਼ਹਾਲ ਸਿੰਘ ਨਾਰੰਗਵਾਲ। 22. ਬਾਬਾ ਮਸਤਾਨ ਸਿੰਘ। 23. ਬਾਬਾ ਹਰੀ ਸਿੰਘ। 24. ਬਾਬਾ ਸਾਹਿਬ ਸਿੰਘ। 25. ਬਾਬਾ ਗੌਂਦਾ ਸਿੰਘ ਅਬਲੂ। 26. ਬਾਬਾ ਗੁਰਦਿਤ ਸਿੰਘ ਅੰਮ੍ਰਿਤਸਰ। 27. ਬਾਬਾ ਕਿਰਪਾਲ ਸਿੰਘ ਅੰਮ੍ਰਿਤਸਰ। 28. ਬਾਬਾ ਸੱਦਾ ਸਿੰਘ ਅੰਮ੍ਰਿਤਸਰ। 29. ਬਾਬਾ ਮਿਹਰ ਸਿੰਘ ਉੱਭਾ ਜ਼ਿਲ੍ਹਾ ਪਟਿਆਲਾ। 30. ਬਾਬਾ ਰਤਨ ਸਿੰਘ ਉੱਭਾ ਜ਼ਿਲ੍ਹਾ ਪਟਿਆਲਾ। 31. ਬਾਬਾ ਦਇਆ ਸਿੰਘ ਉੱਭਾ ਜ਼ਿਲ੍ਹਾ ਪਟਿਆਲਾ। 32. ਬਾਬਾ ਵਸਾਵਾ ਸਿੰਘ ਸੰਤੂ ਨੰਗਲ। 33. ਬਾਬਾ ਆਲਾ ਸਿੰਘ ਸੰਤੂ ਨੰਗਲ। 34. ਬਾਬਾ ਮਤਾਬ ਸਿੰਘ ਸੰਤੂ ਨੰਗਲ। 35. ਬਾਬਾ ਸੁੰਦਰ ਸਿੰਘ ਚੀਮਾ। 36. ਬਾਬਾ ਭਗਵਾਨ ਸਿੰਘ ਸੋਂਕਰਦੀ। 37. ਬਾਬਾ ਮਤਾਬ ਸਿੰਘ ਸੇਖਵ। 38. ਬਾਬਾ ਹੀਰਾ ਸਿੰਘ ਮੰਢੌਰ। 39. ਬਾਬਾ ਰਾਮ ਸਿੰਘ ਲੰਘਿਆ। 40. ਬਾਬਾ ਮਿਹਰ ਸਿੰਘ ਲੰਘਿਆ। 41. ਬਾਬਾ ਤਖ਼ਤ ਸਿੰਘ ਘੁੰਗਰਾਲੀ। 42. ਬਾਬਾ ਮਾਨ ਸਿੰਘ ਮੰਢੌਰ। 43. ਬਾਬਾ ਈਸਰ ਸਿੰਘ ਮੰਢੌਰ। 44. ਨਾਰਾਇਣ ਸਿੰਘ ਫਿਲੌਰ। 45. ਬਾਬਾ ਉਤਮ ਸਿੰਘ ਝਾੜਮਾੜੀ। 46. ਬਾਬਾ ਅਤਰ ਸਿੰਘ ਨਾਰਲੀ। 47. ਬਾਬਾ ਫੂਲਾ ਸਿੰਘ ਨਾਰਲੀ। 48. ਬਾਬਾ ਗੁਲਾਬ ਸਿੰਘ ਹੌਲਾ ਵਾਲੀ। 49. ਬਾਬਾ ਹਰਨਾਮ ਸਿੰਘ ਮੋਰੋਂ। 50. ਬਾਬਾ ਕਾਹਨ ਸਿੰਘ ਬੁਰਜ। 51. ਬਾਬਾ ਨੱਥਾ ਸਿੰਘ ਗਕੜੀ। 52. ਬਾਬਾ ਸੋਭਾ ਸਿੰਘ ਖੁਦਪੁਰ। 53. ਬਾਬਾ ਹੀਰਾ ਸਿੰਘ ਬੜਰੋਖਾ ਜ਼ਿਲ੍ਹਾ ਸੰਗਰੂਰ। 54. ਬਾਬਾ ਧਨ ਸਿੰਘ ਗੁਮਟੀ। 55. ਬੇਬੇ ਪ੍ਰਤਾਪ ਕੌਰ ਗੁਮਟੀ। 56. ਬਾਬਾ ਲਾਲ ਸਿੰਘ ਗੁਮਟੀ। 57. ਬਾਬਾ ਸ਼ਾਮ ਸਿੰਘ ਸੁਹਾਲੀ। 58. ਬਾਬਾ ਨੈਣਾ ਸਿਘ ਵਰਿਆਂਹ। 59. ਬਾਬਾ ਜੀਵਨ ਸਿੰਘ ਸੁਹਾਲੀ। 60. ਬਾਬਾ ਆਲਾ ਸਿੰਘ ਉਬੋ। 61. ਬਾਬਾ ਬਹਾਦਰ ਸਿੰਘ ਉਬੋ। 62. ਬਾਬਾ ਜਗਤ ਸਿੰਘ ਨਾਰਲੀ। 63. ਬਾਬਾ ਕਾਹਨ ਸਿੰਘ ਠੱਟਾ। 64. ਬਾਬਾ ਸਮੁੰਦ ਸਿੰਘ ਖੋਟੇ। 65. ਬਾਬਾ ਸ਼ਰਮ ਸਿੰਘ ਲਲੂਆਲਾ। 66. ਬਾਬਾ ਨਾਰਾਇਣ ਸਿੰਘ ਰੋਡੇ। 67. ਭਾਈ ਮਨੀ ਸਿੰਘ ਮਾਈ ਸਰਖਾਨਾ। 68. ਬਾਬਾ ਗੁਰਦਿੱਤ ਸਿਘ ਭਸੌੜ। 69. ਬਾਬਾ ਅਰੂੜ ਸਿੰਘ ਅੰਮ੍ਰਿਤਸਰ। 70. ਬਾਬਾ ਵਿਸਾਖਾ ਸਿੰਘ ਭੋਮਾ ਵਡਾਲਾ। 71. ਬਾਬਾ ਭਗਵਾਨ ਸਿੰਘ ਅੜਬੰਗੀ। 72. ਬਾਬਾ ਹਰਨਾਮ ਸਿੰਘ ਮੰਡੀ। ਬਾਬਾ ਕਾਕਾ ਸਿੰਘ ਫਤੇਵਾਲ। 73. ਬਾਬਾ ਮੂਲਾ ਸਿੰਘ ਫਤੇਵਾਲ। 75. ਬਾਬਾ ਮਸਤਾਨ ਸਿੰਘ ਰਾਈਆਂ। 76. ਬਾਬਾ ਕਾਹਨ ਸਿੰਘ ਚੁੰਨੀ। 77. ਬਾਬਾ ਜੋਧ ਸਿੰਘ ਚੁੰਨੀ। 78. ਬਾਬਾ ਰਾਮ ਸਿੰਘ ਚੁੰਨੀ। 79. ਬਾਬਾ ਸ਼ੇਰ ਸਿੰਘ ਚੁੰਨੀ। 80. ਬਾਬਾ ਨਾਰਾਇਣ ਸਿੰਘ ਚੁੰਨੀ।

ਇਹ ਨਾਵਾਂ ਦੀ ਲਿਸਟ ਸੰਤ ਬਿਸ਼ਨ ਸਿੰਘ ਸਪੁੱਤਰ ਬਾਬਾ ਕਾਲਾ ਸਿੰਘ ਪਾਸੋਂ ਮਿਲੀ। ਲੇਖਿਕ ਉਨ੍ਹਾਂ ਦਾ ਧੰਨਵਾਦੀ ਹੈ।



## 5.
## ਸੁਤੰਤਰਤਾ-ਜੋਤਿ ਵਿਗਸੀ

ਸਵੈਤੰਤਰਤਾ ਬੜੀ ਮਿੱਠੀ,
ਅੰਬਾਂ, ਅਨਾਰਾਂ ਤੇ ਸੇਊਆਂ ਨਾਲੋਂ ਰਸੀਲੀ!
ਸ਼ੇਰ ਮਰਦ ਕਰਨ ਪਾਲਣਾ
ਲਹੂ ਪਾ ਪਾ ਇਸ ਦੀਆਂ ਜੜ੍ਹਾਂ ਵਿੱਚ।
ਕਰਨ ਰਾਖੀਆਂ ਛਾਤੀ ਤਾਣ।
ਹਿੱਕਾਂ ਛਾਨਣੀ ਛਾਨਣੀ,
ਗੋਲੀਆਂ ਤੇ ਸੰਗੀਨਾਂ ਸਹਾਰ।
ਇੱਕ ਮਸਤਾਨੇ ਜਗਾ ਦਿੱਤੀ ਸ਼ਮਾਂ
ਨੂਰੋ ਨੂਰ ਕਰਨ ਹਿੱਤ ਸਾਰਾ ਸੰਸਾਰ।
ਗੰਦੇ ਸੜਿਆਣ ਛੱਡਣ ਵਾਲੇ ਟੋਇਆਂ ਨੂੰ,
ਗੁਲਸ਼ਨ ਖਿੜਾਨ ਹਿੱਤ।
ਗੋਰੇ ਤੇ ਗੋਰਿਆਂ ਦੇ ਚਾਚੇ, ਮਾਮੇ,
ਇਸ ਲਾਟ ਨੂੰ ਤੱਕ ਸੜਬਲ ਕੋਇਲੇ ਹੋਏ।
ਅਗ ਭਬੂਕਾ, ਦਮਾਗਾਂ ਵਿੱਚ ਫਤੂਰ।
ਟੁੱਟ ਪਈਆਂ ਖਿੱਲਾਂ ਤੇ ਭ੍ਰਿੰਡਾਂ
ਇਸ ਜਗ ਮਗ ਜੋਤਿ ਨੂੰ ਬੁਝਾਉਣ ਖਾਤਰ।
ਮਸਤਾਨੇ ਦਾ ਨਿਕੜਾ ਵੀਰ
ਦਾਨਿਆਂ ਦਾ ਦਾਨਾ,
ਮਸਤਾਨਿਆਂ ਦਾ ਮਸਤਾਨਾ,
ਘਰ ਦਾ ਪਹਿਰੂਆ,
ਨਿਗਰਾਨ ਹਰ ਵਸਤੂ ਨਿੱਕੀ ਵੱਡੀ ਦਾ
ਉਹ ਸੀ ਸੂਰਾ ਵਰਿਆਮ।
ਮਰਦ!



Sri Satguru Jagjit Singh Ji eLibrary NamdhariElibrary@gmail.com

ਮਰਦ ਸਦਾ ਧੁਨ ਦੇ ਪੱਕੇ !
ਮਰਦ ਬਚਨਾਂ ਦੇ ਪੂਰੇ !
ਮਰਦ ਕਰਨੀ ਦੇ ਸੂਰੇ !
ਮਰਦ ਅਣਖ ਨੂੰ ਪਾਲਣ,
ਧਰਤੀ ਬਦਲ ਜਾਵੇ,
ਸੂਰਜ ਠਰਨ ਲੱਗ ਪਵੇ,
ਚੰਦ੍ਰਮਾ ਉਬਾਲੇ ਖਾਵੇ,
ਉਹ ਸਦਾ ਆਪਣੀ ਚਾਲ।
ਉਹ ਨਹੀਂ ਰੁਕਦੇ,
ਉਹ ਨਹੀਂ ਉੱਕਦੇ,
ਉਹ ਨਹੀਂ ਮੁੜਦੇ,
ਉਹ ਵਹਿਣ ਸਦਾ ਚੁਰੇੜੇ।
''ਆਗਾਹਾ ਕੂ ਤ੍ਰਾਘ
ਪਿਛਾ ਫੇਰ ਨ ਮੁਹਡੜਾ।
ਨਾਨਕ ਸਿਝ ਇਵੇਹਾ ਵਾਰ
ਬਹੁੜਿ ਨ ਹੋਵੈ ਜਨਮੜਾ।"
ਉਹ ਸੀ ਨੀਤੀ ਨਿਤੱਗ।
ਗੰਭੀਰਤਾ ਦਾ ਸਾਗਰ,
ਜਿਸ ਦੇ ਕੰਢਿਆਂ ਦਾ ਥਹੁ ਨ ਪਤਾ।
ਦੂਰ-ਦਰਸ਼ਕ ਉਸ ਨੂੰ ਨ ਸਮਝ ਸਕੇ।
ਵੱਡੇ ਵੱਤੇ ਉਲਮਾ, ਪੰਡਿਤ, ਜੋਤਸ਼ੀ
ਤੇ ਰਾਜ ਨੀਤੀ ਦੀ ਸ਼ਤਰੰਜ ਦੇ ਖਿਡਾਰੀ;
ਉਹ ਵੇਖਣ ਨੂੰ ਭੋਲਾ ਭਾਲਾ,
ਮਗਰ ਕਮਾਲ ਦਾ ਉਸਤਾਦ।
ਉਹ ਆਪ ਆਖੇ :
''ਚੀਨੀ ਵਾਲਾ ਸ਼ੇਰ ਬੱਗਾ,
ਉਸ ਦੀ ਭਬਕਾਰ ਹਿਲਾਵੇ ਨੰਦਨ ਦੀਆਂ ਕੰਧਾਂ।
ਪੀਲੇ ਭੂਕ ਪੈ ਜਾਣ ਗੋਰੇ ਤੇ ਗੋਰੀਆਂ।



ਮੇਰਾ ਵਰਗ ਚੂਹੇ ਦਾ,
ਮੈਂ ਕੁਤਰਦਾ ਹਾਂ ਜੜ੍ਹਾਂ
ਕੁਕਰਮ ਦੀਆਂ, ਕੁਧਰਮ ਦੀਆਂ,
ਦਾਸਤਾ ਦੀਆਂ।"
ਇਸ ਦਾ ਸੀ ਓਹੋ ਨਕਸ਼ਾ,
ਉਹੋ ਮੰਜ਼ਿਲ।
ਕੇਵਲ ਪੈਂਤੜੇ ਵਿੱਚ ਬਦਲੀ।
ਇਸ ਦੇ ਸਾਮ੍ਹਣੇ ਸੀ ਨਵ-ਉਸਾਰੀ।
ਜ਼ਖਮੀਆਂ ਦੀ ਮਰਹਮ ਪੱਟੀ।
ਖੇਰੂ ਖੇਰੂ ਤੀਲਿਆਂ ਨੂੰ ਇਕੱਠਾ ਕਰਨਾ।
ਝੁਰਮਟ ਪਾਏ ਭੂੰਡਾਂ ਤੋਂ ਜੋਤਿ ਨੂੰ ਬਚਾਉਣਾ।
ਇਸ ਪੱਟੀ ਪੜ੍ਹਾ ਦਿੱਤੀ,
''ਦੜ ਵਟ ਜ਼ਮਾਨਾਂ ਕੱਟ
ਭਲੇ ਦਿਨ ਆਉਣਗੇ।"
ਇੱਕੋ ਗੱਲ ਜਾਣੇ
ਰਾਹੇ ਰਾਹ ਤੁਰਦੇ ਜਾਓ।
ਵਧਦੇ ਜਾਓ, ਫੁਲਦੇ ਜਾਓ !
ਸੱਜੇ ਖੱਬੇ ਨ ਝਾਕੋ !
ਗੜੇ ਗੋਲਿਆਂ ਦੀ ਪ੍ਰਵਾਹ ਨ ਕਰੋ !
ਭੌਂਕਣ ਦਿਓ ਭੌਂਕਿਆਂ ਨੂੰ।
ਹਾਥੀ ਸਦਾ ਆਪਣੀ ਚਾਲ।
ਬਹੁਤਾ ਨ ਬੋਲੋ,
ਨਿਸ਼ਾਨੇ ਵਲ ਨਿਗਾਹ ਰੱਖੋ !
ਘਰ ਦਾ ਕੱਤੋ,
ਘਰ ਦਾ ਬੁਣੋ,
ਲੱਠੇ ਨ ਖ਼ਾਸੇ,
ਮਲਮਲ ਨ ਅਤਲਸ।
ਚਰਖੇ ਘੁਕਾਓ।



Sri Satguru Jagjit Singh Ji eLibrary NamdhariElibrary@gmail.com

ਕਾਠੇ ਦੇ ਗੁੜ ਸ਼ੁਕਰ।
ਲੜੋ ਨ ਝਗੜੋ।
ਭਾਂਡੇ ਜੇ ਠਹਿਕਣ,
ਆਪ 'ਚ ਨਿਬੜੋ।
ਖਜਲ ਖੁਆਰੀ ਨ ਖਰੀਦੋ।
ਖਾਣੇ ਨ ਕਚਹਿਰੀ
ਨ ਭਰੋ ਮੁਨਸ਼ੀਆਂ ਮੁੱਸਦੀਆਂ ਦੇ ਖੀਸੇ।
ਕੋਈ ਲੋੜ ਨਹੀਂ ਬਦੇਸ਼ੀ ਵਿਦਿਆ ਦੀ।
ਇਹ ਬਣਾਉਂਦੀ ਹੈ ਗੋਲੇ,
ਗੋਲਿਆਂ ਦੇ ਵੀ ਪੋਲੇ।
ਨਹੀਂ ਲੋੜ ਰੇਲਾਂ ਗੱਡੀਆਂ ਦੀ।
ਟੁਰਦੇ ਆਓ, ਟੁਰਦੇ ਜਾਓ।
ਹੱਡ ਰੱਖੋ ਮੋਕਲੇ।"
ਧੰਨ ਸਨ ਉਹ ਸ਼ਾਂਤੀ ਦੇ ਪੁੰਜ!
ਧੰਨ ਸਨ ਉਹਨਾਂ ਦੇ ਬਚਨਾਂ ਤੇ ਫੁੱਲ ਚਾੜ੍ਹਨ ਵਾਲੇ!
ਕੁਰਬਾਨ ਉਨ੍ਹਾਂ ਸ਼ੇਰਾਂ ਤੋਂ
ਜਿਹੜੇ ਸੂਲੀ ਚੜ੍ਹ ਗਏ
ਮਗਰੋਂ ਬਚਨਾਂ ਦੀ ਉਲੰਘਣਾ ਨ ਕੀਤੀ।
ਉਲ੍ਹਾਮੇ, ਝਿੜਕਾਂ, ਗਾਲਾਂ, ਡਾਂਗਾਂ,
ਹੰਟਰ, ਭੁੱਖ, ਤ੍ਰੇਹ, ਬੇੜੀਆਂ, ਕੜੀਆਂ
ਨੂੰ ਫੁੱਲ ਜਾਣਿਆ।
ਸੀ ਨ ਕੀਤੀ।
ਪਿੰਡ ਪਿੰਡ ਸ਼ਬਦਾਂ ਦੀਆਂ ਘਨਘੋਰਾਂ,
ਚਰਖਿਆਂ ਦੀ ਘੂਕਰ।
ਬੱਚਿਆਂ ਦੀਆਂ ਧਰਮਸਾਲੀਂ ਮੁਹਾਰਨੀਆਂ।
ਡਾਕਟਰ ਨ ਵਕੀਲ।
ਬਦੇਸ਼ੀ ਵਸਤੂ ਚਿਮਟੇ ਨਾਲ ਵੀ ਨ ਛੂਹਣ।
ਹਿਸਾਬੀਆਂ ਹਿਸਾਬ ਲਾਇਆ,



*ਪੰਜਤਾਲੀ ਕਰੋੜ ਵਲੈਤ ਜਾਣੋਂ ਬਚਾਇਆ ਕੂਕਿਆਂ!
ਇਹ ਸਨ ਬਾਗ਼ੀ ਜਾਨਾਂ ਤੇ ਖੇਡ ਜਾਣ ਵਾਲੇ।
ਇਨ੍ਹਾ ਗੋਰੇ ਨਾਲ ਉੱਕੀ ਅੱਖ ਨ ਮਿਲਾਈ।
ਦੂਰ ਦਾ ਵਾਸਤਾ ਨ ਰੱਖਿਆ।
ਨ ਪਾਈ ਭਿਆਲੀ।
ਨ ਦਿੱਤੀਆਂ ਦਾਅਵਤਾਂ।
ਨ ਖੁਆਈਆਂ ਖੀਰਾਂ,
ਨ ਖੁਆਏ ਪੂੜੇ।
ਆਪਣੀ ਰੁੱਖੀ ਮਿੱਸੀ,
ਲੱਸੀ ਸੰਘਣੀ,
ਪਾਣੀ ਦਾ ਛੰਨਾ।
ਬੱਸ।
ਹਕੂਮਤ ਦੇ ਚਾਟੜੇ ਸੋਚਣ,
ਇਨ੍ਹਾਂ ਤੇ ਚਲਦਾ ਨਹੀਂ ਕੋਈ ਜਾਦੂ?
ਇਨ੍ਹਾਂ ਨੂੰ ਵੱਸ ਨਹੀਂ ਕਰ ਸਕਦਾ ਕੋਈ ਮੰਤਰ।
ਇਨ੍ਹਾਂ ਨੂੰ ਮਰਵਾਓ ਇਨ੍ਹਾਂ ਦੇ ਭਰਾਵਾਂ ਤੋਂ।
ਜਿਹੜੇ ਫਸੇ ਹਨ ਸਾਡੇ ਜਾਲ।
ਚੂਰੀ ਖਾਂਦੇ ਹਨ ਸਾਡੇ ਹੱਥੀਂ

---

ਦਸ ਲੱਖ ਨਾਮਧਾਰੀ ਬਿਲਕੁਲ ਸੁਦੇਸ਼ੀ ਜ਼ਿੰਦਗੀ ਬਸਰ ਕਰਦੇ ਹਨ। ਕੋਈ ਬਦੇਸ਼ੀ ਕਪੜਾ ਜਾਂ ਮਾਲ ਨਾਮਧਾਰੀ ਘਰਾਂ ਵਿਚ ਨਹੀਂ ਵਰਤਿਆ ਜਾਂਦਾ, ਇਸ ਤਰੀਕੇ ਨਾਲ ਘੱਟ ਤੋਂ ਘੱਟ ਜੇ ਇਕ ਆਦਮੀ ਪੰਜ ਰੁਪਏ ਸਾਲ ਦੇ ਵੀ ਬਦੇਸ਼ੀ ਮਾਲ ਖ਼ਰੀਦਣ ਦੀ ਥਾਂ ਸੁਦੇਸ਼ੀ ਖ਼ਰਚ ਕਰਦਾ ਹੈ, ਤਾਂ ਪੰਜਾਹ ਲੱਖ ਰੁਪਿਆ ਸਾਲ ਦਾ ਹਿੰਦੁਸਤਾਨ ਵਿਚ ਹੀ ਖ਼ਰਚ ਦੇਂਦਾ ਹੈ। ਇਸ ਤਰ੍ਹਾਂ ਸੱਤਰ ਸਾਲ ਵਿਚ 34 ਕਰੋੜ ਰੁਪਿਆ ਹਿੰਦੁਸਤਾਨ ਵਿਚ ਬਚਾ ਕੇ ਰੱਖਿਆ ਹੈ। ਇਸ ਤਰੀਕੇ ਨਾਲ ਇਹਨਾਂ ਸਿੰਘਾਂ ਨੇ ਹਿੰਦੁਸਤਾਲ ਦੀ ਬੜੀ ਸੇਵਾ ਕੀਤੀ ਹੈ।

(ਡਾ. ਪ੍ਰਦੁੱਮਣ ਸਿੰਘ ਐਮ.ਏ. ਪੀ.ਐਚ.ਡੀ.)
''ਕੂਕਿਆਂ ਬਾਰੇ'' ਸ੍ਰੀ ਚੱਕਰਵਰਤੀ ਪੰਨਾ 30।
1857 ਤੋਂ 1947 ਤਕ 50 ਕਰੋੜ ਆਪੇ ਬਣ ਗਿਆ।
(ਲੇਖਕ)


Sri Satguru Jagjit Singh Ji eLibrary NamdhariElibrary@gmail.com

ਸਾਡੀ ਕੁੱਟੀ ਕੁਟਾਈ।
ਇਹ ਪਾਲਤੂ ਹਰਨ,
ਫਾਹ ਲੈਣਗੇ ਦੂਸਰਿਆਂ ਨੂੰ।
ਇਹ ਮੁਰਗੇ
ਚੰਗੀਆਂ ਚੁੰਝਾਂ ਭਿੜਾਉਣ
ਇਨ੍ਹਾਂ ਨੂੰ ਵਰਤੋ।
ਥਾਂ ਥਾਂ ਸਿੰਘਾਂ ਦੀਆਂ ਸਭਾਵਾਂ।
ਖਾਲਸਿਆਂ ਦੇ ਦਰਬਾਰ,
ਜਿਨ੍ਹਾਂ ਪਾਣੀ ਪੀ ਪੀ ਸੀ ਕੋਸਿਆ
*ਰਣਜੀਤ ਦੇ ਜਿਗਰ ਦੇ ਟੋਟੇ, ਨਾਜ਼ਾਂ ਨਖਰਿਆਂ
ਨਾਲ ਪਲੇ ਦਲੀਪ ਨੂੰ।
ਜਿਹੜਾ ਪੰਜਾਬ ਦੀ
ਮਿੱਟੀ ਨੂੰ ਮੱਥੇ ਲਾਉਣਾ ਲੋਚਦਾ ਲੋਚਦਾ,
ਅੱਡੀਆਂ ਰਗੜ ਰਗੜ ਮਰਿਆ ਬਿਗਾਨੀਆਂ
ਗਲੀਆਂ 'ਚ।
ਇਨ੍ਹਾਂ ਬੀੜਾ ਚੁੱਕ ਲਿਆ।

---

ਮਹਾਰਾਜ ਦਲੀਪ ਸਿੰਘ ਜਲਾਵਤਨੀ ਦੀ ਹਾਲਤ ਵਿਚ ਲੰਡਨ ਤੋਂ 25 ਮਾਰਚ 1886 ਨੂੰ ਪੰਜਾਬੀਆਂ ਨੂੰ ਤਰਲੇ ਪਾਂਦਿਆਂ ਪਾਂਦਿਆ ਚਿੱਠੀ ਲਿਖੀ ਕਿ ਮੈਂ....''ਸਧਾਰਨ ਰੂਪ ਵਿਚ ਵੱਸਾਂਗਾ। ਸਤਿਗੁਰੂ ਦੀ ਇੱਛਾ ਸਾਮ੍ਹਣੇ ਸਿਰ ਨਿਵਾਉਂਦਾ ਹਾਂ। ਉਸ ਦੀ ਜੋ ਮਰਜ਼ੀ ਹੈ, ਓਹੋ ਹੋਵੇਗੀ...।"

ਪਰ ਇਸ ਖਿਮਾਂ ਮੰਗਣ ਵਾਲੀ ਤੇ ਹੋਰ ਚਿੱਠੀਆਂ ਦਾ ਸ਼ੇਰੇ ਪੰਜਾਬ ਦੇ ਪੁੱਤਰ ਨੂੰ ਜਿੰਨਾ ਰੁੱਖਾ ਦੇ ਦਿਲ ਢਾਊ ਉੱਤਰ ਬਗਾਨੇ ਹੱਥੀਂ ਲਿਖਿਆ ਦਿੱਤੀ, ਉਸ ਦਾ ਨਮੂਨਾ ਵੀ ਪਾਠਕ ਜਨ ਆਪ ਵੇਖ ਲੈਣ:

''ਅਸੀਂ ਸਾਰਾ ਖਾਲਸਾ ਪੰਥ ਅਤੇ ਗੁਜਰਾਂਵਾਲਾ ਦੇ ਨਿਵਾਸੀ ਜਿਨ੍ਹਾਂ ਨਾਲ ਤੂੰ ਆਪਣੀ ਜਨਮ-ਭੂਮੀ ਦਾ ਸਬੰਧ ਸਮਝਦਾ ਹੈਂ, ਤੇਰੀ ਉਸ ਚਿੱਠੀ ਦਾ ਜਵਾਬ ਦਿੰਦੇ ਹਾਂ। ਇਹ ਜਿਹੜਾ ਤੂੰ ਸਰਕਾਰ ਅੰਗ੍ਰੇਜ਼ੀ ਤੋਂ ਬਾਗ਼ੀ ਹੋਇਆ ਹੈਂ, ਅਕਲ ਦੀ ਗੱਲ ਨਹੀਂ ਕੀਤੀ। ਸਾਡੇ ਲੋਕਾਂ ਵਿਚ ਜਿਹੜਾ ਥੋੜ੍ਹੀ ਅਕਲ ਵੀ ਰੱਖਦਾ ਹੈ, ਉਹ ਵੀ ਤੇਰੀ ਸਹਾਇਤਾ ਦਾ ਨਾਮ ਨਹੀਂ ਲਏਗਾ। ਤੂੰ ਸਾਥੋਂ ਵੀ ਕੋਈ ਆਸ ਨਾ ਰੱਖੀ।"

ਜੁਗ ਪਲਟਾਊ ਪੰਨਾ 17-18।



ਕਸਮਾਂ ਖਾ ਲਈਆਂ,
ਦੇਸ਼ ਭਗਤ ਕੂਕਿਆਂ ਨਾਲ ਲੋਹਾ ਲੈਣ ਵਾਸਤੇ
ਇਨ੍ਹਾਂ ਦੀ ਥਾਂ ਥਾਂ ਟੱਕਰ।
ਇਨ੍ਹਾਂ ਦੇ ਥਾਂ ਥਾਂ ਰੋੜੇ।
ਕੂਕੇ ਹੇਕਾਂ ਲਾਉਣ:
''ਨਹੀਂ ਰੱਖਣੀ ਸਰਕਾਰ
ਜ਼ਾਲਿਮ ਨਹੀਂ ਰੱਖਣੀ।"
ਗਾਉਣ ਉੱਚੀਆਂ ਸੁਰਾਂ ਨਾਲ।
ਜੰਗਲ ਬੇਲੇ, ਬਣ ਪ੍ਰਬਤ ਸਭ ਗੂੰਜਣ।
ਮਗਰ ਗੋਰਿਆਂ ਦੇ ਹਵਾਰੀ:
''ਜੁਗ ਜੁਗ ਰਾਜ ਸਵਾਇਆ
ਟੋਪੀ ਵਾਲੇ ਦਾ।"
ਇਹੋ ਉਨ੍ਹਾਂ ਦੀਆਂ ਅਰਦਾਸਾਂ,
ਸਵੇਰੇ ਸ਼ਾਮ।
ਪਾਠ ਤੇ ਅਖੰਡ ਸਭ ਇਨ੍ਹਾਂ ਨਮਿਤ।
ਦੇਸ਼ ਭਗਤਾਂ ਬਾਰੇ ਨਿੱਤ ਨਵੇਂ ਫਤਵੇ,
''ਕੂਕੇ!
ਟੋਪੀ ਵਾਲੇ ਦੇ ਵਿਰੋਧੀ
ਇਹ ਸਿੱਖ ਨਹੀਂ
ਇਹ ਗ੍ਰੰਥ ਨੂੰ ਗੁਰੂ ਨ ਮੰਨਣ।
ਇਨ੍ਹਾਂ ਦੀਆਂ ਪੱਗਾਂ ਲਹਿ ਜਾਣ।
ਇਹ ਬਾਣੀ ਦਾ ਅਦਬ ਨ ਜਾਣਨ।
ਇਹ ਜਾਨੀ-ਵੈਰੀ ਸੁੱਖਾਂ ਲੱਧੀ ਅੰਗ੍ਰੇਜ਼ੀ ਸਰਕਾਰ ਦੇ।"
ਮਗਰ
ਮਹਾਂ-ਨਿਰਮਾਣ, ਸ਼ਾਂਤ-ਪੁੰਜ ਹਲਾ ਸ਼ੇਰੀ ਦਿੱਤੀ:
''ਕੀ ਹੋਇਆ ਜੇ ਦੂਤੀ ਕਹਿਣ ਕੂਕੇ ਸਿੱਖ ਨਹੀਂ?
ਸਿੱਖੀ ਫਤਵਿਆਂ ਨਾਲ ਨਹੀਂ।
ਸਿੱਖੀ ਅਮਲਾਂ ਦੀ!



Sri Satguru Jagjit Singh Ji eLibrary NamdhariElibrary@gmail.com

ਸਿੱਖ ਸਦਾ ਧਰਮੀ।
ਸਿੱਖ ਦੇਸ਼ ਦਾ ਰਾਖਾ।
ਸਿੱਖ ਗ਼ਰੀਬ ਦਾ ਸਹਾਰਾ।
ਸਿੱਖ ਸਮੱਸਤ ਦਾ ਭਲਾ ਲੋਚਕ।
ਤੁਸੀਂ ਚਲੋ ਮਹਾਂਪੁਰਸ਼ਾਂ ਦੀਆਂ ਲੀਹਾਂ ਤੇ।
ਕੁਨਾਲੀਆਂ ਹੇਠਾਂ ਚੰਨ ਨਹੀਂ ਢੱਕੀਂਦੇ।
ਤੁਸੀਂ ਲੱਗੇ ਰਹੋ ਆਪਣੇ ਆਹਰੇ।
ਮੈਂ ਜਾਣਾ ਮੇਰਾ ਕੰਮ!"
ਗੁਰੂ ਜੀ!
ਰਾਜਨੀਤੀ ਦੇ ਪੰਡਿਤ।
ਇਨ੍ਹਾਂ ਵਿਉਂਤਾਂ ਘੜੀਆਂ
ਸਾਮਰਾਜੀਆਂ ਦੇ ਵਰੋਧੀਆਂ ਨੂੰ
ਹੱਥ ਠੋਕਾ ਬਣਾਉਣ ਹਿਤ।
ਉਨ੍ਹਾਂ ਨੂੰ ਵਰਤਣ ਹਿਤ ਸਬੀਲਾਂ ਸੋਚੀਆਂ।
*ਬਿਸ਼ਨ ਸਿੰਘ, ਗੁਰਚਰਨ ਸਿੰਘ ਆਦਿ ਰਾਜਦਾਨ
ਆਜ਼ਾਦੀ ਦੇ ਪ੍ਰਵਾਨੇ,
ਦੇਸ਼ ਹਿਤ ਸਿਰਾਂ ਤੇ ਖੱਫਣ ਬੰਨ੍ਹੀ ਫਿਰਨ।
ਮੌਤ ਨੂੰ ਮਜ਼ਾਕਾਂ ਕਰਨ।
ਨਿਰਭੈ, ਨਿਡਰ, ਬੇਖੌਫ਼

ਬਿਸ਼ਨ ਸਿੰਘ ਉੱਚੇ ਲੰਮੇ, ਸਡੌਲ ਸਨ। ਇਹਨਾਂ ਦੇ ਨੇਤਰ ਸਦਾ ਲਾਲ ਰਹਿੰਦੇ ਸਨ। ਹੱਥ ਵਿਚ ਤਲਵਾਰ ਰੱਖਣੀ ਜਿਸਦਾ ਕਬਜ਼ਾ ਸੁਨਹਿਰੀ ਸੀ। ਦੇਸ਼ ਨੂੰ ਆਜ਼ਾਦ ਕਰਾਉਣ ਹਿਤ ਦਿਨ ਰਾਤ ਜੁੱਟੇ ਰਹਿੰਦੇ ਸਨ। ਇਸ ਮਾਈ ਦੇ ਲਾਲ ਵੀ ਕਈ ਫੇਰੀਆਂ ਰੂਸ ਪਾਈਆਂ। ਸੰਤ ਦੇਵਾ ਸਿੰਘ ਜੀ ਇਸ ਬਾਰੇ ਵਰਨਣ ਕਰਦੇ ਹਨ :—

ਬਿਸ਼ਨ ਸਿੰਘ ਗੁਰੂ ਕਾ ਲਾਲ,
ਫੌਜਾਂ ਰਹਿਨ ਸ਼ਹੀਦੀ ਨਾਲ,
ਕੀਤੇ ਸਤਿਗੁਰ ਨਾਲ ਕਰਾਰ,
ਉਹ ਵੀ ਹੋਇਆ ਨਾਲ ਤਿਆਰ
ਅਗੇ ਜੋ ਭਾਵੇ ਕਰਤਾਰ, ਹੁਕਮ ਅਕਾਲ ਦਾ।

(ਬਾਰਾਂ ਮਾਂਹ ਪੰਨਾ 30)



ਪ੍ਰਵਾਹ ਨ ਰੱਖਣ ਵਾਲੇ ਟੁੰਡੇ ਲਾਟ ਦੀ।
ਹੁਕਮ ਪਾ ਟੁਰ ਪਏ ਜਾਨ ਤਲੀ ਤੇ ਰੱਖ,
ਕਾਲੇ ਕੋਹ, ਲੰਮੀਆਂ ਵਾਟਾਂ।
ਬਦਲ ਲਏ ਬਾਣੇ।
ਖੁੱਲ੍ਹੀਆਂ ਸਲਵਾਰਾਂ
ਸ਼ੰਮਲਿਆਂ ਵਾਲੀਆਂ ਪੱਗਾਂ
ਪਠਾਣੀ ਵੇਸ।
ਨਿਕਲ ਗਏ ਹੱਦਾਂ ਚੀਰ।
ਰਫ਼ਲਾਂ ਵਾਲਿਆਂ ਦੇ ਸਾਮ੍ਹਣਿਓਂ।
ਪੁੱਜ ਗਏ, ਕਾਬਲ ਕੰਧਾਰ, ਬਲਖ ਬੁਖਾਰਾ ਤੇ ਰੂਸ
ਏਧਰ ਨੀਪਾਲ, ਹੈਦਰਬਾਦ
ਮਿਲੇ ਗਿਲੇ, ਗੱਲਾਂ ਬਾਤਾਂ ਕੀਤੀਆਂ
ਲਈਆਂ ਦਿੱਤੀਆਂ
ਮੁੜੇ ਸ੍ਰੀ ਭੈਣੀ ਸਾਹਿਬ।
ਇੱਥੋਂ ਰੰਗੂਨ,
ਰੰਗੂਨੋਂ ਗੁਰੂ ਕੀ ਨਗਰੀ।
ਫੇਰ ਓਹੋ ਚੱਕਰ।
ਕਈ ਵੇਰ ਗਏ।
ਕਈ ਵੇਰ ਮੁੜੇ।
*ਰਾਹ ਵਿਚ ਪਹਿਰੂਆਂ ਨਾਲ ਲੁਕਣ ਮੀਚੀ,
ਅੱਖ ਮਚੋਲੀ!
ਕਦੀ ਉਹ ਅਗੇ ਇਹ ਪਿੱਛੇ,
ਕਦੀ ਇਹ ਪਿੱਛੇ ਉਹ ਅਗੇ।
ਕਈ ਕਈ ਦਿਨ ਭੁਖੇ ਤਿਹਾਏ।

ਡਾਕਟਰ ਫੌਜਾ ਸਿੰਘ ਐਮ.ਏ.ਪੀ.ਐਚ.ਡੀ. ਕੂਕਿਆਂ ਦੀਆਂ ਪ੍ਰਦੇਸੀ ਰਾਜਸੀ ਫੇਰੀਆਂ ਬਾਰੇ ਲਿਖਦੇ ਹਨ :

"…..ਇਥੇ ਇਹ ਦਸਣਾ ਬੇਮੌਕਾ ਨਹੀਂ ਹੋਵੇਗਾ ਕਿ ਕੂਕਿਆਂ ਦਾ ਜੋਸ਼ ਕੇਵਲ 1883 ਦੇ ਸਾਲ ਵਿਚ ਹੀ ਨਹੀਂ ਸੀ। ਸਗੋਂ ਇਹੋ ਜਿਹਾ ਹੀ ਜੋਸ਼ ਸਾਨੂੰ 1878 ਦੇ ਮਗਰੋਂ ਦੇ ਸਭਨਾਂ ਸਾਲਾਂ



Sri Satguru Jagjit Singh Ji eLibrary NamdhariElibrary@gmail.com

ਵਿਚ ਮਿਲਦਾ ਹੈ ਜੋ 1883 ਤੋਂ ਪਿੱਛੋਂ ਵੀ ਕਈ ਸਾਲਾਂ ਪਿਛੇ ਇਵੇਂ ਹੀ ਠਾਠਾਂ ਮਾਰਦਾ ਰਿਹਾ। ਅਜੇ ਦਲੀਪ ਸਿੰਘ ਇੰਗਲੈਂਡ ਵਿਚ ਹੀ ਸੀ ਕਿ ਇਕ ਕੂਕਾ ਲੀਡਰ ਉਥੇ ਹੀ ਉਸ ਨੂੰ ਜਾ ਮਿਲਿਆ। ਸਰਕਾਰੀ ਰੀਪੋਰਟ ਵਿਚ ਉਸ ਦਾ ਨਾਉਂ ਬਨਾਰਸੀ ਦਾਸ ਜਾਂ ਬਨਾਰਸੀ ਬਾਬੂ ਲਿਖਿਆ ਮਿਲਦਾ ਹੈ।

"ਮਾਲੂਮ ਹੁੰਦਾ ਹੈ ਕਿ ਓਸ ਦਾ ਇਹ ਅਸਲੀ ਨਾਉਂ ਨਹੀਂ ਸੀ। ਜਿਸ ਤਰ੍ਹਾਂ ਭਗਵਾਨ ਸਿੰਘ ਜਿਸ ਨੇ ਭੈਣੀ ਸਾਹਿਬ ਦੀ ਪੁਲੀਸ ਚੌਕੀ ਦੇ ਇਕ ਸਿਪਾਹੀ ਨੂੰ ਮਾਰਿਆ ਸੀ। ਅੜਬੰਗੀ ਦਾਸ ਬਣ ਗਿਆ ਸੀ। ਇਸ ਤਰ੍ਹਾਂ ਹੋ ਸਕਦਾ ਹੈ ਕਿ ਇਸ ਨੇ ਵੀ ਕਿਸੇ ਕਾਰਨ ਜਿਸ ਦਾ ਅਜੇ ਸਾਨੂੰ ਪਤਾ ਨਹੀਂ, ਆਪਣਾ ਨਾਉਂ ਵਟਾ ਲਿਆ ਹੋਵੇ। ਇਸ ਗੱਲ ਦਾ ਇਸ਼ਾਰਾ ਇਥੋਂ ਵੀ ਮਿਲਦਾ ਹੈ ਕਿ ਇਹ ਆਦਮੀ ਜਿਥੇ ਜਾਂਦਾ ਸੀ, ਆਪਣਾ ਨਾਉਂ ਉਥੋਂ ਨਾਲ ਰਲਦਾ ਮਿਲਦਾ ਬਣਾ ਲੈਂਦਾ ਸੀ। ਜਦੋਂ ਆਗਰਾ, ਮਥਰਾ, ਮੇਰਠ ਵਰਗੇ ਸ਼ਹਿਰਾਂ ਵਿਚ ਫਿਰਦਾ ਹੈ, ਉਸ ਦਾ ਨਾਉਂ ਬਨਾਰਸੀ ਦਾਸ ਹੁੰਦਾ ਹੈ। ਪਰ ਜਦੋਂ ਬੰਗਾਲ ਜਾਂਦਾ ਹੈ ਤਾਂ ਉਸ ਦਾ ਨਾਉਂ ਬਦਲ ਕੇ ਬਨਾਰਸੀ ਬਾਬੂ ਬਣ ਜਾਂਦਾ ਹੈ। ਸਰਕਾਰੀ ਰੀਪੋਰਟ ਦੇ ਮੁਤਾਬਿਕ ਇਹ ਕੋਈ ਅਸਰ ਰਸੂਖ ਤੇ ਮਾਨ ਪ੍ਰਤਿਸ਼ਠਾ ਵਾਲਾ ਬੰਦਾ ਸੀ, ਜਿਸ ਨੂੰ ਉਤਰੀ ਭਾਰਤ ਦੀ ਸ਼ਹਿਰੀ ਵਸੋਂ ਬਹੁਤ ਚੰਗੀ ਤਰ੍ਹਾਂ ਜਾਣਦੀ ਸੀ। ਇਹ ਆਦਮੀ ਜਦ ਦਲੀਪ ਸਿੰਘ ਨੂੰ ਉਸ ਦੇ ਭਾਰਤ ਨੂੰ ਚਲਣ ਤੋਂ ਥੋੜ੍ਹੀ ਦੇਰ ਪਹਿਲਾਂ ਇੰਗਲੈਂਡ ਵਿਚ ਮਿਲਿਆ ਤਾਂ ਇਸ ਦਾ ਇੰਨਾ ਪ੍ਰਭਾਵ ਪਿਆ ਕਿ ਮਹਾਰਾਜੇ ਨੇ ਉਸ ਨੂੰ ਆਪਣਾ ਗੁਰੂ ਤੇ ਨੇਤਾ ਮੰਨ ਲਿਆ। ਬਨਾਰਸੀ ਦਾਸ ਨੇ ਹਿੰਦੁਸਤਾਨ ਆਕੇ ਮਹਾਰਾਜੇ ਵਾਸਤੇ ਜ਼ਮੀਨ ਤਿਆਰ ਕਰਨੀ ਸ਼ੁਰੂ ਕਰ ਦਿੱਤੀ। ਸਰਕਾਰ ਨੂੰ ਉਸ ਦੀਆਂ ਕਾਰਵਾਈਆਂ ਦਾ 1887 ਵਿਚ ਕਲਕੱਤਿਓਂ ਪਤਾ ਲੱਗਾ ਕਿ ਇਹ ਉਸ ਵੇਲੇ ਮਹਾਰਾਜੇ ਲਈ ਰੁਪਿਆ ਇਕੱਠਾ ਕਰ ਰਿਹਾ ਸੀ। ਤੇ ਨਾਲੇ ਪਰਚਾਰ ਕਰ ਰਿਹਾ ਸੀ ਕਿ ਦਲੀਪ ਸਿੰਘ ਆਉਣ ਹੀ ਵਾਲਾ ਹੈ ਤੇ ਉਸ ਦੇ ਆਉਣ ਨਾਲ ਦੇਸ ਦਾ ਕਲਿਆਣ ਹੋ ਜਾਵੇਗਾ।

"......ਸੰਨ 1886 ਦੇ ਸ਼ੁਰੂ ਵਿਚ ਦਲੀਪ ਸਿੰਘ ਨੇ ਭਾਰਤ ਵਾਪਸ ਆਉਣ ਦਾ ਸਫਰ ਸ਼ੁਰੂ ਕੀਤਾ। ਚੱਲਣ ਵੇਲੇ ਉਸ ਨੇ ਐਲਾਨ ਕੀਤਾ ਕਿ ਉਹ ਆਪਣੇ ਦੇਸ਼ ਜਾ ਕੇ ਪਹਿਲਾ ਕੰਮ ਖਾਲਸਾ ਸਜਣ ਦਾ ਕਰੇਗਾ। ਇਸ ਤੇ ਸਾਰੇ ਪੰਜਾਬ ਵਿਚ ਇਕ ਨਵਾਂ ਉਤਸ਼ਾਹ ਪੈਦਾ ਹੋ ਗਿਆ। ਕੇਵਲ ਉਹਨਾਂ ਦੇ ਦਿਲ ਨਾ ਪੰਘਰੇ ਜਿਨ੍ਹਾਂ ਦੀਆ ਜ਼ਮੀਰਾਂ ਵਿਦੇਸ਼ੀ ਸਰਕਾਰ ਅੱਗੇ ਕਿਸੇ ਨਾ ਕਿਸੇ ਸਵਾਰਥ ਲਈ ਵਿਕ ਚੁਕੀਆਂ ਸਨ ਅਤੇ ਜੋ ਕੌਮੀ ਮੁਫਾਦ ਨੂੰ ਆਪਣੇ ਸਵਾਰਥ ਤੋਂ ਵਾਰਨ ਲਈ ਹਰ ਸਮੇਂ ਤਤਪਰ ਰਹਿੰਦੇ ਸਨ। ਮਹਾਰਾਜੇ ਦੇ ਆਉਣ ਦੀਆਂ ਖਬਰਾਂ ਸੁਣਕੇ ਕੂਕਿਆਂ ਦਾ ਇਕ ਵਫਦ ਬੰਬਈ ਨੂੰ ਚਲ ਪਿਆ ਕਿਉਂਕਿ ਮਹਾਰਾਜੇ ਨੇ ਉਥੇ ਹੀ ਜਹਾਜ਼ੋਂ ਉਤਰਨਾ ਸੀ।

ਮਹਾਰਾਜ ਦਲੀਪ ਸਿੰਘ ਜੂਨ ਸੰਨ 1886 ਵਿਚ ਅਦਨ ਤੋਂ ਵਾਪਸ ਮੁੜਿਆ। ਹੁਣ ਉਸਨੇ ਖੁਲ੍ਹ-ਮਖੁਲ੍ਹਾ ਕਹਿ ਦਿਤਾ ਕਿ ਮੈਂ ਵਾਪਸ ਇੰਗਲੈਂਡ ਨਹੀਂ ਜਾਵਾਂਗਾ, ਔਖਾ ਹੋ ਕੇ ਗੁਜ਼ਾਰਾ ਕਰ ਲਵਾਂਗਾ, ਲੇਕਨ ਅੰਗਰੇਜ਼ਾਂ ਦੀ ਦਿਤੀ ਪੈਨਸ਼ਨ ਵਾਸਤੇ ਹਥ ਨਹੀਂ ਅੱਡਾਂਗਾ। ਮਹਾਰਾਜਾ ਆਪਣੇ ਐਲਾਨ ਤੇ ਡਟਿਆ ਰਿਹਾ। ਪਹਿਲੋਂ ਉਹ ਫਰਾਂਸ ਗਿਆ। ਉਥੇ ਉਸਨੇ ਕੋਸ਼ਿਸ਼ ਕੀਤੀ ਕਿ ਫਰਾਂਸ ਦੀ ਸਰਕਾਰ ਤੋਂ ਮਦਦ ਲੈ ਕੇ ਉਸਦੀ ਕਿਸੇ ਭਾਰਤੀ ਬਸਤੀ ਵਿਚ ਚੋਰੀ ਛਿਪੇ ਪੁਜ ਜਾਏ ਤੇ ਉਥੋਂ ਆਪਣੀ ਅੰਗਰੇਜ਼ ਵਿਰੁਧ ਲਹਿਰ ਚਲਾਏ। ਇਸ ਵਿਚ ਵੀ ਉਸਨੂੰ ਕਾਮਯਾਬੀ ਨਾ ਹੋਈ, ਕਿਉਂਕਿ ਫਰਾਂਸ ਇੰਲਗੈਂਡ ਨੂੰ ਹੋਰ ਨਾਰਾਜ਼ ਨਹੀਂ ਕਰਨਾ ਚਾਹੁੰਦਾ ਸੀ।

"ਕੁਝ ਮਹੀਨੇ ਫਰਾਂਸ ਵਿਚ ਠਹਿਰ ਕੇ ਮਹਾਰਾਜ ਦਲੀਪ ਸਿੰਘ ਕੁਝ ਰੂਸੀ ਜਰਨੈਲਾਂ ਦੀ ਸਹਾਇਤਾ



ਨਾਲ ਸੰਨ 1887 ਦੇ ਸ਼ੁਰੂ ਵਿਚ ਮਾਸਕੋ ਜਾ ਪਹੁੰਚਿਆ। ਉਸਦਾ ਵਿਚਾਰ ਸੀ ਕਿ ਚੂੰਕਿ ਰੂਸ ਇੰਗਲੈਂਡ ਦਾ ਦੁਸ਼ਮਨ ਹੈ, ਉਸਨੂੰ ਰੂਸੀ ਮਦਦ ਅਸਾਨੀ ਨਾਲ ਮਿਲ ਜਾਏਗੀ, ਜਿਸ ਨਾਲ ਪੰਜਾਬ ਤੇ ਹਮਲਾ ਕਰਕੇ ਅੰਗਰੇਜ਼ਾਂ ਨੂੰ ਉਥੋਂ ਕਢ ਸਕੇਗਾ। ਅਜੇ ਮਾਹਰਾਜਾ ਰੂਸ ਵਿਚ ਪੁਜਿਆ ਵੀ ਨਹੀਂ ਸੀ ਕਿ ਕੂਕਿਆਂ ਵਿਚ ਮੁੜ ਤੋਂ ਚੰਡੀ-ਪਾਠ ਸ਼ੁਰੂ ਹੋ ਗਏ। ਇਸ ਦਾ ਭਾਵ ਕਿਸੇ ਆਉਣ ਵਾਲੇ ਸੰਕਟ ਲਈ ਤਿਆਰੀ ਸੀ। ਕੂਕਿਆਂ ਦਾ ਪੱਕਾ ਵਿਸ਼ਵਾਸ ਸੀ ਕਿ ਹੁਣ ਜ਼ਰੂਰ ਦੇਸ਼ ਆਜ਼ਾਦ ਹੋ ਜਾਏਗਾ। ਉਨ੍ਹਾਂ ਦਾ ਸੂਬਾ ਬਿਸ਼ਨ ਸਿੰਘ ਅਗੇ ਹੀ ਰੂਸ ਪੁਜਿਆ ਹੋਇਆ ਸੀ ਅਤੇ ਉਸ ਦੀਆਂ ਕਾਰਵਾਈਆਂ ਦੀਆਂ ਖਬਰਾਂ ਸਣੇ ਸਣੇ ਪਹੁੰਚਦੀਆਂ ਹੁੰਦੀਆਂ ਸਨ। ਉਹ ਸੋਚਦੇ ਸਨ ਕਿ ਹੁਣ ਦਲੀਪ ਸਿੰਘ ਤੇ ਸੂਬਾ ਬਿਸ਼ਨ ਸਿੰਘ ਮਿਲਕੇ ਕੰਮ ਕਰਨਗੇ ਤੇ ਦੇਸ਼ ਦੀ ਆਜ਼ਾਦੀ ਦੀ ਮੰਜ਼ਲ ਸੌਖੀ ਤਹਿ ਹੋ ਜਾਏਗੀ। ਜਿਸ ਸਮੇਂ ਮਹਾਰਾਜ ਦਲੀਪ ਸਿੰਘ ਮਾਸਕੋ ਵਿਚ ਸੀ, ਕੂਕਿਆਂ ਵਲੋਂ ਉਸ ਨਾਲ ਸਿਧਾ ਸੰਪਰਕ ਜੋੜਨ ਲਈ ਕਈ ਜਤਨ ਕੀਤੇ ਗਏ, ਪਰੰਤੂ ਇਹ ਪਤਾ ਨਹੀਂ ਕਿ ਉਨ੍ਹਾਂ ਨੂੰ ਕਿੰਨੀ ਕੁ ਕਾਮਯਾਬੀ ਹੋਈ। ਸੂਬਾ ਬਿਸ਼ਨ ਸਿੰਘ ਦਾ ਉਪਰ ਜ਼ਿਕਰ ਆ ਹੀ ਚੁਕਾ ਹੈ। ਉਹ ਪਹਿਲੋਂ ਹੀ ਰੂਸ ਵਿਚ ਸੀ। ਉਸਦੇ ਬਾਰੇ ਕਰੀਬਨ ਸਾਰੀ ਕੂਕਾ ਬਰਾਦਰੀ ਵਿਚ ਅਫਵਾਹ ਗਰਮ ਸੀ ਕਿ ਉਹ ਮਹਾਰਾਜੇ ਨਾਲ ਮਿਲ ਗਿਆ ਹੈ। ਇਹ ਗਲ ਸਾਨੂੰ ਉਸ ਵੇਲੇ ਦੀਆਂ ਪੋਲੀਸ ਰਪੋਰਟਾਂ ਵਿਚ ਸਪਸ਼ਟ ਤੌਰ ਤੇ ਮਿਲਦੀ ਹੈ, ਪਰੰਤੂ ਜਿੰਨਾਂ ਚਿਰ ਤਕ ਇਸਦੀ ਪਰੋੜਤਾ ਰੂਸੀ ਸੋਮਿਆਂ ਤੋਂ ਨਹੀਂ ਹੁੰਦੀ, ਇਸ ਬਾਰੇ ਪੂਰਾ ਨਿਰਨਾ ਨਹੀਂ ਹੋ ਸਕਦਾ। ਸਰਦਾਰ ਗੁਰਚਰਨ ਸਿੰਘ ਇਕ ਹੋਰ ਮਸ਼ਹੂਰ ਕੂਕਾ ਸੂਬਾ ਸੀ ਜਿਸਨੇ ਰੂਸੀ ਸਰਕਾਰ ਨਾਲ ਗਠ ਜੋੜ ਕਰਨ ਦੇ ਕਈ ਜਤਨ ਕੀਤੇ। ਕਈ ਵਾਰੀ, ਉਸਦੇ ਬਾਰੇ ਵੀ ਆਖਿਆ ਜਾਂਦਾ ਹੈ ਕਿ, ਉਸਨੇ ਦਲੀਪ ਸਿੰਘ ਨਾਲ ਮੁਲਾਕਾਤ ਕੀਤੀ।

ਏਸੇ ਸਿਲਸਿਲੇ ਵਿਚ ਦੋ ਕੁ ਹੋਰ ਕੂਕਾ ਜਤਨਾਂ ਦਾ ਵਰਣਨ ਕਰਨਾ ਜ਼ਰੂਰੀ ਹੈ। ਇਨ੍ਹਾਂ ਚੋਂ ਇਕ ਦੇ ਬਾਰੇ ਜਰਨੈਲ ਮੈਕਲੀਨ ਦੀਆਂ ਤਾਰਾਂ ਅਤੇ ਚਿਠੀਆਂ ਵਿਚੋਂ ਕਾਫੀ ਵੇਰਵਾ ਮਿਲਦਾ ਹੈ। ਇਹ ਇਕ ਅੰਗਰੇਜ਼ੀ ਫੌਜੀ ਜਰਨੈਲ ਸੀ। ਜੋ ਈਰਾਨ ਦੇ ਮੱਸ਼ਦ ਸ਼ਹਿਰ ਵਿੱਚ ਨਿਯੁਕਤ ਸੀ। ਸਰਕਾਰ ਹਿੰਦ ਵੱਲ ਭੇਜੀ ਉਸਦੀ ਪਹਿਲੀ ਤਾਰ ਵਿੱਚ ਤਿੰਨ ਕੂਕੇ ਸਿਖਾਂ ਬਾਰੇ ਇਤਲਾਹ ਦਰਜ ਹੈ ਜੋ ਰੂਸ ਜਾਂਦੇ ਰਾਹ ਵਿੰਚ ਮੱਸ਼ਦ ਠਹਿਰੇ। ਉਸ ਦੀ ਦੂਸਰੀ ਤਾਰ ਤਾਰੀਖ 18 ਜੂਨ 1888 ਦੇ ਸ਼ਬਦ ਇਸ ਪ੍ਰਕਾਰ ਹਨ: "ਮੈਨੂੰ ਮਸ਼ੱਦ ਤੋਂ ਇਤਲਾਹ ਮਿਲੀ ਹੈ ਕਿ ਜਿਹੜੇ ਸਿਖ ਹੁਣੇ ਹੁਣੇ ਦਲੀਪ ਸਿੰਘ ਜੀ ਦੀ ਤਲਾਸ਼ ਵਿੱਚ ਆਏ ਸਨ। ਉਨ੍ਹਾਂ ਨੇ ਰੂਸੀ ਏਜੰਟ ਰਾਹੀਂ ਆਪਣੀ ਚਿਠੀ ਮਹਾਰਾਜੇ ਨੂੰ ਮਾਸਕੋ ਭੇਜ ਦਿਤੀ ਹੈ। ਤੇ ਆਪ ਆਸ਼ਕਾਬਾਦ ਰਵਾਨਾ ਹੋ ਗਏ। ਉਨ੍ਹਾਂ ਕਿਹਾ ਹੈ ਕਿ ਉਨ੍ਹਾਂ ਦੇ ਕੋਲ ਕਸ਼ਮੀਰ ਅਤੇ ਨੇਪਾਲ ਦੀਆਂ ਚਿਠੀਆਂ ਹਨ।" ਮੈਨੂੰ ਖਬਰ ਦੇਣ ਵਾਲਾ ਇਕ ਬਾ-ਰਸੂਖ ਸੌਦਾਗਰ ਹੈ। ਮਗਰੋਂ 7 ਨਵੰਬਰ ਨੂੰ ਮੈਕਲੀਨ ਨੇ ਹਿੰਦ ਸਰਕਾਰ ਨੂੰ ਇਕ ਹੋਰ ਤਾਰ ਦੁਆਰਾ ਇਤਲਾਹ ਦਿਤੀ ਕਿ ਇਨ੍ਹਾਂ ਸਿੱਖਾਂ ਦੀ ਖੁਫੀਆ ਰਿਹਾਇਸ਼ ਦਾ ਬੰਦੋਬਸਤ ਰੂਸੀ ਏਜੰਟ ਵਲੋਂ ਕੀਤਾ ਗਿਆ ਸੀ ਤੇ ਉਸ ਨੇ ਫਿਰ ਉਨ੍ਹਾਂ ਨੂੰ ਦੋ ਕਾਸ਼ਕਾਂ ਨਾਲ ਅਸ਼ਕਾਬਾਦ ਭੇਜ ਦਿਤਾ ਸੀ। ਉਨ੍ਹਾਂ ਦੇ ਨਾਂਉਂ ਮੈਕਲੀਨ ਦੀ ਇਤਲਾਹ ਦੇ ਮੁਤਾਬਕ ਮਾਨ ਸਿੰਘ, ਸਾਵਣ ਸਿੰਘ ਤੇ ਵੱਡੂ ਸਿੰਘ ਸਨ ਤੇ ਹਰ ਇਕ ਪਾਸ ਇਕ ਪਿਤਲ ਦਾ ਗੜਵਾ ਸੀ। ਹਰ ਏਕ ਦੀ ਉਮਰ ਕੱਦ ਕਾਠ ਤੇ ਹੁਲੀਏ ਬਾਰੇ ਵੀ ਏਸ ਚਿਠੀ ਵਿਚ ਵੇਰਵਾ ਮਿਲਦਾ ਹੈ।



Sri Satguru Jagjit Singh Ji eLibrary NamdhariElibrary@gmail.com

ਬਿਖੜਾ ਪੈਂਡਾ, ਭੁੰਜੇ ਸੌਣਾ,
ਨਦੀਆਂ ਤਰਨੀਆਂ।
ਬਿਗਾਨਿਆਂ ਨਾਲ ਵਾਹ।
ਸੱਪ, ਸ਼ੀਂਹ, ਬਘੇਲੇ।
ਸਭਨਾਂ ਦਾ ਟਾਕਰਾ।
ਇਕ ਵੇਰ ਆ ਰਹੇ ਸਨ ਵਰਨਾਂ ਨੂੰ,
ਕੀਮਤੀ ਤੁਹਫਿਆਂ ਨਾਲ,
ਖਾਸ ਸੁਨੇਹਿਆਂ ਨਾਲ।
ਆ ਦਰਸ਼ਨ ਕੀਤੇ ਸ਼ਾਂਤ ਪੁੰਜ ਦੇ।
ਥਕੇਵਾਂ ਲਹਿ ਗਇਆ।
ਅਕੇਵਾਂ ਜਾਂਦਾ ਨਾ ਲੱਭਾ।
ਹੌਲੇ ਫੁਲ।
ਠੰਢ ਪੈ ਗਈ।
ਸਭ ਕੁਝ ਰਖਿਆ ਚਰਨਾਂ ਤੇ,
ਸੁੱਖ ਸਾਂਦ ਦੀਆਂ ਕਹਾਣੀਆਂ ਹੋਈਆਂ।
ਸੂਹ ਹੋ ਗਈ ਟੁੱਕੜਬੋਚਾਂ ਨੂੰ।
ਦਗੜ ਦਗੜ ਆ ਹੋਈ।

---

"ਦੂਜੇ ਕੂਕਾ ਜਤਨ ਬਾਰੇ ਵੀ ਇਤਲਾਹ ਜਰਨੈਲ ਮੈਕਲੀਨ ਦੀਆਂ ਚਿੱਠੀਆਂ ਵਿਚੋਂ ਮਿਲਦੀ ਹੈ। ਸੰਨ 1888 ਦੇ ਨਵੰਬਰ ਤੋਂ ਦਸੰਬਰ ਦੇ ਮਹੀਨਿਆਂ ਵਿੱਚ ਉਸ ਨੂੰ ਮਧ-ਏਸ਼ੀਆ ਤੋਂ ਕੁਝ ਖਬਰਾਂ ਪੁਜੀਆਂ ਜੋ ਉਸਨੇ ਉਸ ਵੇਲੇ ਸਰਕਾਰ ਹਿੰਦ ਨੂੰ ਭੇਜ ਦਿਤੀਆਂ। ਉਸਦੀ ਲਿਖਤ ਅਨੁਸਾਰ ਸਤੰਬਰ ਦੇ ਮਹੀਨੇ ਵਿਚ ਕੁਝ ਸਿੱਖ ਕਟਾਕਰਗਨ ਪੁਜੇ ਜਿਥੇ ਉਨ੍ਹਾਂ ਨੇ ਰੂਸੀ ਅਧਿਕਾਰੀਆਂ ਨੂੰ ਅਪੀਲ ਕੀਤੀ ਕਿ ਸਾਨੂੰ ਇਜਾਜ਼ਤ ਦਿੱਤੀ ਜਾਏ ਤੇ ਨਾਲੇ ਕੁਝ ਖਰਚੇ ਦੀ ਇਮਦਾਦ ਕੀਤੀ ਜਾਵੇ ਤਾਂ ਜੋ ਅਸੀਂ ਮਹਾਰਾਜਾ ਦਲੀਪ ਸਿੰਘ ਨਾਲ ਸ਼ਾਮਲ ਹੋ ਸਕੀਏ। ਉਸ ਤੋਂ ਮਗਰੋਂ ਉਨ੍ਹਾਂ ਨੂੰ ਬੁਖਾਰਾ ਸ਼ਹਿਰ ਭੇਜ ਦਿਤਾ ਗਿਆ ਜਿਥੋਂ ਕੁਝ ਦਿਨਾਂ ਮਗਰੋਂ ਉਹ ਤਾਸ਼ਕੰਦ ਚਲੇ ਗਏ। ਚੂੰਕਿ ਉਨ੍ਹਾਂ ਕੋਲ ਪੈਸੇ ਖਤਮ ਹੋ ਗਏ, ਇਸ ਲਈ ਉਹ ਤਾਸ਼ਕੰਦ ਤੋਂ ਅਗੇ ਨਾ ਜਾ ਸਕੇ ਤੇ ਉਥੇ ਹੀ ਸਾਧੂਆਂ ਦੇ ਭੇਸ ਵਿਚ ਰਹਿਣ ਲਗ ਪਏ।
ਮੈਕਲੀਨ ਦਾ ਵਿਚਾਰ ਹੈ, ਕਿ ਇਹ ਵੀ ਕੂਕੇ ਸਨ। ਇਨ੍ਹਾਂ ਦਾ ਹੁਲੀਆ ਮਿਲਦਾ ਹੈ, ਪਰ ਨਾਉਂ ਨਹੀਂ..."

ਸਤਿਜੁਗ ਦਾ ਬਸੰਤ ਅੰਕ
2022 ਪੰਨਾ 42-54



ਕੜੀਆਂ ਬੇੜੀਆਂ ਲੱਗੀਆਂ ਛਣਕਣ।
ਚੜ੍ਹ ਆਈਆਂ ਕਟਕਾਂ।
ਸੁੱਖੂ, ਘੁਮੰਡਾ ਤੇ ਉਨ੍ਹਾਂ ਦੀ ਜੁੰਡਲੀ,
ਪਾ ਲਿਆ ਝੁਰਮਟ।
ਚੜ੍ਹ ਗਏ ਮੰਦਰਾਂ ਤੇ।
ਵੇਂਹਦਿਆਂ ਵੇਂਹਦਿਆਂ ਵਗਾ ਮਾਰਿਆ
ਸਭੋ ਕੁਝ ਲੋਹ ਹੇਠਾਂ।
ਕਾਣਾ ਹੌਲਦਾਰ, ਹੈਂਕੜਬਾਜ਼,
ਆਕੜ ਖਾਂ, ਸਾਨ੍ਹੇ ਦੀ ਧੌਣ ਵਾਲਾ
ਭੁੜਕ ਭੁੜਕ ਪਵੇ।
ਚੱਪਾ ਚੱਪਾ ਛਾਣ ਮਾਰਿਆ।
ਨੁੱਕਰ ਨੁੱਕਰ ਫੋਲੀ,
ਪੁੱਟ ਪੁੱਟ ਵੇਖਿਆ।
ਸਭ ਹੈਰਾਨ ਪਰੇਸ਼ਾਨ।
ਗੱਲ ਪੱਕੀ ਸੀ,
ਲਾਧ ਮਿਲਦੀ ਨਹੀਂ।
ਬਸੰਤਾਂ ਵੇਖ ਵੇਖ ਹੱਸੇ,
"ਖਸਮਾਂ ਖਾਣਿਓਂ!
ਸਾਂਭ ਰਖਿਆ ਹੈ, ਮੈਂ ਸਭੋ ਕੁਝ
ਆਪਣੀ ਪਟਾਰੀ ਵਿੱਚ।
ਨਹੀਂ ਲੱਭ ਸਕਦੀਆਂ
ਤੁਹਾਡੀਆਂ ਬੀਨਾਂ ਤੇ ਦੂਰ ਬੀਨਾਂ।
ਗੁਰੂ ਜੀ ਨੇਤਰ ਉਤ੍ਹਾਂ ਕੀਤੇ,
ਮਿੱਠਾ ਜਿਹਾ ਮੁਸਕਾਏ।
"ਸਹਿਜੇ ਜਹੇ ਪੁਛਿਆ,
ਕੀ ਲੱਭਦੇ ਹੋ?
ਕੀ ਗੁਆਚਾ ਹੈ ਸਾਹਬ?



Sri Satguru Jagjit Singh Ji eLibrary NamdhariElibrary@gmail.com

ਅਸੀਂ ਆਪ ਦੇਂਦੇ ਹਾਂ,
ਜਿਸ ਵਸਤੂ ਦੀ ਲੋੜ।
ਇਹ ਗੁਰੂ ਦਾ ਘਰ,
ਮੂੰਹੋਂ ਮੰਗੀਆਂ ਮੁਰਾਦਾਂ
ਮਿਲਦੀਆਂ ਹਨ ਇੱਥੋਂ।"
"ਟੁਮ ਬਗਾਵਤੇਂ ਸੋਚੋ!
ਗੌਂਦੇਂ ਗੂੰਦੋ,
ਸਾਜ਼ਿਸ਼ਾਂ ਘੜੋ,
ਬਦਮਾਸ਼ੋਂ ਕੋ ਪਨਾਹ ਦੋ!
ਟੁਮਹੇਂ ਟੁਮਾਰੇ ਭਾਈ ਕੀ
ਜਗ੍ਹਾ ਭੇਜ ਦੀਆ ਜਾਇਗਾ।"
ਨੱਕੋਂ ਠੂੰਹੇਂ ਡੇਗਦਿਆਂ ਬਟਨ ਕਿਹਾ
"ਇਹ ਤੇਰ ਵਹਿਮ,
ਅਸੀਂ ਭਜਨ ਬਾਣੀ ਕਰਦੇ,
ਰੱਬ ਦੀ ਯਾਦ ਵਿੱਚ ਰਹਿੰਦੇ,
ਦੂਜਿਆਂ ਪਾਸੋਂ ਕਰਾਉਂਦੇ।
ਮੰਦਾ ਨਾ ਸੋਚਦੇ,
ਕਿਸੇ ਨੂੰ ਮੰਦਾ ਨਾ ਆਖਦੇ।
ਸਾਡੀ ਇੱਕੋ ਅਰਦਾਸ,
ਸਭੋ ਸੁੱਖੀ ਵਸਣ!
ਸਭੋ ਰੱਜ ਕੇ ਖਾਣ!
ਨੰਗਾ ਭੁੱਖਾ ਕੋਈ ਨਾ ਰਹੇ!
ਖੁੱਲ੍ਹ ਵਿਚ ਸੌਣ!
ਖੁੱਲ੍ਹ ਵਿਚ ਉਠਣ,
ਕੋਈ ਨ ਸਤੇ,
ਕੋਈ ਨ ਸਤਾਏ,
ਸਭ ਆਪਣੌਂ ਆਪਣੀ ਘਰੀਂ
ਆਪਣੀ ਨੀਦਰੇਂ ਸੌਣ



ਆਪਣੀ ਨੀਂਦਰੇ ਜਾਗਣ,
ਦੁਖੀਆ ਕੋਈ ਨ ਰਹੇ!
ਗੋਰੇ ਆਪਣੇ ਘਰ,
ਕਾਲੇ ਆਪਣੇ ਘਰ,
ਕਿਰਤੀ ਭੁੱਖੇ ਨ ਰਹਿਣ,
ਨ ਰਹਿਣ ਮਿਹਨਤੀ ਨੰਗੇ।
ਵਿਹਲੜ ਨ ਕਰਨ ਹਰਲ ਹਰਲ।
ਅਮਨ ਦਾ ਨਗਾਰਾ ਵੱਜੇ।
ਅਦਲ ਸਿੰਘਾਸਣ ਮੱਲੇ।
ਬੰਦੂਕਾਂ ਤੋਪਾਂ ਖਾਰੀ ਪਾਣੀ
ਸਾਂਭੀਆਂ ਜਾਣ।
ਆਪਣੇ ਘਰ ਕੋਈ ਵਜਾਵੇ ਛੱਜ,
ਕੋਈ ਵਜਾਵੇ ਛਾਨਣੀ,
ਇਕ ਨੂੰ ਦੂਏ ਨਾਲ ਕੀ?"
ਸੁਣਦਿਆਂ ਸਭ ਦੇ ਮੂੰਹੀਂ ਜੰਦਰੇ,
ਰੰਗ ਪੀਲੇ।
ਖਾਲ ਮਖਾਲੀ ਘਰਾਂ ਨੂੰ ਮੁੜੇ
ਚੁਗਲਾਂ ਦੇ ਮੂੰਹ ਕਾਲੇ।
ਚੀਨੀ ਵਾਲੇ ਪੈਜ ਰੱਖੀ।

ਸਮਾ ਲੰਘਦਾ ਗਿਆ,
ਅੰਬਰਾਂ ਤੋਂ ਇੱਕ ਛਿੱਟ ਨ ਡਿੱਗੀ,
ਖੇਤੀਂ ਭੰਗ ਭੁਜਣ ਲੱਗੀ,
ਟੋਏ ਟਿਬੇ ਸੁੱਕ ਗਏ,
ਲੱਗਾ ਲੁੱਡੀ ਪਾਣ ਕਾਲ ਦਾ ਭੂਤ।
ਭੁਖਿਆਂ ਰੁੱਖਾਂ ਦੇ ਪੱਤਿਆਂ ਨਾਲ
ਪੇਟ ਦੀ ਅੱਗ ਨੂੰ ਝਲੂਖਿਆ।
ਪਸ਼ੂਆਂ ਦੇ ਪਿੰਜਰ ਨਿਕਲ ਆਏ,



Sri Satguru Jagjit Singh Ji eLibrary NamdhariElibrary@gmail.com

ਪ੍ਰਾਣਧਾਰੀ ਹੱਡੀਆਂ ਦੀ ਮੁੱਠ।
ਵਿਲਕਦੇ ਬੱਚੇ
ਮਾਵਾਂ ਦੀਆਂ ਸੁਕੀਆਂ ਛਾਤੀਆਂ ਚੂਸਣ,
ਮਗਰ
ਸ੍ਰੀ ਭੈਣੀ ਸਾਹਿਬ
ਵਰਤਣ ਛੱਤੀ ਪਦਾਰਥ।
ਸੈਂਕੜੇ ਆਉਣ, ਦਹਾਕੜੇ ਜਾਣ।
ਮਰਦ ਵੀ ਖਾਣ,
ਤੀਵੀਆਂ ਵੀ ਖਾਣ,
ਬੱਚੇ ਵੀ ਖਾਣ।
ਸਾਰੀ ਬਾਗੜ ਉਲਟ ਪਈ
ਊਠ ਘੋੜੇ ਬੱਕਰੀਆਂ ਨਾਲ।
ਸਰਕਾਰੀ ਕਰਮਚਾਰੀ ਬੋਲੇ,
''ਬਾਬਾ ਜੀ! ਖਾ ਜਾਣਗੇ ਤੁਹਾਨੂੰ!
ਸਰਫੇ ਨਾਲ ਵਰਤੋ।"
''ਵਾਹ ਭੋਲਿਓ!
ਇਹ ਚੀਨੀ ਵਾਲੇ ਦਾ ਘਰ
ਖੁਆਣੋਂ ਕਿਸੇ ਨੂੰ ਵਰਜਦੇ ਨਹੀਂ,
ਆਏ ਨੂੰ ਮੋੜਦੇ ਨਹੀਂ,
ਘਰੋਂ ਕਿਸੇ ਨੂੰ ਬੁਲਾਂਦੇ ਨਹੀਂ
ਆਈ ਜਾਣ, ਖਾਈ ਜਾਣਾ
ਕੋਠਿਆਂ ਦੀਆਂ ਕੜੀਆਂ ਲਾ ਦਿਆਂਗੇ ਲੇਖੇ,
ਜਦ ਕੋਠੀ ਖਾਲੀ ਦਿਸੇਗੀ,
ਨਾਲ ਈ ਟੁਰ ਪਵਾਂਗੇ ਇਨ੍ਹਾਂ ਦੇ।
ਪਹਿਲਾਂ ਇਨਕਾਰ ਨਹੀਂ ਕਿਸੇ ਨੂੰ।"
ਬੀਤ ਗਈਆਂ ਛੇਮਾਹੀਆਂ
ਮਿਹਰਾਂ ਵੱਸੀਆਂ
ਧਾੜਾਂ ਘਰਾਂ ਨੂੰ ਮੁੜੀਆਂ



ਧੰਨ ਗੁਰੂ ਹਰੀ ਸਿੰਘ!
ਧੰਨ ਮਾਤਾ ਜੀਉਣ ਕੌਰ!
ਗਾਉਦਿਆਂ ਜਾ ਘਰਾਂ ਦੇ ਬੂਹੇ ਖੜਕਾਏ।

ਗੋਰੀ ਸਰਕਾਰ ਤਾੜ ਲਿਆ ਮੌਕਿਆ।
ਕੂਕਿਆਂ ਨੂੰ ਫਾਹੁਣ ਦਾ।
ਠੱਗਾਂ ਦੇ ਕਈ ਹੱਥ।
ਡਰਾਉਣਾ ਉਨ੍ਹਾਂ ਦਾ ਸ਼ਸਤਰ,
ਧਮਕਾਉਣਾ ਉਨ੍ਹਾਂ ਦਾ ਅਸਤਰ,
ਖਵਾਉਣਾ, ਪਿਆਉਣਾ, ਚੂਰੀ, ਚੰਗਾ
ਉਨ੍ਹਾਂ ਦੇ ਦਾਉ ਪੇਚ।
ਜਿਸ ਨਾਲ ਕੰਮ ਨਿਕਲੇ ਉਹੋ ਸਾਰ ਲਿਆ।
*ਮਿਸਟਰ ਰੋ
ਜ਼ਿਲੇ ਦਾ ਗੋਰਾ
ਆਇਆ ਗੁਰੂ ਕੀ ਨਗਰੀ,
ਸਬੀਲਾਂ ਵਿਉਂਤਾਂ ਨਾਲ।
ਜੁੜ ਗਏ ਨੰਬਰਦਾਰ, ਸਫੈਦ ਪੋਸ਼, ਜ਼ੈਲਦਾਰ, ਇਨਾਮ ਖੋਰ,
ਨਸ਼ੀਨ, ਵੱਡੀਆਂ ਵੱਡੀਆਂ ਪੱਗਾਂ ਵਾਲੇ ਜੀ ਹਜ਼ੂਰੀਏ।
ਠੀਕ ਹੋਵੇ, ਗ਼ਲਤ ਹੋਵੇ
ਸਭ ਹੱਛਾ।
ਲਗ ਗਿਆ ਇੱਕ ਨਿੱਕਾ ਜੇਹਾ ਦਰਬਾਰ।
ਗੁਰੂ ਜੀ ਨੂੰ ਖਾਸ ਸੱਦਾ ਆਇਆ।
ਇਹ ਵੀ ਗਏ ਸੂਬਿਆਂ, ਸੰਤਾਂ ਮਹੰਤਾਂ ਨਾਲ।
ਗੋਰਾ ਉਠ ਕੇ ਮਿਲਿਆ।

---

ਡਿਪਟੀ ਕਮਿਸ਼ਨਰ ਜ਼ਿਲ੍ਹਾ ਲੁਧਿਆਣਾ।



Sri Satguru Jagjit Singh Ji eLibrary NamdhariElibrary@gmail.com

ਪੁਲ ਬੰਨ੍ਹ ਦਿੱਤੇ ਵਡਿਆਈ ਦੇ :
''ਬਾਬਾ ਸਾਹਿਬ ! ਬਹੁਤ ਖ਼ੂਬ, ਕਮਾਲ
ਬੜਾ ਨੇਕ ਕਾਮ ਕੀਆ,
ਬੜੀ ਖਿਦਮਤ ਕੀ।
ਭੁਖੋਂ ਕੋ ਖਾਣਾ,
ਉਨ੍ਹੋਂ ਕੀ ਦੁਆਏਂ,
ਸਰਕਾਰ ਟੁਮ ਪਰ ਬਹੁਤ ਖੁਸ਼,
ਭੰਡਾਰੇ ਕੇ ਨਾਮ ਜਾਗੀਰ,
ਅੱਸੀ ਮੁਰੱਬੇ, ਸੌ ਮੁਰੱਬੇ, ਜਿਤਨੇ ਚਾਹੋ
ਖਲਾਓ ਪਲਾਓ ਗਰੀਬੋਂ ਕੋ
ਖ਼ੂਬ ਖਲਾਓ।"
ਸ੍ਰ: ਬਹਾਦੁਰ, ਖਾਨ ਬਹਾਦਰ, ਰਾਏ ਬਹਾਦੁਰ
ਸਿਰ ਨਿਵਾਈ ਬੈਠੇ ਸਨ ਗਰਦਨਾਂ ਨੀਵੀਆਂ।
ਇੱਕ ਜ਼ਬਾਨ ਹੋ ਬੋਲੇ :
''ਵਾਹ ! ਵਾਹ !! ਵਾਹ !!!
ਸਰਕਾਰੇ ਇੰਗਲਿਸ਼ੀਆ ਸਲਾਮਤ ਰਹੇ !
ਮਲਕਾ ਵਿਕਟੋਰੀਆ ਸਲਾਮਤ ਰਹੇ !
ਜਿਸ ਹਾਤਮ ਦੀ ਯਾਦ ਤਾਜ਼ਾ ਕਰਾ ਦਿੱਤੀ
ਨੌਸ਼ੀਰਵਾਂ ਦਾ ਅਦਲ ਰੋਸ਼ਨ ਹੋ ਗਿਆ।
ਹਰੀ ਚੰਦ ਪ੍ਰਸੰਨ ਹੁੰਦਾ ਹੈ ਸਵਰਗ-ਪੁਰ।
ਕੂਕੇ ਖੁਸ਼ ਕਿਸਮਤ !
ਬਾਗ਼ੀਆਂ ਨੂੰ ਇਨਾਮ !
ਇਹੋ ਲਿਖਿਆ ਸ਼ੇਰ ਬੱਕਰੀ ਇੱਕ ਘਾਟ ਪਾਣੀ ਪਿਲਾਣ
ਵਾਲੀ ਸਰਕਾਰ ਦੇ ਮੱਥੇ।"
ਪਰ
ਦੂਰ ਦੀ ਬੂਝ ਸੂਝ ਰੱਖਣ ਵਾਲੇ,
ਰਾਜਨੀਤੀ ਦੀ ਸ਼ਤਰੰਜ ਦੇ ਆਲ੍ਹਾ ਖਿਡਾਰੀ,
ਕਦਮਾਂ ਨੂੰ ਫੂਕ ਫੂਕ ਰੱਖਣ ਵਾਲੇ,
ਉਨ੍ਹਾਂ ਕੀਤੇ ਉਤ੍ਹਾਂ ਕਮਲ ਨੇਤਰ,
ਮੱਠੇ ਜੇਹੇ ਬੁਲ ਫਰਕੇ :
''ਸਾਹਿਬ ! ਇਨ੍ਹਾਂ ਮੁਰੱਬਿਆਂ ਨਾਲ ਲੰਗਰ ਨਹੀਂ ਚਲਦੇ।
ਇਹ ਮੁਰੱਬੇ ਸਾਡੇ।
ਇਹ ਦੇਸ਼ ਸਾਡਾ।
ਇਹ ਖੇਤ ਸਾਡੇ।
ਇਹ ਭੋਏਂ ਲੈ ਮੈਂ ਨਹੀਂ ਸਿਧ ਕਰਨਾ ਕਿ ਬਾਕੀ ਦੇ ਮਾਲਿਕ ਤੁਸੀਂ,
ਮੈਂ ਨਹੀਂ ਜਾਣਦਾ ਕਿਸੇ ਹੋਰ ਨੂੰ
ਮੇਰਾ ਅੰਨ ਦਾਤਾ,
ਅਕਾਲ ਪੁਰਖ ਚੀਨੀ ਵਾਲਾ ਪਾਤਸ਼ਾਹ।
ਮੈਂ ਉਸ ਦਾ ਚਾਕਰ,
ਉਹ ਮੇਰੀ ਸਰਕਾਰ,
ਉਹ ਮੇਰਾ ਸਾਹਿਬ।"
ਸਨਾਟਾ ਛਾ ਗਿਆ
ਚੁਪ ਵਰਤ ਗਈ,
ਵੱਡੀਆਂ ਵੱਡੀਆਂ ਤੋਪਾਂ ਵਾਲੇ ਹੱਕੇ ਬੱਕੇ।
''ਇਹ ਨਹੀਂ ਜਾਣਦੇ ਕਿਸੇ ਨੂੰ
ਇਹ ਨਹੀਂ ਰੱਖਦੇ ਲਿਹਾਜ਼।
ਇਹ ਮਸਤ ਮਲੰਗ,
ਅਲਗਰਜ਼, ਫ਼ੱਕਰ,
ਕਹਿ ਦੇਣ ਮੂੰਹ ਤੇ।
ਦਿਲ ਰੱਖਣੀ ਨ ਜਾਣਨ।
ਇਹ ਨਹੀਂ ਢਿਡੋਂ ਹੋਰ,
ਮੂੰਹੋਂ ਹੋਰ।
ਇਹ ਹਨ ਸ਼ਾਕਰ ਰੱਬ ਦੇ
ਜਿਹੜਾ ਪਾਲਦਾ ਹੈ ਕੀੜੀ ਤੋਂ ਲੈ ਹਾਥੀ ਤੀਕ।
ਰਿਜ਼ਕ ਪਹੁੰਚਾਉਂਦਾ ਹੈ


Sri Satguru Jagjit Singh Ji eLibrary NamdhariElibrary@gmail.com

ਜਲੀਂ, ਥਲੀਂ, ਕੰਦਰੀਂ, ਪਰਬਤੀਂ,
ਪਰਬਤਾਂ ਦੀਆਂ ਅੰਦਰਲੀਆਂ ਤੈਹਾਂ ਵਿਚ ਲੁਕੇ ਪ੍ਰਾਣੀਆਂ ਨੂੰ।"
ਅਮਲਾ ਫੈਲਾ ਮੁੜਿਆ,
ਸਾਹਬ ਗੀਟੀਆਂ ਗਿਣੇਂ
"ਇਹ ਹਨ ਖਰੇ ਸੱਚੇ
ਇਹ ਨ ਵੱਸ ਆਉਣ ਕਿਸੇ ਮੰਤਰ ਨਾਲ
ਨਹੀਂ ਚਲਦਾ ਸਾਡਾ ਕੋਈ ਜਾਦੂ
ਇਨ੍ਹਾਂ ਕੂਕਿਆਂ ਤੇ।"



## 6.
## ਮਾਤਾ ਜੀਵਨ ਕੌਰ ਜੀ*

ਲਛਮੀ !
ਖੀਰ ਸਾਗਰ ਦੇ ਕੰਢੀਂ,
ਸ਼ੇਸ਼ਨਾਗ ਦੀ ਸੇਜਾ ਤੇ,
ਵਿਸ਼ਨੂੰ ਭਗਵਾਨ ਦੇ ਚਰਨ ਝਸਦਿਆਂ
ਫੁੱਲਾਂ ਨੂੰ ਕੋਮਲਤਾ ਤੇ ਸੁਗੰਧੀ,
ਮਖੀਰਾਂ ਨੂੰ ਮਿਠਾਸ ਤੇ ਸ਼ਹਿਦ,

---

ਮਾਤਾ ਜੀਵਨ ਕੌਰ ਦਾ ਜਨਮ ਬਾਬਾ ਖੁਸ਼ਹਾਲ ਸਿੰਘ ਮਾਤਾ ਭਾਗ ਭਰੀ ਦੇ ਗ੍ਰਹਿ ਸੰਮਤ 1916 ਬਿ: ਵਿਚ ਹੋਇਆ। ਇਹ ਘਰ ਬੜਾ ਸਰਦਾ ਪੁਜਦਾ ਸੀ। ਮੱਝਾਂ ਗਾਵਾਂ ਆਮ ਸਨ। ਆਏ ਗਏ ਤੇ ਹੋਰ ਬਿਹੰਗਮਾਂ ਦੀ ਚੰਗੀ ਸੇਵਾ ਹੁੰਦੀ ਸੀ। ਇਨ੍ਹਾਂ ਨੂੰ ਗੁਰੂ ਹਰੀ ਸਿੰਘ ਜੀ ਦੇ ਮਹਿਲ ਬਣਨ ਦਾ ਸੁਭਾਗ 1944 ਬਿ: ਵਿਚ ਮਿਲਿਆ। ਆਪ ਜੀ ਦੀ ਕੁੱਖੋਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਅਵਤਾਰ ਚੇਤ ਵਦੀ ਤੀਜ 1946 ਬਿ: ਐਤਵਾਰ ਸੂਰਜ ਛਿਪੇ, ਨਿੰਮੀ ਨਿੰਮੀ ਫੁਹਾਰ ਪੈਂਦਿਆਂ ਹੋਇਆ। ਮਹਾਰਾਜ ਨਿਹਾਲ ਸਿੰਘ ਅੱਸੂ 1949 ਵਿਚ ਸੂਰਜ ਚੜ੍ਹਨ ਸਮੇਂ ਅਤੇ ਮਹਾਰਾਜ ਗੁਰਦਿਆਲ ਸਿੰਘ ਜੀ ਅੱਸੂ ਵਦੀ ਦਸਵੀਂ ਸਰਾਧਾਂ ਵਿਚ ਸੋਮਵਾਰ, ਅੰਮ੍ਰਿਤ ਵੇਲੇ ਤਾਰੇ ਚੜ੍ਹੇ ਸੰ: 1954 ਵਿਚ ਜਨਮੇ।

ਆਪ ਨੇ ਸੇਵਾ ਕਰ ਕੇ ਸ੍ਰੀ ਭੈਣੀ ਸਾਹਿਬ ਨੂੰ ਚਾਰ ਚੰਨ ਲਾਏ। ਆਪ ਦੇ ਬਰੂਹਿਆਂ ਤੋਂ ਦੂਤੀ, ਦੁਸ਼ਮਨ, ਸਿੱਖ, ਸਾਧ, ਆਪਣਾ ਬਿਗਾਨਾ ਕਦੇ ਕੋਈ ਖ਼ਾਲੀ ਨ ਗਿਆ। ਆਪ ਦਿਨ ਰਾਤ ਸੇਵਾ ਵਿਚ ਲੀਨ ਰਹਿੰਦੇ। ਆਰਾਮ ਉਨ੍ਹਾਂ ਦੇ ਹਿੱਸੇ ਆਇਆ ਹੀ ਨਹੀਂ ਸੀ, ਉਹ ਸੇਵਾ ਨੂੰ ਹੀ ਆਰਾਮ ਜਾਣਦੇ ਸਨ। ਕੇਵਲ ਗਰਮੀਆਂ ਦੇ ਦੋ ਮਹੀਨੇ ਦੁਪਹਿਰੀਂ ਇਕ ਅੱਧਾ ਘੰਟਾ ਮੰਜੇ ਤੇ ਬੈਠਦੇ ਸਨ। ਨਹੀਂ ਤਾਂ ਅੰਮ੍ਰਿਤ ਵੇਲੇ ਤੋਂ ਰਾਤ ਦੇ ਨੌਂ ਦਸ ਵਜੇ ਤਕ ਸੇਵਾ ਵਿਚ ਜੁੱਟੇ ਰਹਿੰਦੇ ਸਨ। ਪ੍ਰਸ਼ਾਦ ਅੱਠੀਂ ਪਹਿਰੀਂ ਸਮੇਂ ਸਿਰ ਛਕਦੇ ਸਨ। ਜੇ ਉਹ ਸਮਾਂ ਸੇਵਾ ਕਰਦਿਆ ਲੰਘ ਗਇਆ, ਫੇਰ ਅਗਲੇ ਦਿਨ।

ਮੇਲੇ ਮਸਾਧਿਆਂ ਵਿਚ ਪ੍ਰਸ਼ਾਦ ਛੱਡ ਦੇਂਦੇ ਸਨ। ਕੇਵਲ ਸੌਂਫ ਦਾ ਜਲ ਇਕ ਦੋ ਵਾਰੀ ਲੈ ਲੈਂਦੇ ਸਨ। ਜਿਸ ਨੂੰ ਕੋਈ ਨ ਝੱਲੇ ਉਹ ਮਾਤਾ ਦੀ ਗੋਦ ਵਿਚ।

ਜਗਤ ਮਾਤਾ ਦੀ ਦੇਹ ਦਾ ਓਲ੍ਹਾ 3 ਫੱਗਣ, 1999 ਰਾਤ ਨੂੰ ਨੌਂ ਵਜੇ ਹੋਇਆ। ਓਸ ਦਿਲ ਘੁਮੰਡੇ ਅਤੇ ਸੁਖੂ ਨੰਬਰ ਦੇ ਪਰਵਾਰ ਨੇ ਵੀ ਢਾਹ ਮਾਰੀ ਕਿ ਅੱਜ ਸਾਡੀ ਮਾਤਾ ਚੱਲ ਵੱਸੀ ਹੈ। ਉਨ੍ਹਾਂ ਦੇ ਨਮਿੱਤ ਦੋ ਸੌ ਨੱਬੇ ਪਾਠਾਂ ਦੇ ਭੋਗ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਪਵਾਏ।



Sri Satguru Jagjit Singh Ji eLibrary NamdhariElibrary@gmail.com

ਅੱਪਛਰਾਂ ਨੂੰ ਸੁੰਦਰਤਾ,
ਚਸ਼ਮਿਆਂ ਨੂੰ ਸੀਤਲਤਾ,
ਸਾਗਰਾਂ ਨੂੰ ਗੰਭੀਰਤਾ,
ਨਦੀਆਂ ਨੂੰ ਮਿੱਠਾ ਮਿੱਠਾ ਸਰੋਦ
ਪ੍ਰਕਿਰਤੀ ਨੂੰ ਖੇੜਾ ਤੇ ਸੁਹਜ,
ਤਾਰਿਆਂ ਨੂੰ ਨਿੰਮੀ ਨਿੰਮੀ ਲੋਅ,
ਚੰਦ੍ਰਮਾਂ ਨੂੰ ਸੀਤਲ ਰਿਸ਼ਮਾਂ,
ਸੀਤਾ ਨੂੰ ਸਤ,
ਸਵਿਤਰੀ ਨੂੰ ਪਤਿਬ੍ਰਤ ਧਰਮ,
ਹਰੀਸ਼ ਚੰਦਰ ਨੂੰ ਦਾਨੀ ਬਿਰਤੀ,
[1]ਵਿਕ੍ਰਮਾਦਿਤੀਆਂ ਨੂੰ ਗਿਆਨ ਤੇ ਨਿਆਂ,
[2]ਮੋਰ ਧੱਜ ਨੂੰ ਆਪਾ ਵਾਰਨ ਦੀ ਜੁਗਤੀ,
[3]ਹਾਤਮ ਨੂੰ ਸਖਾਵਤ,
[4]ਨਾਈਟਿੰਗ ਗੇਲ ਨੂੰ ਹਮਦਰਦੀ,
[5]ਨਾਨਕੀ ਨੂੰ ਵੀਰੜੇ ਲਈ ਅਥਾਹ ਪਿਆਰ,
ਨਾਲ ਹੀ ਮੁਕਤੀ, ਜੁਗਤੀ ਤੇ ਭਗਤੀ।

1. ਰਾਜਾ ਵਿਕ੍ਰਮਾਦਿਤ ਅਥਵਾ ਬਿਕ੍ਰਮਾਜੀਤ ਜਿਸ ਦਾ ਨਿਆਂ ਪ੍ਰਸਿੱਧ ਹੈ, ਅਤੇ ਜਿਸ ਦੇ ਦਰਬਾਰ ਵਿਚ ਕਾਲੀਦਾਸ ਵਰਗੇ ਨੌ ਰਤਨ ਸਨ। ਉਸੇ ਦੇ ਨਾਉਂ ਤੇ ਸੰਮਤ ਹੈ ਜਿਹੜਾ ਅੱਜ ਕੱਲ੍ਹ 2026 ਹੈ।

2. ਮੋਰ ਧਜ ਇਕ ਰਾਜਾ ਸੀ। ਭਗਵਾਨ ਕ੍ਰਿਸ਼ਨ ਅਰਜਨ ਨੂੰ ਉਸ ਦੇ ਸਿਦਕ ਤੇ ਕੁਰਬਾਨੀ ਦਾ ਪ੍ਰਤਾਵਾ ਕਰਾਉਣ ਵਾਸਤੇ ਨਾਲ ਲੈ ਟੁਰੇ। ਮਾਇਆ ਦਾ ਸ਼ੇਰ ਬਣ ਗਿਆ। ਆਪ ਸਾਧੂ ਬਣ ਸ਼ੇਰ ਦਾ ਭੋਜਨ ਕੀਤਾ, ਮਗਰ ਕਾਂਪ ਨ ਖਾਧੀ। ਭਗਵਾਨ ਨੇ ਕਿਹਾ, ਅਰਜਨ! ਮੈਂ ਅਜੇ ਹੇ ਭਗਤਾਂ ਦੀ ਮਾਲਾ ਫੇਰਦਾ ਹਾਂ।

3. ਹਾਤਮ ਇਸਲਾਮੀ ਦੇਸ਼ਾਂ ਵਿਚ ਸਖੀ ਹੋਇਆ ਹੈ, ਜਿਹੜਾ ਦੂਸਰਿਆਂ ਦੇ ਦੁੱਖ ਦੂਰ ਕਰਨ ਹਿਤ, ਆਪ ਮੁਸੀਬਤਾਂ ਵਿਚ ਪੈ ਜਾਂਦਾ ਸੀ।

4. ਫ਼ਲੋਰੈਂਸ ਨਾਈਟਿੰਗ ਗੇਲ ਦਾ ਜਨਮ 1820 ਈ: ਇਟਲੀ ਦੇ ਫ਼ਲੋਰੈਂਸ ਸ਼ਹਿਰ ਵਿਚ ਹੋਇਆ। ਇਸ ਨੇ ਕਰੀਮਾਂ ਦੀ ਜੰਗ ਵਿੱਚ ਜ਼ਖਮੀਆਂ ਦੀ ਬੜੀ ਮਦਦ ਕੀਤੀ। ਅੱਜ ਸੰਸਾਰ ਭਰ ਵਿੱਚ ਨਰਸ-ਜਮਾਤ ਨਜ਼ਰੀਂ ਆ ਰਹੀ ਹੈ। ਉਹ ਇਸਦੀ ਮਿਹਨਤ ਦਾ ਸਦਕਾ ਹੈ। ਇਹ ਜ਼ਖਮੀਆਂ ਦੀ ਸੇਵਾ ਤਨੋ ਮਨੋ ਕਰਦੀ ਸੀ। ਜਨ-ਸੇਵਾ ਕਾਰਨ ਇਸ ਦਾ ਨਾਉਂ ਸੰਸਾਰ ਭਰ ਵਿੱਚ ਜੀਉਂਦਾ ਹੈ।

5. ਗੁਰੂ ਨਾਨਕ ਦੇਵ ਜੀ ਦੀ ਭੈਣ, ਜਿਹੜੀ ਉਨ੍ਹਾਂ ਤੇ ਅਥਾਹ ਸ਼ਰਧਾ ਰਖਦੀ ਸੀ।



[1]ਮਾਂ ਭਾਗੋ ਨੂੰ ਆਪੇ ਤੇ ਖੇਡ ਜਾਣਾ,
[2]ਲਕਸ਼ਮੀ ਬਾਈ ਨੂੰ ਦੇਸ਼ ਪਿਆਰ ਦੀ ਲਗਨ
[3]ਇੰਦਾਂ ਨੂੰ ਕੁਰਬਾਨ ਹੁੰਦੇ ਪੁੱਤ ਵੇਖਣ ਦੀ ਸ਼ਕਤੀ,
ਵੰਡਦਿਆਂ ਵੰਡਦਿਆਂ
ਚਿੱਤ ਕਰ ਆਇਆ ਮਾਤ ਲੋਕ ਤੇ ਆ
ਰਾਹ ਵਿਖਾ, ਪੂਰਨੇ ਪਾ ਕੇ ਦੱਸਣ ਦਾ
ਕਿਵੇਂ ਤੁਰੀਏ ਕੰਡਿਆਂ ਤੇ,
ਕਿਵੇਂ ਝੱਟ ਲੰਘਾਉਣਾ ਹਵਾ ਠੱਕੇ ਅੰਦਰ,
ਕਿਵੇਂ ਕੱਟਣੀਆਂ ਹਨ ਕਾਲੀਆਂ ਬੋਲੀਆ ਰਾਤਾਂ,
ਕਿਵੇਂ ਬਿਤਾਉਣੇ ਹਨ ਚਿੱਟ ਚਿੱਟੈਣ ਦਿਨ!
ਪਾ ਲਿਆ ਚੋਲਾ ਖਾਕੀਆਂ ਦਾ,
ਉਤਰ ਆਈ ਖਾਕੀਆਂ ਦੇ ਵਿਹੜੇ
ਘਰ ਚੁਣ ਲਿਆ ਬੀਰ, ਧੀਰ,
ਕੁਰਬਾਨੀ ਦੇ ਪੁਤਲੇ,
ਪਰਲੇ ਦਰਜੇ ਦਾ ਰਾਠ ਤੇ ਸਾਊ
ਬਾਬਾ ਖੁਸ਼ਹਾਲ ਸਿੰਘ ਦਾ।
ਮਾਲਵੇ ਦੇ ਰੱਕੜਾਂ ਵਿਚ,
ਕਿਕਲੀਆਂ ਪਾਂਦੀ, ਖੇਤਾਂ ਵਿੱਚ ਘੁੰਮਦੀ,
ਮਝਾਂ ਚੋਂਦੀ, ਮਧਾਣੀਆਂ ਘੁਮਾਂਦੀ,

1. ਮਾਤਾ ਭਾਗੋ ਜਿਸ ਬੇਦਾਵਾ ਲਿਖ ਕੇ ਦੇ ਆਏ ਮਝੈਲਾਂ ਨੂੰ ਫਿਟਕਾਰਾਂ ਪਾਈਆਂ ਸਨ ਤੇ ਆਪ ਕਲਗੀ ਧਰ ਪਿਤਾ ਵਾਸਤੇ ਜਾਨ ਵਾਰਨ ਵਾਸਤੇ ਇਸਤਰੀਆਂ ਨੂੰ ਉਤਸ਼ਾਹ ਦਿਤਾ ਸੀ। ਭਾਈ ਮਹਾਂ ਸਿੰਘ ਹੋਰੀਂ ਉਸੇ ਨੂੰ ਨਾਲ ਲੈ ਮੁਕਤਸਰ ਵਾਲੇ ਥਾਂ ਤੇ ਆਪਣੇ ਸਾਥੀਆਂ ਸਮੇਤ ਸ਼ਹੀਦ ਹੋਏ ਸਨ।

2. ਲਕਸ਼ਮੀ ਬਾਈ ਝਾਂਸੀ ਦੀ ਰਾਣੀ ਸੀ। ਉਹ ਪਹਿਲੀ ਸੁਤੰਤ੍ਰਤਾ ਦੀ ਜੰਗ ਸਮੇਂ ਅੰਗਰੇਜ਼ਾਂ ਵਿਰੁਧ ਚੰਗੀ ਤਰ੍ਹਾਂ ਲੜੀ ਸੀ।

3. ਬਿਸ਼ਨ ਸਿੰਘ ਦੀ ਮਾਤਾ ਜਿਸ ਨੇ ਮਲੇਰ ਕੋਟਲੇ ਦੇ ਰੱਕੜ ਵਿਚ ਆਪਣੇ ਪੁੱਤਰ ਨੂੰ ਕਾਵਨ ਦੇ ਰਾਖਵੇਂ ਸਪਾਹੀਆਂ ਹੱਥੋਂ ਟੋਟੇ ਟੋਟੇ ਹੁੰਦਾ ਵੇਖਿਆ ਸੀ ਅਤੇ ਮੁੱਖੋਂ ਆਖਿਆ ਸੀ, ਸ਼ੁਕਰ ਹੈ ਸਤਿਗੁਰ ਰਾਮ ਸਿੰਘ ਜੀ ਦਾ ਜਿਸਦੀ ਕਿਰਪਾ ਨਾਲ ਉਸਦੀ ਇਮਾਨਤ ਉਸਦੇ ਚਰਨਾਂ ਵਿੱਚ ਅਰਪਨ ਹੋਈ ਹੈ।



Sri Satguru Jagjit Singh Ji eLibrary NamdhariElibrary@gmail.com

ਮੱਖਣ ਦੇ ਪੇੜੇ ਕਢਦੀ,
ਖਾਂਦੀ ਤੇ ਵਰਤਾਂਦੀ,
ਬਾਬੇ ਨਾਨਕ ਦੀ ਬਾਣੀ ਪੜ੍ਹਦੀ,
ਮਸਤੀ ਵਿੱਚ ਝੂਮਦੀ,
ਵਧਦੀ ਗਈ, ਵਧਦੀ ਗਈ
ਜਾ ਛੂਹਿਆ ਜਵਾਨੀ ਦੀਆਂ ਟੀਸੀਆਂ ਨੂੰ।
ਬਾਬੇ ਨੂੰ ਫਿਕਰ ਲਗਾ ਬਚੜੀ ਦਾ।
ਲਗਾ ਵਰ ਢੂੰਡਣ,
ਪਰ
ਵਰ ਸਦਾ ਬਣੇ ਬਣਾਏ ਅਜ਼ਲੋਂ,
ਮੁਢ ਕਦੀਮਾਂ ਤੋਂ,
ਇਥੇ ਨਹੀਂ ਕਰਨੀ ਪੈਂਦੀ ਜੋੜ ਤੋੜ,
ਇਥੇ ਨਹੀਂ ਕੁਝ ਕਰਦੇ ਸ਼ਗਨ, ਕੁਸ਼ਗਨ,
ਪੰਡਤਾਂ ਦੀਆਂ ਪੱਤਰੀਆਂ।
ਸਮਾਂ ਆਉਣ ਤੇ ਆਪੇ ਜਾਗਣ ਭਾਗ।
ਕਲੀਆਂ ਖਿੜਨ,
ਗਿੱਧਾ ਪਾਉਣ,
ਖਿਲੀ ਮਚਾਉਣ,
ਬਾਗ਼ੀਂ ਫੁਲ ਹੱਸਣ,
ਅਕਾਸ਼ੋਂ ਮਿਹਰਾਂ ਦੇ ਮੀਂਹ ਵੱਸਣ।
ਬਾਬਾ ਲੈ ਟੁਰਿਆ ਸੁਹਜ ਦੀ ਪੁਤਲੀ,
ਸੁੰਦਰਤਾ ਤੇ ਸੁਸ਼ੀਲਤ ਦੀ ਦੇਵੀ,
ਧਰਮ ਪ੍ਰਾਇਣ,
'ਜੀਵਾਂ' ਤੇ 'ਫੱਤਾਂ' ਨੂੰ ਗੁਰੂ ਹਰੀ ਸਿੰਘ ਦੇ ਬੂਹੇ,
ਜਾ ਮੱਥਾ ਟੇਕਿਆ,
"ਲਓ ਜੀ! ਲਾਓ ਲੜ ਆਪਣੇ,
ਬਖਸ਼ੋ ਇਨ੍ਹਾਂ ਨੂੰ ਸੇਵਾ,
ਚਰਨਾਂ ਵਿੱਚ ਕਬੂਲੋ।"



ਬਾਬੇ ਬਚੜੀ ਨੂੰ ਅਲੌਕਿਕ ਦਾਜ ਦਿਤਾ।
ਸਰਦੇ ਪੁਜਦੇ ਦੇਣ
ਗਊਆਂ, ਮੱਝਾਂ, ਊਠ, ਘੋੜੇ,
ਪਲੰਘ, ਪੀੜੇ, ਰੰਗੀਲ ਚਰਖੇ,
ਰਜ਼ਾਈਆਂ, ਤੁਲਾਈਆਂ ਰੇਸ਼ਮੀ,
ਗਹਿਣਾ ਗੱਟਾ, ਹੋਰ ਜੋ ਸਰੇ ਬਣੇ।
ਖੁਸ਼ਹਾਲ ਸਿੰਘ ਸੀ ਖੁਸ਼ਹਾਲ,
ਮਨ ਦਾ ਤਨ ਦਾ, ਤੇ ਧਨ ਦਾ।
ਓਸ ਦਿਤਾ ਇੱਕ ਹਾਰ ਪੰਜ ਹੀਰਿਆਂ ਕੋਹਨੂਰ ਜੇਡਿਆਂ ਦਾ,
*ਜਿਨ੍ਹਾਂ ਦਾ ਮੁਲ ਨਹੀਂ ਪੈ ਸਕਦਾ ਕਿਸੇ ਹਟ ਬਾਜ਼ਾਰੀਂ।
1. ਬਦੇਸ਼ੀ ਨਹੀਂ ਲਾਣਾ,
2. ਜੁਰਾਬਾਂ ਨਹੀਂ ਪਾਣੀਆਂ,
3. ਛਤਰੀ ਨਹੀਂ ਲਾਉਣੀ,
4. ਕੁਰਸੀ ਤੇ ਨਹੀਂ ਬਹਿਣਾ,
5. ਸੇਵਾ ਸਭ ਦੀ।
ਬਚੜੀ ਪਾ ਲਿਆ ਗਲੇ ਓਸੇ ਵੇਲੇ,
ਨਹੀਂ ਵਿਸਰਨ ਦਿਤਾ,
ਨਹੀਂ ਭੁਰਨ ਦਿਤਾ,
ਨਹੀਂ ਖੁਰਨ ਦਿਤਾ ਕੋਈ ਨਗ,
ਆਖਰੀ ਸਵਾਸਾਂ ਤੀਕ।
ਬਾਬਾ ਮੁੜਿਆ ਸੀਸ ਨਿਵਾ,
ਚਰਨ ਛੂਹ,
ਆਇਆ ਥਰਾਜ।
ਮਾਂ ਨੂੰ ਚਾਓ

---

ਇਹ ਸ਼ਬਦ ਸੰਤ ਤਰਨ ਸਿਘ ਜੀ 'ਵਹਿਮੀ' ਪਾਸੋਂ ਪ੍ਰਾਪਤ ਹੋਏ। ਉਨ੍ਹਾਂ ਦਸਿਆ ਕਿ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਮਾਤਾ ਜੀ ਆਪ ਦਸਿਆ ਕਰਦੇ ਸਨ ਕਿ ਬਾਪੂ ਜੀ ਨੇ ਇਨ੍ਹਾਂ ਬਚਨਾਂ ਦੀ ਤਾਕੀਦ ਕੀਤੀ।



Sri Satguru Jagjit Singh Ji eLibrary NamdhariElibrary@gmail.com

ਭਰਾਵਾਂ ਨੂੰ ਖੁਸ਼ੀਆਂ,
ਮਾਸੀਆਂ, ਮਾਮੀਆਂ ਫੁਲੀਆਂ ਨ ਸਮਾਉਣ।
ਘਰ ਘਰ ਮੰਗਲਾਚਾਰ।
ਤ੍ਰਿਲੋਕੀ ਸ਼ਬਦਾਂ ਦੀਆਂ ਘਨਕੋਰਾਂ।

ਮਾਤਾ!
ਜੁਟ ਗਏ ਸੇਵਾ,
ਗੁਰੂ ਜੀ ਦੀ ਟਹਿਲ,
ਸੇਵਕਾਂ ਦੀ ਸੇਵਾ,
ਸੇਵਕਾਂ ਦੇ ਸੇਵਕਾਂ ਦੀ ਸੇਵਾ।
ਅੱਠੇ ਪਹਿਰ, ਚੌਸਠ ਘੜੀ,
ਨਹੀਂ ਵੇਖਿਆ ਦਿਨ, ਨਹੀਂ ਵੇਖੀ ਰਾਤ।
ਤਕਿਆ ਨ ਪਾਲਾ ਨ ਕੱਕਰ।
ਨ ਜਾਣਿਆ ਕੜਾਕਾ, ਨ ਜਾਣੀ ਲੋਅ।
ਕਦੀ ਨ ਖਿਆਲਿਆ,
ਮੈਂ ਰਾਣੀ, ਇਹ ਗੋਲੇ।
ਇਹ ਮੇਰੇ ਦਾਸ ਤੇ ਦਾਸੀਆਂ
ਮੈਂ ਹੁਕਮਰਾਂ, ਮੇਰੇ ਹੱਥ ਛੜੀ
ਜਿਧਰ ਚਾਹਾਂ ਤੋਰਾਂ!
ਨਹੀਂ ਨਹੀਂ, ਸਦਾ ਨੇਤਰ ਨੀਵੇਂ।
ਧਿਆਨ ਚਰਨਾਂ 'ਚ।
ਮਨ ਅੰਦਰ ਭੌ ਲਗਿਆ ਰਹੇ।
ਮਾਂ ਰਾਣੀ ਜਾਪੇ ਗੋਲੀ।
ਵਿਹਲਾ ਨਹੀਂ ਬਹਿਣਾ,
ਭਾਂਡੇ ਮਾਂਜ, ਝਾੜੂ ਦੇਵੇ,
ਗੋਹਾ ਕੂੜਾ, ਦਾਣੇ ਛੱਟ,
ਚੱਕੀ ਝੋ, ਜਲ ਢੋ,
ਬਸਤਰ ਸਾਫ ਕਰ,



ਮੁੱਠੀ ਚਾਪੀ, ਚਰਨ ਝੱਸ,
ਲਗੇ ਰਹਿਣਾ ਹਰ ਸਮੇਂ।
ਨਹੀਂ ਥਕੇਵਾਂ ਨਹੀਂ ਅਕੇਵਾਂ।
ਸੇਵਕਾਵਾਂ ਹੱਥ ਚਾਬੀਆਂ
ਓਹੋ ਕਢਣ, ਓਹੋ ਪਾਣ।
ਉਹਨਾਂ ਹੱਥ ਪਟਾਰੀਆਂ।
ਸੁਸ਼ੀਲਤਾ, ਸਾਦਗੀ, ਸੁੰਦਰਤਾ ਤੇ ਸੇਵਾ ਦਾ ਅਜਬ ਮੇਲ।
ਮੋਟਾ ਠੁੱਲਾ ਘਰ ਦਾ ਕਤਿਆ ਤੁੰਬਿਆ
ਕੁੜਤਾ, ਸੁੱਥਣ, ਚਾਦਰ।
ਰੇਸ਼ਮ ਨ ਅਤਲਸਾਂ।
ਹਮੇਲਾਂ ਨ ਤਵੀਤੜੀਆਂ।
ਕਾਂਟੇ ਨ ਮੁਰਕੀਆਂ।
ਚੌਂਕ ਨ ਫੁਲ, ਚੂੜੀਆਂ ਨ ਪਾਜ਼ੇਬਾਂ।
ਕੇਵਲ ਪਊਏ, ਆਸਣ, ਮਾਲਾ।
ਇਹੋ ਹਾਰ ਸ਼ਿੰਗਾਰ।
ਖੰਡਾਂ ਬ੍ਰਹਿਮੰਡਾਂ ਦੇ ਮਾਲਕ
ਵਡੇ ਪ੍ਰਤਾਪ ਵਾਲੇ ਆ ਕੀਤਾ ਸੁਹਾਵਾ, ਅੰਗਣਾ।
ਨਰ ਨਾਰੀ ਬਾਗ਼ੋ ਬਾਗ਼।
ਮਗਰੇ ਮਗਰ ਮਹਾਰਾਜ ਨਿਹਾਲ ਸਿੰਘ,
ਨਿਰੀ ਰਾਜਨੀਤੀ ਦੇ ਪੁਤਲੇ।
ਮਹਾਰਾਜ ਗੁਰਦਿਆਲ ਸਿੰਘ
ਫਿਲਾਸਫਰ, ਸਾਹਿਤਕਾਰ, ਦੇਸ਼ ਭਗਤੀ ਦੇ।

ਜਜ਼ਬਿਆਂ ਦੇ ਉਛਾਲੇ ਖਾਂਧੇ ਸਾਗਰ।
ਬਾਰ੍ਹੀ ਵਰ੍ਹੀਂ ਚਾਬੀਆਂ ਹੱਥ ਆਈਆਂ।
ਹੈਂਕੜ ਨਹੀਂ ਆਈ,
ਸੇਵਾ ਭਾਵ ਵਧਿਆ।
ਲੱਛਮੀ ਪ੍ਰਤੱਖ ਰੂਪ ਧਾਰਿਆ।



Sri Satguru Jagjit Singh Ji eLibrary NamdhariElibrary@gmail.com

ਅੰਮ੍ਰਿਤ ਵੇਲਾ, ਧੱਮੀ ਵੇਲਾ, ਸੂਰਜ ਦੀ ਟਿੱਕੀ,
ਛਾਹ ਵੇਲਾ, ਭੱਤੇ ਵੇਲਾ, ਡੂੰਘਾ ਖੌਪੀਆ।
ਸੋਤਾ, ਅੱਧੀ ਰਾਤ।
ਕਿਸੇ ਵੇਲੇ ਕੋਈ ਆਵੇ
ਮਾਤਾ ਸਦਾ ਤੱਤਪਰ ਆਪਣੇ ਆਸਣ ਤੇ
ਰਸਨਾਂ ਹਿਲਾਉਂਦਿਆਂ।
ਨੇਤਰ ਗੜੂੰਦੇ, ਪ੍ਰਸੰਨ ਚਿੱਤ,
ਮਿੱਠਾ ਬੋਲ, ਸ਼ੀਰੀਂ ਜ਼ਬਾਨ,
ਮੁਹ ਲਵੇ ਪਹਿਲੀ ਵੇਰ।
ਅਤਿਥੀ ਨੂੰ ਪੂਰਾ ਪੂਰਾ ਸਤਿਕਾਰ।
ਸਿੱਧੀ ਪੱਗ, ਨੀਲਾ ਦੁਮਾਲਾ,
ਭਗਵਾ ਸਾਧੂ, ਜਟਾ ਧਾਰੀ, ਉਦਾਸੀ,
ਨਿਰਮਲੇ, ਨਿਰੰਕਾਰੀ, ਰੂਮੀ ਟੋਪੀ, ਕਾਲੀ ਪੋਸ਼,
ਗਊ ਰੱਤ ਨਾਲ ਲਿੱਬੜੀ ਛੁਰੀ ਵਾਲਾ,
ਮੋਮਨ, ਕਾਫ਼ਰ, ਆਸਤਕ, ਨਾਸਤਕ,
ਸਭਸ ਨੂੰ
ਜੀਉ ਆਇਆਂ।
"ਵੇ ਸਾਊਆ! ਇਹ ਘਰ ਗੁਰੂ ਦਾ।
ਜਿੱਥੇ ਜੀ ਚਾਹੇ ਬਹੋ ਖਲੋ,
ਨ ਕਰ ਸੰਕੋਚ,
ਔਹ ਲੈ ਮੂੜ੍ਹਾ।"
ਆਖਦਿਆਂ ਆਖਦਿਆਂ ਦੁੱਧ ਦਾ ਨਕੋ ਨੱਕ ਕਟੋਰਾ,
ਉੱਪਰ ਮੋਟੀ ਮਿਲਾਈ,
ਉੱਪਰ ਖੰਡ ਦਾ ਬੂਰਾ।
ਫੇਰ ਤ੍ਰਿਭੌਲੇ ਦਾ ਕੜਾਹ ਪ੍ਰਸ਼ਾਦ।
ਫੇਰ ਦਾਲਾ ਪ੍ਰਸ਼ਾਦਾ।
ਘਿਉ ਵਗੇ ਥਾਲੇ 'ਚ,
ਜਿਵੇਂ ਵਗਣ ਕੂਲ੍ਹਾਂ ਪਰਬਤਾਂ ਦੀਆਂ ਟੀਸੀਆਂ ਤੋਂ।



ਪ੍ਰਸ਼ਾਦ ਛਕਦਿਆਂ ਹੀ ਰਸਨਾਂ ਹਿੱਲਣ ਲੱਗ ਪਵੇ।
ਸੁਰਤ ਅੰਬਰਾਂ ਨੂੰ ਉਡਾਰੀਆਂ ਭਰੇ।
ਰੂਹ ਗਗਨਾਂ ਦੇ ਰੰਗ ਬਰੰਗੀ ਮਹਿਲੀਂ।
ਮੁੜਦਿਆਂ ਨੂੰ ਰਾਹ ਦਾ ਤੋਸਾ,
ਗੁੜ, ਸ਼ੱਕਰ, ਖੰਡ, ਬਾਦਾਮ,
ਜੋ ਸਾਮ੍ਹਣੇ ਆਇਆ
ਥਾਲੀਆਂ ਭਰ ਭਰ।
ਕਟੋਰੇ ਲਬਾ ਲਬ।
ਦੋਹਾਂ ਹੱਥਾਂ ਨਾਲ ਧੱਕ ਧੱਕ!
ਦਰਸ਼ਨ ਕਰ ਘਰਾਂ ਨੂੰ ਚਾਲੇ,
ਤੁਰੇ ਜਾਣ ਗਾਉਂਦੇ ਜਾਣ,
ਧੰਨ ਮਾਤਾ ਜੀਵਨ ਕੌਰ!
ਧੰਨ ਗੁਰੂ ਹਰੀ ਸਿੰਘ!
ਧੰਨ ਚੀਨੀ ਵਾਲਾ ਪਾਤਸ਼ਾਹ!

ਲੱਗੀ ਸੋਭਾ ਪਸਰਨ ਇਸ ਨਗਰੀ ਦੀ,
ਭਾਰਤ ਦੀਆਂ ਹੱਦਾਂ ਚੀਰ,
ਪੁੱਜ ਗਈ ਪਠਾਣਾਂ ਦੇ ਦੇਸ਼,
ਬਾਗੜ ਦੀ ਧਰਤੀ,
ਬੰਗਲਾ, ਮਹਾਰਾਸ਼ਟਰ, ਤੇ ਲੰਕਾ ਦੀਆਂ ਟੀਸੀਆਂ
ਮਿਲੇ ਕੋਈ ਕੂਕਾ ਸਿੱਧੀ ਪੱਗ ਵਾਲਾ,
ਕਿਸੇ ਵਲੈਤ,
ਓਥੇ ਈ ਸੱਜਦੇ, ਡੰਡੌਤਾਂ, ਚਰਨ ਬੰਦਨਾਂ।
"ਸੰਤ ਜੀ!
ਤੁਸੀਂ ਭਾਗਾਂ ਵਾਲੇ!
ਤੁਹਾਡੇ ਉੱਚੇ ਕਰਮ,
ਤੁਸੀਂ ਲਵੋ ਪਿਆਰ ਮਾਤਾ ਜੀਵਨ ਦਾ,
ਜਿਹੜੀ ਪਾਲ ਰਹੀ ਨਿਆਸਰਿਆਂ,



Sri Satguru Jagjit Singh Ji eLibrary NamdhariElibrary@gmail.com

ਜਿਵੇਂ ਲੁਕਾਂਦੀ ਹੈ, ਮੁਰਗ਼ੀ ਚੂਚਿਆਂ ਨੂੰ
ਆਪਣੇ ਫੰਗਾਂ ਹੇਠਾਂ ਇੱਲਾਂ ਘੜਿੱਲਾਂ ਤੋਂ।
ਓਥੇ "ਲੰਗਰਿ ਦਉਲਤਿ ਵੰਡੀਐ
ਰਸੁ ਅੰਮ੍ਰਿਤ ਖੀਰਿ ਘਿਆਲੀ।"
ਜੋੜੀਆਂ ਜੱਗ ਥੋੜ੍ਹੀਆਂ।
ਇਹ ਅਲੌਕਿਕ ਦੰਪਤੀ!
ਪਤੀ ਨ ਵਰਜੇ
ਪਤਨੀ ਨ ਹਟਕੇ,
"ਵਰਤਾਈ ਜਾ ਜੀਊਣੀਏ
ਲੁਟਾਈ ਜਾ ਜੀਊਣੀਏ।"
ਲੁਟਾਈ ਜਾਵੇ ਜੀਊਣੀ।
ਵਰਤਾਈ ਜਾਵੇ ਜੀਊਣੀ।
ਬਦੇਸੀ ਸੁਣ ਸੁਣ ਸੜਨ,
ਜੁੱਲੀ-ਚੁੱਕ ਅੱਗ ਭਬੂਕੇ
"ਐਵੇਂ ਵਾਧੂ ਰੌਲੀ।
ਇਹ ਕੁਫ਼ਰ-ਗੜ੍ਹ।
ਇਹ ਗਪੌੜ ਸੰਖ।
ਐਸਾ ਨਹੀਂ ਹੋ ਸਕਦਾ।"

ਵਾਰ ਬਟਨ,
ਪੁਲਿਸ ਦਾ ਕਪਤਾਨ,
ਜਿਸ ਬੀੜਾ ਚੁੱਕ ਰੱਖਿਆ ਖੁਰਾ ਖੋਜ ਮਿਟਾਉਣ ਦਾ।
ਆਪ ਆਇਆ ਅਜ਼ਮਾਉਣ।
ਲੱਕ ਲੰਗੋਟੀ,
ਕਾਲੀ ਚਾਦਰ,
ਗਲੇ ਤੁਲਸੀ ਮਾਲਾ,
ਇੱਕ ਹੱਥ ਚਿਮਟਾ,
ਇਕ ਹੱਥ ਕਮੰਡਲੂਆ।



ਜਾ ਅਲੱਖ ਜਗਾਈ।
"ਜੈ ਮਾਤਾ ਜੀਵਨ ਕੌਰ!
ਜੈ ਗੁਰੂ ਹਰੀ ਸਿੰਘ ਮਹਾਰਾਜ!!
ਲਿਆ ਮਾਤਾ
ਆਇਆ ਤੇਰਾ ਆਸਰਾ ਤੱਕ,
ਬੜੀ ਦੂਰੋਂ ਸੁਣੀ ਸੋ,
ਭਰਦੇ ਭੰਡਾਰੇ ਸਾਧਾਂ ਦੇ,
ਅਲੱਖ! ਅਲੱਖ!! ਅਲੱਖ!!!"
ਜਾ ਬੈਠਾ ਬੂਹੇ ਅੱਗੇ।
ਵਿਛਾ ਦਿੱਤੀ ਚਾਦਰ।
"ਜੈ ਹੋਵੇ ਮਾਤਾ ਦੀ
ਭੰਡਾਰੇ ਭਰੇ ਰਹਿਣ,
ਸਾਧਾਂ ਦੀਆਂ ਲਵੋ ਖੁਸ਼ੀਆਂ।"
ਮਾਤਾ ਉਲਟਾ ਦਿੱਤੀ ਬੋਰੀ ਬਾਦਾਮਾਂ ਦੀ।
ਨਾਲ ਹੀ ਖੰਡ,
ਭਰਪੂਰ ਕਰ ਦਿੱਤੀਆਂ ਚਾਰੇ ਕੰਨੀਆਂ।
ਚੁਕਾ ਦਿੱਤੀ ਪੰਡ ਸਿਰ ਤੇ।
ਲੈ ਮੁੜਿਆ ਭੇਖ ਧਾਰੀਆ।

ਮੁੜ ਆਇਆ ਅੱਧੀ ਰਾਤ,
ਨਵੇਂ ਰੂਪ ਨਾਲ।
"ਸੰਤੋ! ਭੁੱਖਾ ਮੁਸਾਫ਼ਰ
ਬਖਸ਼ੋ ਗੁਰੂ ਰਾਮ ਸਿੰਘ ਦੇ ਭੰਡਾਰਿਓਂ।
ਇੱਕ ਪ੍ਰਸਾਦਾ, ਦੋ ਪ੍ਰਸਾਦੇ,
ਜਿੰਨੇ ਮਿਲ ਜਾਣ।"
ਪਹਿਰੇ ਦਾਰ ਉਠਿਆ ਰਸਨਾਂ ਹਿਲਾਉਦਿਆਂ।
ਬਾਰੀ ਖੋਲ੍ਹੀ,
ਪ੍ਰਸਾਦੇ ਉਪਰ ਸੰਘਣਾ ਦਾਲਾ।



Sri Satguru Jagjit Singh Ji eLibrary NamdhariElibrary@gmail.com

ਮੁੜ ਆਪਣੇ ਮੰਜੇ ਤੇ।

ਓਹੋ ਪੁਲਸੀਆ ਤੀਜੀ ਵੇਰ,
ਰਾਤ ਢਲੀ ਜਾ ਖੜਕਾਇਆ ਬੂਹਾ।
"ਬਾਬਾ ਜੀ! ਰਾਹੀ ਮੁਸਾਫਰ
ਦੂਰੋਂ ਆਇਆ।
ਪੇਟ ਦੀ ਅੱਗ ਬੁਝਾਉਣੀ ਏ,
ਕਰੋ ਕਿਰਪਾ।'
ਪਹਿਰੇ ਦਾਰ ਠੀਕ ਸੰਤ
ਕੁੜਿਤਣ ਨਹੀਂ ਆਈ,
ਤਿਊੜੀ ਨਹੀਂ ਵੱਟੀ,
ਨੱਕ ਨਹੀਂ ਚਾੜ੍ਹਿਆ,
ਬੁੜ ਬੁੜ ਨਹੀਂ ਕੀਤੀ।
"ਲੈ ਭਲਿਆ ਲੋਕਾ!
ਆਹ ਲੈ ਪ੍ਰਸਾਦਾ,
ਆਹ ਲੈ ਸਫ,
ਆਰਾਮ ਨਾਲ ਛਕ
ਦੋ ਘੜੀਆਂ ਟਿਕ,
ਫੇਰ ਤੇਰੀ ਮਰਜ਼ੀ।"

ਅਗਲੀ ਦੁਪਹਿਰ ਨਵਾਂ ਨਮੂਨਾ,
ਲੀਰਾਂ ਲਮਕਦੀਆਂ,
ਜਾ ਸਿਰ ਨਿਵਾਇਆ,
ਧਰਮ ਦੀ ਮਾਂ ਨੂੰ।
ਕੁਲ ਆਲਮ ਦੀ ਮਾਂ ਨੂੰ।
"ਮਾਤਾ!
ਭੂਰੇ ਦੀ ਲੋੜ।
ਸਿਰ ਤੇ ਸਿਆਲਾ।"



ਮਾਤਾ ਨ ਪੁਛਿਆ ਨ ਪੜਤਾਲਿਆ,
ਵਗਾ ਮਾਰੇ ਦਸ ਬਾਰ੍ਹਾਂ
ਕਸ਼ਮੀਰੀ ਧੁੱਸੇ ਤੇ ਕੁਲੂ ਦੇ ਪੱਟੂ।
"ਸਾਊਆ! ਚੁਣ ਲੈ ਮਨ ਮਰਜ਼ੀ ਦਾ।"
*ਬਟਨ ਦੇ ਬਟਨ ਖੁਲ੍ਹ ਗਏ
"ਇਹ ਰੱਬੀ ਖੇਡ,
ਇਹ ਨਹੀਂ ਮਨੁੱਖੀ ਚਾਲੇ,
ਇਥੇ ਈਸਾ ਦਾ ਵਾਸਾ।"
ਮੁੜਿਆ ਬੰਗਲੇ ਲੁਧਿਆਣੇ।

**ਘੁਮੰਡਾ ਤੇ ਘੁੰਮਡੇ ਦੇ ਯਾਰ,
ਮੰਦੇ ਭਾਗ ਉਨ੍ਹਾਂ ਦੇ
ਉਨ੍ਹਾਂ ਦੀ ਅੱਖੀਂ ਮੋਤੀਆ ਬਿੰਦ
ਪ੍ਰਕਾਸ਼ ਨੂੰ ਰੇਤਾ ਜਾਨਣ,
ਕੁੰਦਨ ਨੂੰ ਕਚ ਕਰ ਪਰਖਣ
ਗ਼ੈਰਾਂ ਦੇ ਟੇਟੇ ਚੜ੍ਹ
ਚਾੜ੍ਹੀ ਰੱਖਣ ਗੁਰੂ ਕਿਆਂ ਨੂੰ ਕਚਹਿਰੀ,
ਟੋਰੀ ਰੱਖਣ ਥਾਣੀਂ।
ਖਾਣ ਵੇਲੇ ਗੁਰੂ ਕੇ ਲੰਗਰ

---

*ਮਿਸਟਰ ਵਾਰ ਬ੍ਰਿਟਨ ਪੁਲਿਸ ਕਪਤਾਨ ਜ਼ਿਲਾ ਲੁਧਿਆਣਾ, ਇਹ ਦੋਗ਼ਲਾ ਸੀ। ਪਿਉ ਅੰਗਰੇਜ਼ ਸੀ। ਮਾਂ ਕਸ਼ਮੀਰਨ। ਕੂਕਿਆਂ ਦਾ ਕੱਟੜ ਵੈਰੀ ਸੀ। ਭੇਸ ਬਦਲਾ ਕੇ, ਜ਼ਨਾਨੇ ਕਪੜੇ ਪਾਕੇ, ਜ਼ਨਾਨੀਆਂ ਨਾਲ ਜੰਗਲ ਜਾਣ ਦੇ ਬਹਾਨੇ, ਉਨ੍ਹਾਂ ਨਾਲ ਗੱਲੀ ਬਾਤੀਂ ਕਈ ਭੇਤ ਕੱਢ ਲਿਆਉਂਦਾ ਸੀ। ਇਹ ਸ੍ਰੀ ਭੈਣੀ ਸਾਹਿਬ ਸਾਧੂ ਬਣ ਆਇਆ ਅਤੇ ਤਸੱਲੀ ਨਾਲ ਗਿਆ। ਇਸ ਨੂੰ ਸਰਕਾਰ ਦੀ ਸੇਵਾ ਬਦਲੇ ਜ਼ਿਲਾ ਸ਼ੇਖੂਪੁਰਾ ਵਿਚ ਜ਼ਮੀਨ ਮਿਲੀ ਹੋਈ ਸੀ। ਇਹ ਸਾਰੀ ਵਾਰਤਾ ਪੰਡਿਤ ਬਿਸ਼ਨ ਸਿੰਘ ਨੇ ਸੁਣਾਈ ਤੇ ਦਸਿਆ ਕਿ ਉਨ੍ਹਾਂ ਸੰਤ ਲਾਲ ਸਿੰਘ ਲਤਾਲਾ ਪਾਸੋਂ ਸੁਣੀ ਸੀ।

**ਘੁਮੰਡਾ ਤੇ ਸੁਖੂ ਸ੍ਰੀ ਭੈਣੀ ਸਾਹਿਬ ਦੀਆਂ ਪਤੀਆਂ ਦੇ ਨੰਬਰਦਾਰ ਸਨ। ਇਹ ਸਦਾ ਗੁਰੂ ਕਿਆਂ ਨਾਲ ਆਢਾ ਲਾਈ ਰੱਖਦੇ ਅਤੇ ਝੂਠੀਆਂ ਰੀਪੋਰਟਾਂ ਕਰਕੇ ਗੁਰੂ ਕਿਆਂ ਨੂੰ ਕਚਹਿਰੀ ਤੋਰੀ ਰੱਖਦੇ।



Sri Satguru Jagjit Singh Ji eLibrary NamdhariElibrary@gmail.com

ਨੱਢੇ ਨੱਢੀਆਂ, ਛੁਹਰੇ ਛੁਹਰੀਆਂ
ਟੁਰੇ ਰਹਿਣ ਗੁਰੂ ਘਰ।
ਮਾਤਾ! ਜਗਤ ਮਾਤਾ!!
ਪੰਖੀ ਪੰਖੇਰੂਆਂ ਦੀ ਮਾਤਾ,
ਕਦੇ ਘੂਰੀ ਨ ਵੱਟੀ,
ਕੁ-ਬਚਨ ਨ ਬੋਲਿਆ।
ਆਪਣਿਆਂ ਨੂੰ ਬੁਕ ਬੁਕ,
ਉਨ੍ਹਾਂ ਨੂੰ ਸਵਾਇਆ ਡੂਢਾ
ਨਾਲ ਹੀ ਸ਼ੁਭ ਅਸੀਸਾਂ ਦਾ ਝੂੰਗਾ:
"ਸਤਿਗੁਰ! ਇਨ੍ਹਾਂ ਨੂੰ ਸਮੁੱਤੇ ਲਾਉਣ।"
ਉਹ ਵੈਰੀ, ਇਹ ਮਿੱਤਰ
ਵੈਰ ਦੇ ਬਦਲੇ ਖੰਡ ਘਿਉ।
ਈਰਖਾ ਦੇ ਬਦਲੇ ਸ਼ੁਭ ਕਾਮਨਾਵਾਂ।
ਮਾਂ ਨੂੰ ਪਤਾ ਲਗੇ ਉਨ੍ਹਾਂ ਦੀ ਥੁੜ
ਰਾਤੋਂ ਰਾਤ ਉਨ੍ਹਾਂ ਦੇ ਬੂਹੀਂ ਪਦਾਰਥ,
ਚੁਪ ਚੁਪੀਤੇ।

ਪਿੰਡ ਦੇ ਕਸ਼ਮੀਰੀ,
ਬੇਟ ਦੇ ਮੁਸਲਮਾਨ
ਪਲਣ ਮਾਤਾ ਜੀਉਣ ਕੌਰ ਦੇ ਆਸਰੇ।
"ਮਾਤਾ ਜੀ! ਧੀ ਜਵਾਨ,
ਕੋਈ ਟਾਕੀ ਟੱਲਾ,
ਮਿੱਠਾ, ਥਿੰਦਾ।"
ਖੁਲ੍ਹ ਜਾਣ ਬੁਖਾਰੀਆਂ,
ਖੁਲ੍ਹ ਜਾਣ ਪਟਾਰੀਆਂ,
ਪੰਡਾਂ ਬੰਨ੍ਹ ਬੰਨ੍ਹ ਟੋਰਨ।

ਲਾਂਗਰੀਆਂ ਕਲ ਜਾਣ।



ਸਫ਼ਰ ਮੈਨ, ਹਾਲੀ, ਘੋੜਿਆਂ ਦੇ ਸੇਵਾਦਾਰ,
ਸਭ ਕੋਲ ਪੁੱਜਣ।
ਤਿਹਾਏ ਦਰਿਆਈਂ ਜਾਵਣ,
ਇਥੇ ਦਰਿਆ ਤਿਹਾਇਆਂ ਕੋਲ।
"ਬੀਰੋ! ਸਰਦਾਈ ਚਾਹੀਦੀ ਏ?
ਕੜਾਹ ਪ੍ਰਸ਼ਾਦ ਲੋੜੀਂਦਾ ਏ?
ਭਰਾਓ ਕੌਲ, ਥਾਲੇ, ਛੰਨੇ!
ਰੱਜ ਰੱਜ ਵਰਤੋ।
ਰੱਜ ਰੱਜ ਖਾਓ
ਕੋਈ ਵੱਖੀ ਖਾਲੀ ਨ ਰਹਿ ਜਾਵੇ।"

*ਚੰਦਾ, ਮੱਥਾ, ਧੱਮਣ, ਸ਼ੇਰ, ਮੰਨਾ,
ਦੈਂਤ ਤਾਂ ਕਹਿਣਾ ਠੀਕ ਨਹੀਂ,
ਉਹ ਸਨ ਬੀਰ, ਯੋਧੇ,
ਸੇਵਾ ਦੇ ਪੁਤਲੇ,
ਮਾਤਾ ਜੀਉਣ ਕੌਰ ਈ ਰਜਾ ਸਕਦੀ ਸੀ, ਉਨ੍ਹਾਂ ਨੂੰ
ਜਿਹੜੇ ਕਹੀਆਂ ਨਾਲ ਚੜ੍ਹਾ ਦੇਣ ਮਿੱਟੀ ਮੰਦਰਾਂ ਤੇ।

---

*ਭਾਈ ਚੰਦਾ ਸਿੰਘ, ਨੱਥਾ ਸਿੰਘ, ਧੰਮਣ ਸਿੰਘ, ਸ਼ੇਰ ਸਿੰਘ ਤੇ ਮਾਨ ਸਿੰਘ ਏਡੇ ਜਵਾਨ ਸਨ ਕਿ ਕਹੀਆਂ ਨਾਲ ਮਿੱਟੀ ਪੁਟ ਪੁਟ ਮੰਦਰਾਂ ਤੇ ਸੁਟੀ ਜਾਂਦੇ ਸਨ। ਭਾਈ ਨੱਥਾ ਸਿੰਘ ਜਦ ਅਜੇ ਸਿੱਖ ਨਹੀਂ ਸਜਿਆ ਸੀ, ਤਾਂ ਸਾਨ੍ਹਿਆਂ ਦੀਆਂ ਲਗੁਰਾਂ ਦੀ ਚਰਬੀ ਚੂਸ ਜਾਂਦਾ ਸੀ। ਬੜਾ ਵਿਸ਼ਈ ਸੀ। ਮਗਰ ਜਦ ਕਿਰਪਾ ਹੋ ਗਈ। ਭਜਨ ਪੁਛ ਲਿਆ ਫੇਰ 30-35 ਸਾਲ ਜੀਉਂਦੇ ਰਹਿੰਦਿਆਂ ਵੀ ਭੋਗ ਵਾਸ਼ਨਾਂ ਉਤਪਨ ਨਹੀਂ ਹੋਈ। ਆਪਣੀ ਇਸਤਰੀ ਦਾ ਵੀ ਸੰਗ ਨ ਕੀਤਾ। ਉਪਰ ਦੱਸੇ ਸੱਜਣ ਕੰਮ ਕਾਜ ਕਰਦਿਆਂ ਗਾਗਰ ਗਾਗਰ ਸਰਦਾਈ ਛਕ ਜਾਂਦੇ ਸਨ।



Sri Satguru Jagjit Singh Ji eLibrary NamdhariElibrary@gmail.com

[1]ਬੂਟਾ ਸਿੰਘ ਦੀ ਕੌਲੀ
[2]ਉਤਮ ਸਿੰਘ ਦਾ ਕੌਲ,
[3]ਬੰਬੂ ਦਾ ਬੰਬਾ,
ਇਹੋ ਮਾਤਾ ਭਰ ਸਕਦੀ ਸੀ ਖਿੜੇ ਮੱਥੇ।

---

1ਬਾਬਾ ਬੂਟਾ ਸਿੰਘ ਲਾਖਣੇ ਦੇ, ਉਗਰਾਹੀਏ ਸਨ। ਬਾਹਰ ਜੋ ਮਿਲੇ ਛੱਕਦੇ ਸਨ। ਲੰਗਰ ਵਾਸਤੇ ਜੋ ਮਾਇਆ ਮਿਲੇ ਸਭ ਵਾਂਸਲੀ ਵਿਚ, ਫੇਰ ਉਸ ਨੂੰ ਸ੍ਰੀ ਭੈਣੀ ਸਾਹਿਬ ਆ ਕੇ ਹੀ ਵਾ ਲਵਾਂਦੇ। ਇੱਕ ਵੇਰ ਹਰੀ ਕੇ ਪੱਤਣ ਤੋਂ ਦਰਿਆ ਲੰਘਣ ਲਗਿਆਂ ਬੇੜੀ ਵਾਲੇ ਪੈਸੇ ਮੰਗੇ। ਬਾਬੇ ਦੀ ਵਾਂਸਲੀ ਬੰਦ ਸੀ। ਪੈਸੇ ਕੋਲ ਨਹੀਂ ਸਨ। ਬੇੜੀ ਵਾਲੇ ਨਾਂਹ ਕਰ ਦਿੱਤੀ। ਸੰਤਾਂ ਦਰਿਆ ਵਿਚ ਛਾਲ ਮਾਰ ਦਿੱਤੀ ਅਤੇ ਤਰ ਕੇ ਪਾਰ ਹੋ ਗਏ। ਉਨ੍ਹਾਂ ਕੋਲ ਇਕ ਛੰਨਾ ਸੀ। ਜਿਸ ਵਿਚ ਦੋ ਸੇਰ ਪੱਕੇ ਘਿਉ ਪੈਂਦਾ ਸੀ। ਜਦ ਸ੍ਰੀ ਭੈਣੀ ਸਾਹਿਬ ਆਉਂਦੇ ਤਾਂ ਮਾਤਾ ਜੀ ਨੂੰ ਅਰਜ਼ ਕਰਦੇ "ਮਾਤਾ ਜੀ! ਇਹ ਕੌਲੀ ਭਰ ਦਿਓ!" ਮਾਤਾ ਜੀ ਵੀ ਉਸ ਨੂੰ ਘਿਉ ਨਾਲ ਨੱਕੋ ਨਕ ਭਰ ਦੇਣਾ ਤੇ ਸੰਤਾਂ ਇੱਕੋ ਡੀਕੇ ਪੀ ਜਾਣ।

2ਬਾਬਾ ਉੱਤਮ ਸਿੰਘ ਰਾਏ ਸਰ ਦੇ ਰਹਿਣ ਵਾਲੇ ਸਨ। ਸਤਿਗੁਰੂ ਜੀ ਇਨ੍ਹਾਂ ਨੂੰ ਬੀਰ ਆਖਿਆ ਕਰਦੇ ਸਨ। ਇਹ ਚਾਰ ਸੇਰ ਪੱਕੇ ਘਿਉ ਦਾ ਕੜਾਹ ਪ੍ਰਸ਼ਾਦ ਛਕ ਜਾਂਦੇ ਸਨ। ਡੇਰੇ ਦੀ ਉਸਾਰੀ ਵਿਚ ਇਨ੍ਹਾਂ ਪੂਰਾ ਭਾਗ ਪਾਇਆ।

3ਸੁੰਦਰ ਸਿੰਘ "ਬੰਬੂ"। ਇਹ ਗੁਰੂ ਕਾ ਲਾਲ ਵੀ ਛਕਣ ਨੂੰ ਸ਼ੇਰ ਸੀ। ਇਕ ਵੇਰ ਇਹ ਉਗ੍ਰਾਹੀ ਗਿਆ। ਇਕ ਘਰ ਦਸਾਂ ਬਾਰ੍ਹਾਂ ਸਰੀਰਾਂ ਦਾ ਲੰਗਰ ਕੀਤਾ। ਘਰ ਵਾਲਿਆਂ ਧੰਨ ਭਾਗ ਜਾਣ ਕੜਾਹ ਪ੍ਰਸ਼ਾਦ, ਖੀਰਾਂ ਸਾਧਾਂ ਵਾਸਤੇ ਤਿਆਰ ਕਰਵਾਈਆਂ। ਮਗਰ ਸੰਤਾਂ ਦੇ ਸਾਥੀ ਕਿਸੇ ਕਾਰਨ ਕਰਕੇ ਨ ਆਏ। ਘਰ ਵਾਲੀ ਮਾਈ ਪਿਆਰ ਨਾਲ ਆਖਿਆ, "ਖਸਮਾਂ-ਖਾਣਿਆਂ! ਸਾਧ ਤਾਂ ਆਏ ਨਹੀਂ ਤੂੰ ਇਕੱਲਾ ਈ ਖਾਹ।" ਮਾਈ ਦੀ ਇਹ ਗੱਲ ਸੁਣ ਬੰਬੂ ਬੂਹਾ ਭੀੜ ਲਿਆ ਅਤੇ ਇਕੱਲਾ ਹੀ ਸਭ ਕੁਝ ਛਕ ਗਿਆ।

ਇਕ ਵੇਰ ਇਸੇ ਬੰਬੂ ਨੂੰ ਜ਼ੁਕਾਮ ਹੋ ਗਿਆ। ਇਸ ਨੇ ਮਾਤਾ ਜੀ ਪਾਸ ਅਰਜ਼ ਕੀਤੀ "ਮਾਤਾ ਜੀ! ਕੋਈ ਦਵਾਈ ਦੱਸੋ" ਮਾਤਾ ਜੀ ਕਿਹਾ "ਵੇ ਬੀਰਾ! ਜਾਹ ਦਹੀਂ ਪੀ ਲੈ।" ਬੰਬੂ ਅੰਦਰ ਚਲਿਆ ਗਿਆ ਤੇ ਹੌਲੀ ਹੌਲੀ ਸਾਰਾ ਦਹੀਂ ਦਾ ਚਾਟਾ ਪੀ ਗਿਆ। ਮਾਤਾ ਜੀ ਪੁੱਛਿਆ:

"ਬੰਬੂ! ਦਹੀਂ ਪੀ ਲਈ ਆ?"
"ਇਸ਼ਟ, ਬਿਸ਼ਟ, ਐਂਟ ਸੈਂਟ"
"ਵੇ ਬੰਬੂ ਕੋਈ ਬਚਿਆ ਈ?"
ਫੇਰ ਓਹੋ "ਐਂਟ ਸੈਂਟ, ਐਂਟ।"

ਜਿਸ ਦਾ ਭਾਵ ਸੀ, ਚੱਟਮ ਕਰ ਆਇਆ ਹਾਂ। ਚਾਟੀ ਖਾਲੀ ਹੈ। ਸਾਧੂ ਇਤਨੇ ਸਨ ਕਿ ਜੋ ਬਚਨ ਕਰਦੇ ਸਭ ਸਤਿ ਹੁੰਦਾ। ਇਨ੍ਹਾਂ ਸਭ ਮਹਾਂ ਪੁਰਸ਼ਾਂ ਨੂੰ ਮਾਤਾ ਜੀਉਣ ਕੌਰ ਹੀ ਰਜਾ ਸਕਦੇ ਸਨ।



ਸਭ ਨੂੰ ਵਰਤਾਉਣਾ
ਮਗਰ ਆਪਣਾ ਸੁਭਾਉ ਨਿਰਾ ਕੜਛੀ
ਖਲਾਵੇ, ਪਿਲਾਵੇ, ਵਰਤਾਵੇ ਚੰਗਾ
ਮੁੜ ਇੱਕ ਪਾਸੇ।

ਸਦਾ ਮਸਤਾਂ ਦੇ ਲੰਗਰ।
ਜੋ ਤਿਆਰ ਉਹੋ ਪ੍ਰਵਾਨ
ਉਹ ਹੀ ਵੇਲੇ ਸਿਰ।
ਵੇਲਾ ਖੁੰਝਿਆ
ਫੇਰ ਅਗਲੀ ਭਲਕ।
ਉਸੇ ਵੇਲੇ, ਅੱਗਾ ਨ ਪਿੱਛਾ।
ਜੇ ਹੋਵੇ ਸਮਾਗਮ,
ਜਾਂ ਸੰਗਤਾਂ ਦਾ ਜੋੜ,
ਸੂਬੇ, ਮਹੰਤ, ਜਥੇਦਾਰ, ਹੱਟੀ ਵਾਲੇ,
ਕਾਇਮ ਆਪਣੇ ਆਪਣੇ ਪਹਿਰੇ,
ਮਾਤਾ ਦਾ ਭੰਡਾਰਾ ਸਦਾ ਵੱਖਰਾ।
ਜਿਸਨੂੰ ਕੋਈ ਨ ਝੱਲੇ,
ਉਹ ਮਾਤਾ ਸ਼ਰਨੀਂ।
*"ਬਿਸਕੁਟਾ! ਦੇ ਦੇ ਸਾਊ ਨੂੰ
ਜੋ ਮੰਗੇ।
ਕਾਣੀ ਡੰਡੀ ਨ ਕਰੀਂ
ਊਣਾ ਨ ਰਖੀਂ।"
ਸਾਰਾ ਦਿਨ,
ਸਾਰੀ ਸਾਰੀ ਰਾਤ ਦਾ ਜਗਰਾਤਾ,
ਮਾਤਾ ਨਿਰ-ਅਹਾਰ।
ਮਾਤਾ ਦਾ ਜਲ ਆਹਾਰ।

---

*ਸੰਤ ਸੁੰਦਰ ਸਿੰਘ, ਪਿੰਡ ਸੇਖਮ ਜ਼ਿਲਾ ਸ਼ੇਖੂਪੁਰਾ। ਮਾਤਾ ਜੀ ਦਾ ਅੰਨਿਨ ਸੇਵਕ।



Sri Satguru Jagjit Singh Ji eLibrary NamdhariElibrary@gmail.com

ਸੌਂਫ, ਬਾਦਾਮ, ਮਗ਼ਜ਼, ਕਾਲੀਆਂ ਮਰਚਾਂ
ਨਾਲ ਦੋ ਘੁਟ ਪਾਣੀ।
ਦੋ ਦਿਨ, ਚਾਰ ਦਿਨ, ਸੱਤ ਦਿਨ,
ਥਕੇਵਾਂ ਨਹੀਂ ਅਕੇਵਾਂ।
ਕਈ ਵੇਰ ਪ੍ਰਬੰਧਕਾਂ ਰੋਕਣਾ,
ਹੱਥੋਂ ਚੀਜ਼ ਖੋਹ ਲੈਣੀ,
ਹੱਥ ਵੀ ਮਰੋੜ ਘੱਤਣੇ।
ਮਗਰ ਵਹਿਣ ਕਦ ਠੱਲ੍ਹਣ।
ਉਹ ਸਦਾ ਚੁਰੇੜੇ ਤੇ ਵਿਸ਼ਾਲ,
ਇੱਕੋ ਚਾਹ,
ਇੱਕੋ ਲਾਲਸਾ,
ਖਾਲੀ ਨ ਕੋਈ ਜਾਵੇ!
ਭੁਖਾ ਨ ਕੋਈ ਰਹੇ!
ਨਿਰਾਸ਼ਾ ਨ ਕੋਈ ਮੁੜੇ!
ਮੁਕਾਇਆਂ ਇਹ ਮੁਕਦਾ ਨਹੀਂ,
ਭਰਿਆਂ ਇਹ ਭਰਦਾ ਨਹੀਂ,
*ਇਹ ਘਰ ਖੰਡਾਂ ਬ੍ਰਹਿਮੰਡਾਂ ਦੇ ਮਾਲਿਕ
ਚੀਨੀ ਵਾਲੇ ਪਾਤਸ਼ਾਹ ਦਾ।

---

*ਕੰਧਾਰਾ ਸਿੰਘ ਪਿੰਡ ਮਾਨਾਂਵਾਲਾ ਜ਼ਿਲਾ ਸੇਖੂਪੁਰਾ ਵਿਚ ਰਹਿੰਦੇ ਸਨ। ਇਹ ਪੂਰਨ ਬ੍ਰਹਮ ਗਿਆਨੀ ਹੋ ਚੁੱਕੇ ਸਨ। ਇਹ ਲੰਗਰ ਵਿਚ ਸੇਵਾ ਕਰਦੇ ਸਨ, ਅਤੇ ਆਏ ਗਿਆਂ ਨੂੰ ਪ੍ਰਸੰਨ ਕਰਕੇ ਛਕਾਂਦੇ ਸਨ। ਪ੍ਰਸ਼ਾਦਿਆਂ ਨੂੰ ਰੱਜ ਕੇ ਚੋਪੜਨਾ ਇਨ੍ਹਾਂ ਦੇ ਹੀ ਹਿੱਸੇ ਆਇਆ ਸੀ।

ਕਈ ਵੇਰ ਮਾਤਾ ਜੀ ਇਨ੍ਹਾਂ ਹਥ ਗੁਰੂ ਹਰੀ ਸਿੰਘ ਜੀ ਵਾਸਤੇ ਜਲ ਬਣਾ ਭੇਜ ਦੇਂਦੇ। ਮਗਰ ਰਾਹ ਵਿਚ ਜਿਸ ਨੇ ਮੰਗਣਾ, ਉਸੇ ਨੂੰ ਪਿਆ ਆਉਣਾ। ਇੱਕ ਦਿਨ ਤਿੰਨ ਵੇਰ ਜਲ ਲੈਕੇ ਗਏ ਮਗਰ ਗੁਰੂ ਜੀ ਤਕ ਜਲ ਨ ਪੁੱਜਾ। ਰਾਹ ਵਿਚ ਵੀ ਵੰਡਿਆ ਗਿਆ। ਪਰ ਮਾਤਾ ਜੀ ਕੋਈ ਸ਼ਬਦ ਨ ਕਿਹਾ। ਸਗੋਂ ਆਖਿਆ, "ਕੰਧਾਰਾ ਸਿੰਘ ਹੀ ਸਿੱਖੀ ਨੂੰ ਸਮਝਿਆ ਹੈ।"



## 7.
## ਢਠਵਾੜੇ ਤੇ ਮਹਿਲ

ਬੀਜਿਆ ਬੀ ਜਾਂਦਾ ਨਹੀਂ ਨਿਰਾਰਥ।
ਇੰਨੀਆਂ ਘਾਲਾਂ!
ਇਤਨਾ ਕੜੀ ਤਪੱਸਿਆ!
ਇਤਨਾ ਕਰਾਰਾ ਜ਼ੁਹਦ!
ਇਤਨਾ ਵੱਡਾ ਜੇਰਾ!
ਇੰਨੀ ਵਡੀ ਹਲੀਮੀ!
ਇਤਨੀ ਕਰੜੀ ਬੰਦਗੀ!
ਰੰਗ ਲਿਆਈ।
ਡਿਗੇ ਢੱਠੇ ਉਠ ਖਲੋਤੇ,
ਟੁੱਟੇ ਭੰਨੇ ਨਵੇਂ ਨਰੋਏ,
ਸੁੱਕੇ ਢੀਂਗਰ ਹਰੇ ਭਰੇ,
ਬੰਦ ਕਲੀਆਂ ਖਿੜ ਖਿੜ ਪਟਾਕੀਆਂ।
ਠੰਢੀ ਮੂਰਤੀ, ਜਾਣ ਦੀਦੇ ਠਾਰਨ
ਚਕੋਰੀਆਂ ਦੇ।
ਦੌਰੇ ਚੱਲਣ ਘੋੜਿਆਂ, ਊਠਾਂ, ਖੱਚਰਾਂ ਤੇ।
ਨਾਲ ਰਾਗੀ, ਰਬਾਬੀ, ਢਾਢੀ, ਜਥੇਦਾਰ,
ਕੀਰਤਨੀਏ, ਸੂਬੇ, ਸੰਤ, ਮਹੰਤ,
ਬੁਢੇ ਬਾਲੇ, ਮਾਈਆਂ, ਬੀਬੀਆਂ!
ਵਡੇ ਵਡੇ ਲਾਓ ਲਸ਼ਕਰ,
ਵਹੀਰਾਂ ਘੱਤ ਦੇਣ।
ਜਿਧਰ ਜਾਣ ਧਮਕਾਂ ਪੈਣ,
ਢੋਲਕੀਆਂ ਵੱਜਣ,



Sri Satguru Jagjit Singh Ji eLibrary NamdhariElibrary@gmail.com

ਛੈਣੇ ਖੜਕਣ,
ਇੰਦਰ ਮੋਹਣੀਆਂ ਦੀ ਛਣਕਾਰ,
ਸ਼ਬਦਾਂ ਦੀਆਂ ਘਨਘੋਰਾਂ,
ਆਕਾਸ਼ ਪਾਤਾਲ ਗੂੰਜਾਣ।
ਅੰਦਰਲਿਆਂ ਨੂੰ ਹਲੂਣਨ,
ਹਿੰਦੂ ਮੁਸਲਿਮ ਮਸਤੀ ਵਿੱਚ ਨਚਣ।
ਜੈ ਬੰਸੀ ਵਾਲਾ! ਜੈ ਕ੍ਰਿਸ਼ਨ ਮੁਰਾਰੀ!!
ਅੱਲ੍ਹਾ ਹੂ! ਅੱਲ੍ਹਾ ਹੂ!! ਅੱਲ੍ਹਾ ਹੂ!!!
ਹਜ਼ਰਤ ਨਾਨਕ! ਜ਼ਾਹਰਾ ਪੀਰ!
ਬਖਸ਼! ਬਖਸ਼!! ਬਖਸ਼!!!
ਵੈਰਾਗੀ ਹੋ ਹੰਝੂਆਂ ਦੀ ਝੜੀ ਲਾਣ
ਚਰਨ ਚੁੰਮਣ।
ਹੈਂਕੜ ਖਾਂ, ਚੋਰ, ਡਾਕੂ, ਧਾੜਵੀ ਕੀਲੇ ਗਏ,
ਵਿੰਨ੍ਹਦੇ ਜਾਣ ਸ਼ਬਦਾਂ ਦੇ ਬਾਣ।
ਕੋਈ ਹੋ ਜਾਵੇ ਗੂੰਗਾ।
ਕੋਈ ਹੋਵੇ ਬਾਵਲਾ,
ਪਸ਼ੂ ਪੰਛੀਆਂ ਨੂੰ ਗਲਵਕੜੀਆਂ ਪਾਉਣ
ਲੋਟਣ ਕਬੂਤਰ ਹੋ ਹੋ ਪੈਣ,
ਗੁਰੂ ਕਿਆਂ ਦੀਆਂ ਪ੍ਰਦੱਖਣਾ।
ਸੇਵਾਕਾਂ ਦੇ ਆਦਰ।
ਨਿਵਾਰੀ ਮੰਜੇ, ਚਿੱਟੇ ਖੇਸ, ਰੇਸ਼ਮੀ ਫੁਲਕਾਰੀਆਂ
ਵਿਛ ਵਿਛ ਜਾਣ।
ਖੀਰਾਂ, ਪੁਲਾਓ।
ਤ੍ਰਿਭੌਲੇ ਦੇ ਕੜਾਹ ਪ੍ਰਸ਼ਾਦ।
ਮਾਝਾ, ਮਾਲਵਾ, ਦੜਪ, ਮੈਣ ਦੁਆਬ,
ਧੰਨੀ, ਪੋਠੋਹਾਰ, ਸਾਂਦਲ ਤੇ ਰੰਜੀ ਬਾਰ,
ਇਹੋ ਅਲਾਪਣ,
"ਧੰਨ ਗੁਰੂ ਰਾਮ ਸਿੰਘ,



ਧੰਨ ਚੀਨੀ ਵਾਲਾ ਪਾਤਸ਼ਾਹ,
ਧੰਨ ਵੰਢੀ ਮੂਰਤੀ ਗੁਰੂ ਹਰੀ ਸਿੰਘ ਜੀ ਮਹਾਰਾਜ!"

ਐਸੀ ਮਿਹਰ ਵਰਖਾ ਹੋਈ,
ਸਭ ਥਾਈਂ ਹਰਿਆਲੀ ਫੁੱਟ ਪਈ,
ਮਿੱਧੇ ਫੁੱਲਾਂ ਧੌਣਾਂ ਚੁੱਕ ਲਈਆਂ,
ਹੁਸਨ ਅੰਗੜਾਈ ਭਰੀ,
ਸੱਜੇ ਖੇੜਾ, ਖੱਬੇ ਖੇੜਾ,
ਆਕਾਸ਼ ਪਾਤਾਲ ਖੇੜੇ ਨਾਲ ਭਰਪੂਰ।
ਖੇੜਾ ਈ ਖੇੜਾ ਪਸਰਿਆ ਨਜ਼ਰੀਂ ਆਵੇ।
ਐਸੀ ਬੰਸੀ ਵੱਜ ਰੁੱਖਾਂ ਵਿਚੋਂ ਰਸ ਚੋ ਪਇਆ।
ਕੱਲਰਾਂ ਵਿਚ ਕੌਲ ਟਹਿਕਣ ਲੱਗ ਪਏ
ਕੇਸਰ ਕਿਆਰੀਆਂ ਸਭ ਥਾਈਂ।
ਗਲੀਆਂ ਵਿਚ ਕੇਸਰ,
ਪੈਲੀਆਂ ਵਿਚ ਕੇਸਰ
ਢਠਵਾਹੇ 'ਚ ਕੇਸਰ,
ਮੈਦਾਨਾਂ ਵਿਚ ਕੇਸਰ,
ਬੰਜਰਾਂ 'ਚ ਕੇਸਰ,
[1]ਕੇਸਰ! ਕੇਸਰ!! ਕੇਸਰ!!!

1(ੳ) ਕੇਸਰ ਸਿੰਘ ਜੀ, ਪਿਤਾ ਭਾਈ ਗੁਰਦਿੱਤ ਸਿਘ ਮਾਤਾ ਪ੍ਰੇਮ ਕੌਰ ਦੇ ਘਰ ਚਵਿੰਡੇ ਜ਼ਿਲ੍ਹਾ ਅੰਮ੍ਰਿਤਸਰ ਵਿਚ ਜਨਮ ਲਿਆ। ਆਪ ਪੂਰਨ ਬ੍ਰਹਮ ਗਿਆਨੀ ਤੇ ਰਿਧੀਆਂ ਸਿਧੀਆਂ ਦੇ ਮਾਲਕ ਸਨ। ਆਪ ਨੇ ਇਕ ਦਿਨ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਬਾਹੋਂ ਫੜ ਕੇ ਕਿਹਾ: "ਗੁਰੂ ਰਾਮ ਸਿੰਘ ਜੀ ਦੀ ਬਖ਼ਸ਼ਸ਼ ਦਾ ਦਰਵਾਜ਼ਾ ਬੰਦ ਨਹੀਂ ਕਰਨਾ।" ਆਪ ਨੇ ਬਹੁਤ ਸਮਾਂ ਗੁਜਰਾਂਵਾਲੇ ਗੁਜ਼ਾਰਿਆ।

(ਅ) ਸੰਤ ਕੇਸਰ ਸਿੰਘ ਜੀ ਠਾਕੁਰ ਮੁਹਾਵਾ। ਆਪ ਜੀ ਦੇ ਬਾਰੇ ਪ੍ਰਸਿੱਧ ਹੈ। ਮਾਈਆਂ ਬੀਬੀਆਂ ਚਰਖੇ ਕੱਤਦਿਆਂ ਗਾਉਂਦੀਆਂ ਹੁੰਦੀਆਂ ਸਨ:

ਮੈਂ ਕੇਸਰ ਕੇਸਰ ਕਰਦੀ, ਘਰ ਆ ਜਾ ਕੇਸਰਾ।
ਮੈਂ ਠਾਕੁਰ ਠਾਕੁਰ ਕਰਦੀ ਘਰ ਆ ਜਾ ਠਾਕੁਰਾ॥



Sri Satguru Jagjit Singh Ji eLibrary NamdhariElibrary@gmail.com

ਥਾਂ ਥਾਂ [1]ਲਾਲ, ਜਵਾਹਰ, ਤੇ ਹੀਰੇ,
ਕੋਨਾ ਕੋਨਾ ਚਮਕ ਉੱਠਿਆ।
ਜੀਵਨ ਦੀਆਂ ਜੋਤਾਂ ਜਗ ਮਗ, ਜਗ ਮਗ!
[2]ਅਰਸ਼ੀ ਫਰਿਸ਼ਤੇ ਫ਼ਰਸ਼ਾਂ ਤੇ ਆ ਉੱਤਰੇ,
ਮੰਗਲਾਚਾਰ ਦੀਆਂ ਧੁਨਾਂ, ਉੱਠਣ ਲੱਗ ਪਈਆਂ,
ਆਲ੍ਹਾ ਆਲ੍ਹਾ ਭੌਰਿਆਂ ਬਾਗ ਨੂੰ ਗੂੰਜਾਰਿਆ,
[3]ਉੱਤਮ, ਬੀਰ, ਭਗਤੀ ਦੇ ਸ਼ੇਰਾਂ,
ਗਿੱਦੜਾਂ ਨੂੰ ਭਾਜੜਾ ਪਾ ਦਿੱਤੀਆਂ।
ਜੀਭਾਂ ਲਮਕਾਈ ਝਾੜਾਂ ਵਿਚ ਜਾ ਸਿਰ ਲੁਕਾਇਆ।
ਹੁਕਮ ਆਪ ਮਹਿਕੂਮ ਬਣ ਖਲੋਤਾ
ਹੱਥ ਜੋੜ ਚਵ੍ਹੀ ਘੰਟੇ ਅਰਦਲ 'ਚ।

---

*ਆਪ ਬ੍ਰਹਮ ਗਿਆਨੀ ਅਤੇ ਰਿਧੀਆਂ ਸਿਧੀਆਂ ਦੇ ਮਾਲਕ ਸਨ। ਸੰਤ ਨਿਧਾਨ ਸਿਘ ਜੀ ਆਲਮ ਇਨ੍ਹਾਂ ਤੋਂ ਵਰ ਪਾ ਕੇ ਹੀ ਏਨੀ ਪ੍ਰਸਿੱਧੀ ਤੇ ਪੁੱਜੇ ਸਨ।

(ੲ) ਕੇਸਰ ਸਿੰਘ ਜੀ 'ਚੁਪ'। ਆਪ ਜੀ ਦਾ ਜਨਮ ਬਾਬਾ ਜੀਵਨ ਸਿੰਘ ਮਾਤਾ ਕਰਮੋ ਦੀ ਕੁੱਖੋਂ ਸੇਖਮ ਜ਼ਿਲ੍ਹਾ ਸਿਆਲਕੋਟ ਵਿਚ ਹੋਇਆ। ਆਪ ਭਜਨ ਕਰਦੇ ਬਦੇਹ ਹੋ ਜਾਂਦੇ। ਆਪ ਜੀ ਦੀ ਮਿਹਰ ਨਾਲ ਗੁਜਰਾਂਵਾਲੇ ਹਰ ਵੇਲੇ ਅਨੰਦ ਬਣਿਆ ਰਹਿੰਦਾ।

1. ਲਾਲ ਸਿੰਘ ਭੂਰੇ ਗਿਲ :—ਪਿਤਾ ਸ: ਅਤਰ ਸਿੰਘ ਮਾਤਾ ਮਾਨ ਕੌਰ, ਪਿੰਡ ਭੂਰੇ ਗਿਲ, ਜ਼ਿਲ੍ਹਾ ਅੰਮ੍ਰਿਤਸਰ। ਆਪ ਜੀ ਨੇ ਭਜਨ ਬਾਬੇ ਵਰਿਆਮ ਸਿੰਘ ਛੈਨਿਆਂ ਵਾਲਿਆਂ ਤੋਂ ਮਖੌਲ ਨਾਲ ਪੁੱਛਿਆ। ਇਹ ਭਜਨ ਨੂੰ ਬੜਾ ਮਖੌਲ ਕਰਿਆ ਕਰਦੇ ਸਨ ਮਗਰ ਕੰਨ ਵਿਚ ਦੱਸਣ ਦੀ ਦੇਰ ਸੀ ਕਿ ਰੰਗ ਬਦਲ ਗਿਆ। ਕੀਰਤਨ ਕਰਨ ਲੱਗ ਪਏ ਅਤੇ ਮਸਤ ਹੋ ਕੂਕਦੇ "ਮੈਂ ਖ਼ੁਦਾ! ਮੈਂ ਖ਼ੁਦਾ!! ਮੈਂ ਖ਼ੁਦਾ!!!"

2. ਸੰਤ ਮੰਗਲ ਸਿੰਘ :—ਇਹ ਅਰਸ਼ੀ ਫਰਿਸ਼ਤੇ ਦੇ ਨਾਉਂ ਨਾਲ ਪ੍ਰਸਿੱਧ ਸਨ। ਇਨ੍ਹਾਂ ਨੂੰ ਸਤਿਗੁਰੂ ਹਰੀ ਸਿੰਘ ਜੀ ਦਾ ਵਾਰ ਸੀ "ਮਸਤਾਨਿਆਂ ਨੂੰ ਗਾਲ੍ਹਾਂ ਵੀ ਕੱਢੇਂਗਾ ਤਾਂ ਲੋਕੀਂ ਤੇਰੀਆਂ ਸੁਣਨਗੇ।" ਇਹ ਇਕ ਨੰਬਰ ਦੇ ਪ੍ਰਚਾਰਕ ਸਨ। ਬੜੇ ਹਸ ਮੁਖ ਸਨ ਅਤੇ ਤਕਰੀਰ ਕਰਦਿਆਂ ਸਰੋਤਿਆਂ ਨੂੰ ਹਸਾ ਹਸਾ ਢਿੱਡੀਂ ਪੀੜਾਂ ਪਾ ਦਿਆ ਕਰਦੇ ਸਨ। ਆਜ਼ਾਦੀ ਦੇ ਪ੍ਰਵਾਨੇ ਸਨ। ਆਪ ਨੇ ਆਜ਼ਾਦੀ ਦੇ ਘੋਲ ਵਿਚ ਕਈ ਵੇਰ ਜੇਲ੍ਹ ਯਾਤਰਾ ਕੀਤੀ।

3. ਸੰਤ ਭਗਤ ਸਿੰਘ ਦਾਤੇਵਾਲ :-ਆਪ ਗੁਰੂ ਹਰੀ ਸਿੰਘ ਜੀ ਦੇ ਵਰ ਨਾਲ ਚੰਗੇ ਪ੍ਰਚਾਰਕ ਬਣੇ। ਵਖਿਆਨ ਵਿਚ ਅਰਬੀ ਫ਼ਾਰਸੀ ਤੇ ਦਸਮ ਪਾਤਸ਼ਾਹ ਦੀ ਬਾਣੀ ਦੇ ਬੜੇ ਹਵਾਲੇ ਦੇਂਦੇ। ਆਪ ਜੀ ਨੇ ਤਲਵਾਰਾਂ ਵਰ੍ਹਦੀਆਂ ਵਿਚ ਨਾਮਧਾਰੀ ਪੰਥ ਦਾ ਪ੍ਰਚਾਰ ਕੀਤਾ।



ਪਿਉ ਦਾਦੇ ਦਾ ਜੋੜਿਆ
ਲੁਟਾਈ ਜਾਵੇ ਤੰਗਲੀ ਨਾਲ।
ਹਾਤਮ ਤੇ ਹਰੀ ਚੰਦ
ਮੂੰਹ ਵਿਚ ਉਂਗਲਾਂ ਪਾ ਪਾ ਤੱਕਣ
ਅਰਸ਼ਾਂ ਤੋਂ ਮਾਤ ਲੋਕ ਨੂੰ।
[1]ਸੁੰਦਰਤਾ ਆ ਪਸਾਰਾ ਪਸਾਰਿਆ।
ਕਾਲੇ ਕਲੂਟੇ, ਵਿੰਗੇ ਮੂੰਹੇਂ
ਇੰਦਰ-ਪੁਰੀ ਦੇ ਦੇਵ-ਅਪੱਛਰਾਂ ਬਣ ਖਲੋਤੇ।
ਲੱਖਾਂ ਦੀ ਕਾਇਆ ਕਲਪ ਕਰ ਦਿੱਤੀ,
ਇਕੋ ਫੂਕ ਨਾਲ
[2]ਮਿੱਠੀ ਸੋਭਾ ਸਭ ਥਾਂ ਪਸਰੀ
ਲੰਡਨ, ਚੀਨ, ਮਚੀਨ, ਕਾਬਲ ਤੇ ਰੂਸ।
ਸਭ ਥਾਈਂ ਇਨ੍ਹਾਂ ਦੀਆਂ ਕਹਾਣੀਆਂ।

---

1. ਸੁੰਦਰ ਸਿੰਘ ਮੰਜੀ ਤੋੜ :—ਜਨਮ ਪਿੰਡ ਮੰਜੀ ਤੋੜ ਜ਼ਿਲ੍ਹਾ ਗੁਰਦਾਸਪੁਰ। ਆਪ ਰਾਮਗੜ੍ਹੀਆ ਖ਼ਾਨਦਾਨ ਵਿਚੋਂ ਸਨ। ਹੱਥ ਦੀ ਸਫ਼ਾਈ ਕਮਾਲ ਦੀ ਸੀ। ਆਪ ਓਨਾ ਕੰਮ ਕਰਦੇ ਜਿਸ ਨਾਲ ਨਿਰਬਾਹ ਹੋਵੇ। ਜਦ ਮੁੱਕ ਜਾਵੇ ਫੇਰ ਕੰਮ ਤੇ ਜਾਂਦੇ ਸਨ। ਇਨ੍ਹਾਂ ਨੇ ਬੜੀ ਤਪੱਸਿਆ ਕੀਤੀ। ਇਨ੍ਹਾਂ ਵਿਚ ਏਨੀ ਸ਼ਕਤੀ ਸੀ ਕਿ ਜਦ ਭਜਨ ਦੱਸਣਾ ਹੁੰਦਾ ਸੀ ਤਾਂ ਇਕੱਠੇ 50-50, 60-60। ਨੂੰ ਇਕ ਦੇ ਕੰਨ ਵਿਚ ਭਜਨ ਦੱਸਦੇ ਸਨ ਬਾਕੀ ਸਾਰੇ ਮਸਤ ਹੋ ਡਿੱਗਦੇ ਸਨ।

2. ਸੰਤ ਸੋਭਾ ਸਿੰਘ :—ਪਿੰਡ ਸੰਗੇ ਜ਼ਿਲ੍ਹਾ ਅੰਮ੍ਰਿਤਸਰ ਇਨ੍ਹਾਂ ਤੇ ਏਨੀ ਕਿਰਪਾ ਸੀ ਕਿ ਇਨ੍ਹਾਂ ਗੁਰੂ ਕਿਆਂ ਘੋੜੇ ਘੋੜੀਆਂ ਵਾਸਤੇ ਛੋਲੇ ਬੀਜ ਛੱਡਣੇ ਭਾਵੇਂ ਉਹ ਵੱਢ ਕੇ ਪਾਉਣ ਜਾ ਪਕਾ ਲੈਣ। ਸਾਧਾਂ ਸੰਤਾਂ ਵਾਸਤੇ ਭਾਂਡਿਆਂ ਵਿਚ ਸਰਦਾਈ, ਬਾਦਾਮ, ਖੰਡ ਆਦਿ ਪਾ ਰੱਖਣੇ। ਸਾਧੂ ਆਉਣ ਆਪੇ ਕੱਢਣ ਆਪੇ ਪਾਉਣ। ਆਪ ਨਹੀਂ ਵਰਤਣੀ।

ਸੰਤ ਭਗਤ ਸਿਘ ਜੀ :—ਸੰਤ ਭਗਤ ਸਿੰਘ ਸਪੁੱਤਰ ਸੰਤ ਬਘੇਲ ਸਿੰਘ ਮਾਤਾ ਮਤਾਬ ਕੌਰ ਦਾ ਜਨਮ ਦਾਤੇਵਾਲ ਜ਼ਿਲ੍ਹਾ ਸਿਆਲਕੋਟ ਵਿਚ ਹੋਇਆ। ਆਪ ਜੀ ਦੇ ਤਿੰਨ ਭਰਾ, ਸ਼ੇਰ ਸਿੰਘ, ਗੰਗਾ ਸਿੰਘ ਤੇ ਜੱਸਾ ਸਿੰਘ ਸਨ। ਪਿਤਾ ਨੇ ਮਦਰਸੇ ਪੜ੍ਹਨੇ ਬਿਠਾਇਆ ਤਾਂ ਬਸਤਾ ਚੁਕ ਘਰ ਆ ਗਏ, ਕਿ ਸਤਿਗੁਰਾਂ ਦਾ ਹੁਕਮ ਸਰਕਾਰੀ ਸਕੂਲਾਂ ਵਿਚ ਪੜ੍ਹਨ ਦਾ ਨਹੀਂ। ਗੁਰੂ ਹਰੀ ਸਿਘ ਜੀ ਤਾਰਦੇ ਦਾਤੇਵਾਲ ਪੁੱਜੇ ਤੇ ਬਘੇਲ ਸਿੰਘ ਹੁਰਾਂ ਬੇਨਤੀ ਕੀਤੀ : "ਸੱਚੇ ਪਾਤਸ਼ਾਹ ਜੀ! ਭਗਤ ਸਿੰਘ ਪੜ੍ਹਦਾ ਸ਼ੜਦਾ ਕੁਝ ਨਹੀਂ।" ਗੁਰੂ ਜੀ ਮਿਹਰ ਵਿਚ ਆ ਗਏ ਤੇ ਬਚਨ ਕੀਤਾ, "ਬਘੇਲ ਸਿੰਘਾ ਇਹ ਮੁੰਡਾ ਅੱਗੇ ਈ ਪੜ੍ਹਿਆ ਹੋਇਆ ਏ। ਇਹ ਕੁਰਾਨ ਅੰਜੀਲ ਸਭ ਤੋਂ ਜਾਣੂੰ ਹੈ।" ਬੱਸ ਮਿਹਰਾਂ ਹੋ ਗਈਆਂ।*



Sri Satguru Jagjit Singh Ji eLibrary NamdhariElibrary@gmail.com

ਬੱਚੇ ਬੱਚੇ ਦੀ ਜ਼ਬਾਨ ਤੇ
''ਕੂਕੇ ਚੜ੍ਹ ਕੇ ਚੁਬਾਰੇ ਸੌਂਦੇ
ਤਾਰੇ ਵੇਖਣ ਨੂੰ।"

ਰਾਤ ਢਲੇ, ਖਿੱਤੀਆਂ ਉੱਚੀਆਂ ਹੋਣ ਨ ਹੋਣ,
ਇਹ ਖੂਹਾਂ ਤੇ
ਦੜੰਮ! ਦੜੰਮ!! ਦੜੰਮ!!!
ਡੋਲ ਖੜਕਣ।
ਇਕ ਆਏ ਦੂਆ ਜਾਏ,
ਨਾਲ ਹੀ ਉੱਠ ਪਏ ਧੁਨੀ,
ਦੈਂਤਾਂ ਨੂੰ ਦੇਵਾਂ ਵਿਚ ਬਦਲਣ ਵਾਲੀ:
''ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦਵਾਰ।
ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਲ ਲਾਗੀ ਵਾਰ।"
ਮਹਾਂਪੁਰਖ ਜਾ ਬਹਿਣ ਝੁੰਬਲਾ ਮਾਰ।
ਲੱਗ ਜਾਣ ਸਮਾਧੀਆਂ
ਫ਼ਰਸ਼ੀ ਰੂਹਾਂ ਦੀਆਂ
ਅਰਸ਼ੀ ਰੂਹਾਂ ਨਾਲ ਮੇਲ।
ਘੁਲ ਮਿਲਣੀਆਂ,
ਨਿੱਘੀਆਂ ਗਲਵੱਕੜੀਆਂ,
ਸਦਕੇ ਜਾਣ, ਵਾਰੀ ਹੋਣ।
ਹਾਲੀ ਬਾਹਰ ਖੇਤਾਂ ਨੂੰ,

*ਸੰਤ ਜੀ ਬੜੇ ਵੱਡੇ ਜੱਥੇਦਾਰ ਹੋਏ ਹਨ। ਉਨ੍ਹਾਂ ਨੇ ਵੱਡੇ ਵੱਡੇ ਆਕੀ ਗੜ੍ਹਾਂ ਨੂੰ ਤੋੜਿਆ। ਸਤਿਗੁਰੂ ਰਾਮ ਸਿੰਘ ਜੀ ਦੇ ਘਰ ਦਾ ਤਲਵਾਰਾਂ ਵਰ੍ਹਦੀਆਂ ਹੇਠਾਂ ਪ੍ਰਚਾਰ ਕੀਤਾ। ਆਪ ਦੀ ਰਸਨਾਂ ਵਿਚ ਉਹ ਜਾਦੂ ਸੀ ਕਿ ਸ੍ਰੋਤੇ ਮੁਗਧ ਹੋ ਜਾਂਦੇ। ਆਪ ਨੇ ਅਨੇਕਾਂ ਸੱਜਣਾਂ ਨੂੰ ਭਜਨ ਬਾਣੀ ਦੱਸ ਸਿੱਧੇ ਰਾਹ ਪਾਇਆ।

ਆਪ ਜੀ ਦਾ ਇਕ ਜਵਾਨ ਲੜਕਾ ਚੜ੍ਹਾਈ ਕਰ ਗਿਆ। ਮਗਰ ਸੰਤਾਂ ਦਾ ਮਨ ਨ ਡੋਲਿਆ ਅਤੇ ਸ਼ਬਦ ਕੀਰਤਨ ਕਰਦਿਆਂ ਬੱਚੇ ਦਾ ਸੰਸਕਾਰ ਕੀਤਾ। ਉਹ 65 ਸਾਲ ਆਯੂ ਭੋਗ ਕੇ ਸੰਮਤ 2000 ਵਿਚ ਜੋਤੀ ਜੋਤ ਸਮਾ ਗਏ। ਮਗਰ ਆਪ ਦਾ ਨਾਉਂ ਨਾਮਧਾਰੀ ਸੰਸਾਰ ਵਿਚ ਸਦਾ ਚਮਕਦਾ ਰਹੇਗਾ।



ਹਲ ਵੀ ਚੱਲੇ, ਰਸਨਾਂ ਵੀ ਹਿੱਲੇ।
ਕਦੇ ਕਦੇ ਮੌਜ 'ਚ
''ਚਿੜੀ ਚੁਹਕੀ ਪਹੁ ਫੁਟੀ,
ਵਗਨਿ ਬਹੁਤ ਤਰੰਗ,
ਅਚਰਜ ਰੂਪ ਸੰਤਨ ਰਚੇ,
ਨਾਨਕ ਨਾਮਹਿ ਰੰਗ।"
ਸਵਾਣੀਆਂ ਮਧਾਣੀਆਂ ਪਾਉਣ,
ਦੁੱਧ ਰਿੜਕਣ,
ਚਰਖੇ ਘੂਕਣ,
ਘੂਕਰ ਦੇ ਨਾਲ ਨਾਲ
''ਸੰਤਾਂ ਦੇ ਕਾਰਜਿ ਆਪਿ ਖਲੋਇਆ,
ਹਰਿ ਕੰਮੁ ਕਰਾਵਣਿ ਆਇਆ ਰਾਮ,
ਕੰਮੁ ਕਰਾਵਣਿ ਆਇਆ ਰਾਮ,
ਕੰਮੁ ਕਰਵਾਣਿ ਆਇਆ।"
ਕਿਹੜਾ ਦੁਰਭਾਗਾ ਹੋਵੇਗਾ
ਜਿਸ ਦੇ ਅਗੰਮੀ ਗੀਤ ਸੁਣ,
ਕਦਮ ਰੁਕ ਨ ਜਾਣ।

ਸੂਰਜ ਦੀ ਟਿੱਕੀ ਨਾਲ,
ਭਗਉਤੀ ਮਾਤਾ ਦੀ ਯਾਦ,
ਜਿਹੜੀ ਸ਼ੇਰਨੀ ਕਰਦੀ ਹੈ ਸੰਘਾਰ ਦੈਂਤਾਂ ਦਾ,
ਆਦਿ ਜੁਗਾਦਿ ਤੋਂ।
ਫੇਰ ਸੁਖਮਣੀ, ਜਪੁ, ਜਾਪ, ਪੰਜ ਗ੍ਰੰਥੀ
ਤੇ ਗ੍ਰੰਥ ਸਾਹਿਬ ਦੇ ਪੰਜਾਹ ਪੱਤਰੇ ਵੱਖਰੇ।
ਕਾਇਆ ਕਲਪ ਹੋਈ
ਪੰਜ ਪਾਣੀਆਂ ਦੀ ਧਰਤੀ ਦੀ।
ਰਾਕਸ਼ ਦੇਵਤੇ ਬਣ ਖਲੋਤੇ,
ਆਦਮੀ ਨੂੰ ਗਾਜਰ ਮੂਲੀ ਜਾਣਨ ਵਾਲੇ



Sri Satguru Jagjit Singh Ji eLibrary NamdhariElibrary@gmail.com

ਸੱਪ ਦੀ ਸਿਰੀ ਨ ਫੇਹਣ
ਕੀੜੀ ਨ ਮਾਰਨ।
ਜੁੱਸੇ ਭਰਵੇਂ, ਸਾਦ ਮੁਰਾਦੇ,
ਸਿੱਧੇ ਦਸਤਾਰੇ, ਗਲੀਂ ਮਾਲਾ,
ਖੁੱਲ੍ਹਾ ਖਾਣ, ਖੁੱਲ੍ਹਾ ਪਾਉਣ,
ਗੜਵੇ ਡੋਰੀਆਂ ਕੋਲ ਹਰਦਮ।
ਖਾਣ ਨ ਪੀਣ ਹੁੱਕੇ ਵਾਲਿਆਂ ਤੋਂ
ਕੁਸੰਗੀਆਂ ਤੋਂ ਸਦਾ ਦੂਰ।
ਨ ਲੈਣ ਉਨ੍ਹਾਂ ਦੀ ਕੱਚੀ ਰਸਦ,
ਭਾਵੇਂ ਮਾਮੇ, ਮਾਸੜ, ਫੁੱਫੜ, ਤਾਏ,
ਸੜੇ ਸਾਕ ਜੋ ਨਾਮ ਨ ਜਪਣ।
ਸਾਧ ਟੋਲੀਆਂ,
ਰੱਬ ਰੱਤੜੀਆਂ ਰੂਹਾਂ,
ਫਾਹੀਆਂ ਕੱਟਦੀਆਂ ਫਿਰਨ ਸੰਸਾਰੀਆਂ ਦੀਆਂ,
ਪਿੰਡ ਪਿੰਡ, ਘਰ ਘਰ, ਪੈਰੀਂ ਟੁਰ ਟੁਰ।
ਅੱਠ ਪਹਿਰ ਬਾਣੀ ਜਾਂ ਨਾਮ,
ਟੁਰਦੇ, ਫਿਰਦੇ, ਬਹਿੰਦੇ, ਖਲੌਂਦੇ।
ਪੈਂਡੇ ਵਿਚ ਵੀ ਇਹੋ ਨੇਮ।
ਇਕੱਲਾ ਭਜਨ,
ਦੋ ਬਾਣੀ ਜਾਂ ਸ਼ਬਦ।
ਵੰਡਦੇ ਜਾਣ ਮੁਕਤੀ
ਰੁੱਖਾਂ, ਬ੍ਰਿਛਾਂ, ਪਸ਼ੂਆਂ ਪੰਛੀਆਂ।
ਸਭਸ ਦੀ ਕੰਨੀ ਫੂਕ ਮਾਰਨ
ਜਿਹੜੀ ਭਸਮ ਕਰੇ
ਕਾਮ, ਕ੍ਰੋਧ, ਲੋਭ, ਮੋਹ ਹੰਕਾਰ।
ਜਤ ਸਤ ਦੀਆਂ ਕਾਢ੍ਹਾਂ ਚੜ੍ਹ ਆਈਆਂ।
ਵਡੇ ਚਾਚੇ ਤਾਏ,
ਛੋਟੇ ਭਰਾ।



ਨਿੱਕੀਆ ਧੀਆਂ ਭੈਣਾਂ,
ਵੱਡੀਆਂ, ਮਾਮੀਆਂ, ਮਾਸੀਆਂ।
ਮੇਲੇ ਮਸਾਧੇ ਇੱਕੋ ਜਾਂ ਸਾਰੇ,
ਮਰਦ ਜ਼ਨਾਨੇ,
ਕੁੜੀਆਂ ਮੁੰਡੇ।
ਮਰਦ ਦੀ ਚਾਦਰ ਇਸਤਰੀ ਤੇ,
ਇਸਤਰੀ ਦਾ ਪੱਲਾ ਮਰਦ ਤੇ,
ਇਕ ਜਾ, ਇਕ ਸਮੇਂ।
ਵਿਕਾਰ ਨ ਫੁਰੇ।
ਮਾੜਾ ਨ ਸੁਚੀਵੇ।
ਚਿੱਟੀਆਂ ਚਾਦਰਾਂ
ਚਿੱਟੇ ਹੰਸ ਤੇ ਹੰਸਲੀਆਂ
ਕਰਨ ਕਲੋਲ ਸਰਵਰਾਂ ਤੇ ਮਾਨ ਸਰੋਵਰ ਤੇ।
ਸਵਾਣੀਆਂ ਓਹੋ ਘਰਾਂ ਦਾ ਕੱਤਿਆ ਬੁਣਿਆਂ,
ਪ੍ਰਾਂਦੇ ਨ ਚੌਕ ਫੁਲ,
ਝੁਮਕੀ ਨ ਡੰਡੀ,
ਝਾਂਜਰਾਂ ਨ ਪਾਜ਼ੇਬਾਂ।
[1]ਕਈ ਭੈਣਾਂ ਭੂਰੇ ਪਾ

---

1. ਮਾਤਾ ਰਾਮ ਕੌਰ ਅਤੇ ਮਾਤਾ ਦਇਆ ਕੌਰ ਦਰਾਣੀ ਜਠਾਣੀ ਪਿੰਡ ਗੁਰੂ ਸਰ, ਸੋਧਣਾਂ ਸਨ ਅਤੇ ਸੋਧ ਵੀ ਖੱਦਰ ਦੇ ਕਪੜਿਆਂ ਵਿਚ, ਤੇ ਭੂਰਿਆਂ ਦੀਆਂ ਗਿਲਤੀਆਂ ਮਾਰ ਕੇ ਰੱਖਦੀਆਂ। ਇਸੇ ਤਰ੍ਹਾਂ ਸੂਬਾ ਮੀਹਾਂ ਸਿੰਘ ਜੀ ਦੀਆਂ ਮਾਸੀਆਂ ਤੇ ਨਾਨੀ ਵੀ ਭੂਰਿਆਂ ਨਾਲ ਰਖਦੀਆਂ ਸਨ। ਗੁਰੂਸਰ ਦਾ ਪਾਣੀ ਖਾਰਾ ਸੀ। ਅਤੇ ਲੋੜ ਵੇਲੇ ਚੰਨਣ ਖੇੜੇ, ਮੁਸਲਮਾਨੀ ਪਿੰਡ ਜਿਹੜਾ ਕਿ ਗੁਰੂ ਸਰ ਤੋਂ 5 ਕੋਹ ਤੇ ਹੈ, ਪਾਣੀ ਲੈਣ ਜਾਇਆ ਕਰਦੀਆਂ ਸਨ। ਇਕ ਵੇਰ ਸਰਦਾਰ ਸੁੰਦਰ ਸਿੰਘ, ਮਾਤਾਰਾਮ ਕੌਰ ਤੇ ਮਾਤਾ ਦਇਆ ਕੌਰ ਪਾਣੀ ਲੈਣ ਗਏ। ਮੁੜਦਿਆਂ ਨੂੰ ਅਨ੍ਹੇਰੀ ਆ ਗਈ। ਸ: ਜੀ ਤੇ ਰਾਮ ਕੌਰ ਜੀ ਤਾਂ ਘਰ ਆ ਗਏ। ਮਗਰ ਮਾਤਾ ਦਇਆ ਕੌਰ ਜੀ ਭੇਸਲ ਪਿੰਡ ਦੀ ਡੰਡੀ ਪੈ ਗਏ। ਜਾਣੂਆਂ ਨੇ ਸੰਞਾਣ ਲਿਆ ਅਤੇ ਤੌੜਾ ਲੁਹਾਉਣ ਵਾਸਤੇ ਬੇਨਤੀ ਕੀਤੀ। "ਵੇ ਨਾ ਵੀਰਾ ਮੇਰਾ ਤੌੜਾ ਸੋਧਦਾ ਹੈ।" ਇਹ ਕਹਿ ਨਾਂਹ ਕਰ ਦਿਤੀ। ਸਰਦਾਰ ਸੁੰਦਰ ਸਿੰਘ ਆਪਣਾ ਭਾਂਡਾ ਰੱਖ ਫੇਰ ਆਪਣੀ ਭਰਜਾਈ ਨੂੰ ਲੈਣ ਗਏ। ਅਤੇ ਜਲ ਲੈ ਘਰਾਂ ਨੂੰ ਮੁੜੇ। ਧੰਨ ਸਨ ਉਹ ਮਾਤਾਵਾਂ ਤੇ ਭੈਣਾਂ ਜਿਹੜੀਆਂ ਔਖੇ ਹੋ ਕੇ ਗੁਰੂ ਕਾ ਬਚਨ ਮੰਨ ਪ੍ਰਸੰਨ ਹੁੰਦੀਆਂ ਸਨ।



Sri Satguru Jagjit Singh Ji eLibrary NamdhariElibrary@gmail.com

ਸੇਧ ਰਖ ਗੁਰੂ ਕੀਆਂ ਖੁਸ਼ੀਆਂ ਲੈਣ।
ਲੰਮੀਆਂ ਉਚੀਆਂ ਹਰਨਾਖੀਆਂ।
ਸੀਲ ਵੰਤੀਆਂ ਪਤੀਬ੍ਰਤ
ਨਿਰੀਆਂ ਸੀਤਾ ਸਾਵਿਤਰੀਆਂ
ਸਿਰ ਦੇ ਸਾਈਂ ਬਿਨਾਂ
ਸਭ ਮਾਂ-ਜਾਏ।
ਧਰਮ ਦੀ ਕਿਰਤ ਟੁਰੀ,
ਬਿਗਾਨੀ ਅੰਸ ਗਉ ਤੁੱਲ।
ਕਬੀਲਿਆਂ ਨੂੰ ਗਾਲਣ ਵਾਲੀ
[1]ਵੱਛੇ ਵੱਛੂਆਂ ਦੇ ਮੂੰਹ ਬੰਨ੍ਹ ਬੰਨ੍ਹ ਲਿਆਉਣਾ।
ਨਾ ਮਾਰਨ ਮੂੰਹ ਕਿਤੇ ਬਿਗਾਨੀ ਪੈਲੀ ਨੂੰ।
ਪ੍ਰੇਮ ਦੀ ਗੰਗਾ ਵਹਿ ਟੁਰੀ,
ਵੇਂਹਦਿਆਂ ਵੇਂਹਦਿਆਂ ਹੜ੍ਹ ਚੜ੍ਹ ਆਇਆ।
ਗੁਰੂ ਕੇ ਲਾਲ
ਮਾਂ-ਪਿਉ ਜਾਇਆਂ ਨਾਲੋਂ ਵੱਧ।
ਸਕਿਆ ਨਾਲੋਂ ਸਵਾਏ,
ਚੰਨ ਚੜ੍ਹ ਜਾਵੇ ਵੇਖਦਿਆਂ ਸਾਰ,
ਹੱਥ ਚਰਨਾਂ ਵੱਲ ਵਧਣ,
ਇੱਕ ਦੂਏ ਦੇ, ਦੂਆ ਤੀਏ ਦੇ।
ਉਹ ਪਿਛ੍ਹਾਂ, ਉਹ ਅਗ੍ਹਾਂ।
ਅਜਬ ਮਿਲਣੀਆਂ!

---

1. ਸੰਤ ਜੀਉਣ ਸਿੰਘ ਸਪੁਤਰ ਸ: ਸ਼ਾਮ ਸਿੰਘ ਸਰਹਾਲੀ ਜਿਨ੍ਹਾਂ ਭਜਨ ਪੁਛਣ ਸਮੇਂ ਵਹੀ ਖਾਤਾ ਫੂਕਾ ਸੁਟਿਆ ਸੀ, ਸਦਾ ਭਜਨ ਬਾਣੀ ਵਿਚ ਲੀਨ ਰਹਿੰਦੇ। ਉਹ ਪਸ਼ੂਆਂ ਨੂੰ ਬਾਹਰ ਛੇੜਨ ਸਮੇਂ, ਵੱਛੇ ਵੱਛੀਆਂ ਜਾਂ ਕੱਟੇ ਕੱਟੀਆਂ ਦੇ ਮੂੰਹਾਂ ਤੇ ਛਿੱਕੇ ਚੜ੍ਹਾ ਦੇਂਦੇ ਸਨ ਤਾਂਕਿ ਉਹ ਬਿਗਾਨੀ ਪੈਲੀ ਦਾ ਪੱਠਾ ਨਾ ਖਾ ਲੈਣ।

ਬੇਟ ਦੇ ਇਲਾਕੇ ਵਿਚ, ਇਕ ਨਾਮਧਾਰੀ ਸਿੰਘ ਦੀ ਪੈਲੀ ਵਿਚ ਦੂਜੇ ਦੀ ਪੈਲੀ ਦੀ ਵੱਲ ਆ ਗਈ ਤੇ ਖਰਬੂਜ਼ਾ ਲੱਗ ਗਿਆ। ਗੁਰੂ ਕਾ ਸਿੰਘ ਖਰਬੂਜ਼ਾ ਤੋੜ ਉਸ ਦੇ ਘਰ ਜਾਕੇ ਦੇ ਆਇਆ ਅਤੇ ਆਖਿਆ—ਭਾਈ! ਇਹ ਮੇਰਾ ਨਹੀਂ ਤੇਰਾ ਹੈ, ਤੁਸੀਂ ਇਸ ਨੂੰ ਵਰਤੋ।



ਨਿਰਾਲੀਆਂ ਜੱਫੀਆਂ,
ਓਪਰਾਪਨ ਖੰਭ ਲਾ ਉਡਿਆ।
ਕੂਕਾ ਹੋਵੇ ਭਾਵੇਂ ਕਛਹਿਰੇ ਮਸਤਾਨੇ
[1]ਪਟਾਰੀਆਂ ਖੁੱਲ੍ਹ ਖੁੱਲ੍ਹ ਪੈਣ।
ਮੱਖਣਾਂ ਦੇ ਪੇੜੇ ਭੁੜਕਣ ਲੱਗ ਪੈਣ।
ਮਾਝੇ ਦੁਧ, ਘਿਉ ਨਾਲ ਤਰਬਤਰ ਪ੍ਰੌਠੇ,
ਸੰਘਣੇ ਦਾਲੇ ਲਿਸ਼ਕਦੀਆਂ ਥਾਲਿਆਂ 'ਚ।
[2]ਘਰਾਂ ਦੀਆਂ ਸਵਾਣੀਆਂ
ਰਾਹ ਜਾਂਦੇ ਕੂਕਿਆਂ ਨੂੰ ਤੱਕ
ਖੁੰਬਾਂ ਵਾਂਗੂੰ ਉੱਠ ਖਲੋਣ,
ਹੱਥ ਜੋੜਨ, ਪੈਰ ਫੜਨ।
ਅਰਜੋਈਆਂ ਕਰਨ,
"ਵੇ ਵੀਰਾ! ਵੇ ਭਰਾਵਾ!!
ਇਹ ਘਰ ਗੁਰੂ ਰਾਮ ਸਿੰਘ ਜੀ ਦਾ
ਰੁਖਾ ਮਿੱਸਾ ਖਾਏ ਬਿਨਾਂ ਜਾਣ ਨਹੀਂ ਦੇਣਾ।
ਆਹ ਲੈ ਮੂੜਾ। ਆਹ ਲੈ ਆਸਣ!!
ਦੋ ਘੜੀਆਂ ਟਿਕ ਲੈ,
ਫੇਰ ਪੈਂਡੇ ਪਵੀਂ।"

---

1. ਮਾਤਾ ਰੱਤੋ ਸੁਪੱਤਨੀ ਸ: ਗੰਡਾ ਸਿੰਘ, ਚੰਦੋਵਾਲ ਜ਼ਿਲਾ ਸਿਆਲਕੋਟ ਵਿਚ ਹੋਏ ਹਨ। ਉਹ ਮਾਤਾ ਸਾਧਾਂ ਸੰਤਾਂ ਵਾਸਤੇ ਕੁੜਤੇ ਕਛਹਿਰੇ ਸਿਲਾ ਕੇ ਰੱਖ ਛਡਿਆ ਕਰਦੇ ਸਨ। ਜਿਸ ਸਾਧ ਦੇ ਕਛਹਿਰੇ ਪਾਟੇ ਵੇਖਣੇ ਤੁਰਤ ਹੱਥ ਜੋੜ ਅਰਪਨ ਕਰ ਦੇਣੇ। ਸ: ਜੀ ਵੀ ਉਤਨਾਂ ਚਿਰ ਪ੍ਰਸ਼ਾਦ ਨਹੀਂ ਛਕਦੇ ਸਨ, ਜਿੰਨਾ ਚਿਰ ਕਿਸੇ ਸਾਧੂ ਮਹਾਤਮਾ ਨੂੰ ਛਕਾ ਨਹੀਂ ਲੈਂਦੇ ਸਨ।

2. ਸੰਤ ਸਾਹਿਬ ਸਿੰਘ ਬਾਠਾਂ ਵਾਲ ਜ਼ਿਲਾ ਸਿਆਲ ਕੋਟ ਵਿਚ ਰਹਿੰਦੇ ਸਨ। ਉਨ੍ਹਾਂ ਦੀ ਭਣੇਵੀਂ ਦਾ ਅਨੰਦ ਕੋਟਲੀ ਜ਼ਿਲ੍ਹਾ ਗੁਰਦਾਸ ਪੁਰ ਵਿਚ ਹੋਣਾ ਸੀ। ਸੰਤਾਂ ਦੇ ਨਾਲ ਕੁਝ ਹੋਰ ਬਰਾਦਰੀ ਦੇ ਵੀ ਬੰਦੇ ਸਨ। ਇਹ ਤੇ ਹਰਨਾਮ ਸਿੰਘ ਦਾਤੇ ਵਾਲ ਤੋਂ ਘਰ ਵਾਲਿਆਂ ਨੂੰ ਪਤਾ ਦੇਣ ਵਾਸਤੇ ਟੁਰ ਪਏ ਕਿ ਇਤਨੇ ਆਦਮੀ ਆ ਰਹੇ ਹਨ। ਇਹ ਜਦ ਜੱਸੜਾਂ ਤੋਂ ਲੰਘੇ ਤਾਂ ਤਰੇਹ ਲੱਗੀ। ਇਸ ਪਿੰਡ ਵਿਚ ਜਲ ਛਕਣ ਵਾਸਤੇ ਗਏ। ਸੰਤਾਂ ਨੂੰ ਪਿੰਡ ਦਾ ਨਾਉਂ ਭੁਲ ਗਿਆ। ਸਾਹਮਣੇ ਇਕ ਵੱਡਾ ਸਾਰਾ ਦਰਵਾਜ਼ਾ ਸੀ। ਇਹ ਉਸੇ ਘਰ ਚਲੇ ਗਏ। ਦੇਵਨੇਤ ਉਹ ਘਰ ਕੂਕਿਆਂ ਦਾ ਸੀ। ਚਾਰ ਬੀਬੀਆਂ ਕੰਮ ਕਰ ਰਹੀਆਂ ਸਨ। ਜਦ ਉਨ੍ਹਾਂ ਇਨ੍ਹਾਂ ਸਿੰਘਾਂ ਨੂੰ ਵੇਖਿਆ ਤਾਂ



Sri Satguru Jagjit Singh Ji eLibrary NamdhariElibrary@gmail.com

ਉਹ ਖੁੰਬਾਂ ਵਾਂਗੂੰ ਉਠ ਖਲੋਤੀਆ, ਚਰਨਾਂ ਤੇ ਮੱਥਾ ਟੇਕਿਆ ਤੇ ਵੇਖਦਿਆਂ ਵੇਖਦਿਆਂ ਮੰਜੇ ਤੇ ਚਿੱਟੀ ਚੁਤਹੀ ਵਿੱਛਾ ਦਿੱਤੀ, ਸਰਹਾਣਾ ਵੀ ਰੱਖ ਦਿੱਤਾ ਅਤੇ ਆਖਿਆ "ਧੰਨ ਭਾਗ! ਸੰਤਾਂ ਚਰਨ ਪਾਏ ਹਨ! ਕਿਰਪਾ ਕਰਕੇ ਬਿਰਾਜੋ।" ਬੀਬੀਆਂ ਪ੍ਰੌਠੇ ਤਿਆਰ ਕੀਤੇ ਅਤੇ ਦੁੱਧ ਨਾਲ ਅੱਗੇ ਲਿਆ ਰਖੇ। ਓਧਰ ਖੇਤਾਂ ਵਿਚ ਮਰਦਾਂ ਨੂੰ ਸੁਨੇਹਾ ਭੇਜ ਦਿੱਤਾ ਕਿ ਸੰਤ ਆਹੇ ਹਨ। ਉਹ ਗਭਰੂ ਝਬਦੇ ਹੀ ਘਰ ਪੁਜ ਗਏ ਅਤੇ ਬੇਨਤੀ ਕੀਤੀ "ਸੰਤ ਜੀ ਮਹੀਨਾ ਭਰ ਇਥੇ ਹੀ ਦਰਸ਼ਨ ਦਿਓ। ਨਹੀਂ ਤਾਂ ਘੱਟੋ ਘੱਟ ਇਕ ਹਫਤਾ ਠਹਿਰੋ।" ਸਾਹਿਬ ਸਿੰਘ ਨੇ ਬੜੀ ਮਜਬੂਰੀ ਦੱਸੀ ਕਿ ਅਸੀਂ ਤਾਂ ਮੇਲੀਆਂ ਦੇ ਜਲ ਪ੍ਰਸ਼ਾਦ ਦਾ ਸੁਨੇਹਾ ਪਹੁੰਚਾਣ ਵਾਸਤੇ ਜਾ ਰਹੇ ਹਾਂ। ਸਾਨੂੰ ਛੁੱਟੀ ਬਖਸ਼ੀ ਜਾਵੇ। ਇਨ੍ਹਾਂ ਮਹਾਂ ਪੁਰਖਾਂ ਕਹਿਆ "ਘਾਬਰੋ ਨਾ, ਜਲ ਪ੍ਰਸ਼ਾਦ ਇਥੇ ਛਕਾਵਾਂਗੇ।" ਖੂਹ ਤੇ ਦੁੱਧ ਮਿੱਠੇ ਨਾਲ ਜਾਲ ਦੇ ਕੜਾਹੇ ਤਿਆਰ ਕਰ ਦਿੱਤੇ। ਲੋਹਾਂ ਤਪਣ ਲਗ ਪਈਆਂ। ਦਾਲੇ ਰਿੱਝਣੇ ਸ਼ੁਰੂ ਹੋ ਗਏ। ਇਤਨੇ ਨੂੰ ਮੇਲੀ ਵੀ ਆ ਗਏ। ਉਹ ਇਹ ਨਜ਼ਾਰਾ ਵੇਖ ਹੱਕੇ ਬੱਕੇ ਰਹਿ ਗਏ। ਇਨ੍ਹਾਂ ਸਾਰਿਆਂ ਜਲ ਪ੍ਰਸ਼ਾਦ ਛਕਿਆ ਤੇ ਅਗੇ ਰਵਾਨਾ ਹੋਏ। ਮੇਲੀਆਂ ਕਹਿਆ ਇਹ ਸਾਹਿਬ ਸਿੰਘ ਦੇ ਜਾਣੂਆਂ ਦਾ ਘਰ ਹੋਣਾ ਏ। ਸਾਹਿਬ ਸਿੰਘ ਨੇ ਉੱਤਰ ਦਿੱਤਾ, "ਜਾਣੂਆਂ ਦਾ ਘਰ ਨਹੀਂ, ਇਹ ਗੁਰੂ ਰਾਮ ਸਿੰਘ ਦਾ ਘਰ ਹੈ, ਜਿੱਥੇ ਆਇਆਂ ਗਇਆਂ ਦੀ ਜਵਾਈਆਂ ਵਰਗੀ ਸੇਵਾ ਹੁੰਦੀ ਹੈ।" ਇਹ ਘਟਨਾ 1932 ਈ: ਦਾ ਹੈ।

ਸ੍ਰ: ਇੰਦਰ ਸਿੰਘ ਚੀਫ਼ ਇੰਜੀਨੀਅਰ ਨੇ ਆਪਣੀ ਵਾਰਤਾ ਸੁਣਾਈ ਕਿ ਇਕ ਵੇਰ ਇਹ ਲਾਲੇ ਸੱਦੇ ਆ ਰਹੇ ਸਨ। ਬੱਚਿਆਂ ਨੂੰ ਭੁੱਖ ਲੱਗ ਪਈ। ਉਨ੍ਹਾਂ ਕੁਝ ਮੰਗਣਾ ਸ਼ੁਰੂ ਕੀਤਾ। ਅਸਾਂ ਉਨ੍ਹਾਂ ਨੂੰ ਲਾਰਾ ਲਾਇਆ। ਇਤਨੇ ਨੂੰ ਇਕ ਬੀਬੀ ਲੈਲੀਆਂ ਵਾਲੇ, ਖਾਨੋ-ਵਾਲ ਤੋਂ ਲਹਿੰਦੇ ਪਾਸੇ ਸਾਗ ਤੋੜਦੀ ਨੇ ਸਾਡੀ ਗੱਲ ਸੁਣ ਲਈ। ਉਸ ਆਖਿਆ, ਵੀਰਾ! ਇਹ ਬੱਚੇ ਕਿਉਂ ਰੋਂਦੇ ਹਨ? ਅਸਾਂ ਆਖਿਆ—ਪਾਣੀ ਮੰਗਦੇ ਹਨ। ਬੀਬੀ ਆਖਿਆ, "ਵੀਰਾ! ਠਹਿਰ ਜਾਓ, ਮੈਂ ਜਲ ਛਕੋਂਦੀ ਹਾਂ। ਹੁਣੇ ਜਲ ਲਿਆਉਂਦੀ ਹਾਂ।" ਅਸੀਂ ਨਾਂਹ ਨੁਕਰ ਕਰਦਿਆਂ ਬਹਿ ਗਏ। ਉਸ ਬੀਬੀ ਨੇ ਪਤੀਲਾ ਖੀਰ ਤੇ ਹੋਰ ਪ੍ਰਸ਼ਾਦੇ ਲਿਆਂਦੇ, ਸਾਡੇ ਅੱਗੇ ਰੱਖੇ। ਅਤੇ ਆਖਿਆ, "ਜਾਣ ਨਹੀਂ ਦੇਣਾ। ਜਿੰਨਾਂ ਚਿਰ ਸਾਰੇ ਨਾ ਖਾਓ ਇਹ ਘਰ ਗੁਰੂ ਰਾਮ ਸਿੰਘ ਦਾ ਹੈ। ਇਥੇ ਸਭ ਆਪਣੇ ਹਨ।" ਸਾਰਾ ਖਾਣ ਬਿਨਾਂ ਹੋਰ ਕੋਈ ਚਾਰਾ ਨਹੀਂ ਸੀ। ਰਸ ਇਤਨਾ ਆਇਆ ਕਿ ਸਾਰਾ ਦਿਨ ਅਨੰਦ ਬਣਿਆ ਰਿਹਾ। ਰੋਮ ਰੋਮ ਵਿਚੋਂ ਨਾਮ ਦਾ ਆਵਾਜ਼ਾ ਆਏ।

ਸਰਦਾਰ ਜੀ ਨੇ ਦਸਿਆ ਕਿ ਉਸ ਬੀਬੀ ਕੋਲੋਂ ਪ੍ਰਸ਼ਾਦਾ ਛਕਣ ਦਾ ਫਲ ਇਹ ਹੋਇਆ ਕਿ ਮੈਨੂੰ ਵੀ ਸਾਧਾਂ, ਸੰਤਾਂ ਅਤੇ ਰਾਹੀ ਮੁਸਾਫਰਾਂ ਨੂੰ ਪ੍ਰਸ਼ਾਦ ਛਕਾਉਣ ਦਾ ਚਾ ਉਤਪੰਨ ਹੋ ਗਿਆ। ਉਸ ਤੋਂ ਪਹਿਲਾਂ ਕਿਸੇ ਲੋੜਵੰਦ ਨੂੰ ਵੇਖ, ਜਾਂ ਸਾਧੂ ਮਹਾਤਮਾ ਨੂੰ ਤਕ ਕੰਨੀ ਖਿਸਕਾ ਜਾਂਦਾ ਸਾਂ ਕਿ ਕਿਤੇ ਜਲ ਪਾਣੀ ਪੁਛਣਾ ਨ ਪੈ ਜਾਵੇ।



*ਘਰਾਂ ਵਾਲੇ ਘਰ ਹੋਣ ਨ ਹੋਣ,
ਘਰਾਂ ਦੇ ਜੰਦਰੇ
ਬੂਹੇ ਦੇ ਕੁੰਡੇ
ਚੋੜ ਚੌਪਟ ਖੁੱਲ੍ਹਣ।
ਆਇਆਂ ਦਾ ਸੁਆਗਤ ਕਰਨ।
ਕੁੰਜੀਆਂ ਸਭ ਜਾਣਨ
ਆਪੇ ਆਉਣ, ਆਪੇ ਕਢਣ,
ਖਾਣ ਪੀਣ, ਰਗੜੇ ਲਾਉਣ!
ਬਿਨਾਂ ਖਾਧੇ ਜੇ ਕੋਈ ਚਲਾ ਜਾਵੇ,
ਹੱਥ ਮਲਣ।
ਆਪਣੇ ਆਪ ਨੂੰ ਕੋਸਣ।
ਮੰਦੇ ਭਾਗ ਜਾਣਨ।
ਨਹੀਂ ਆਇਆ ਜੇ ਕੋਈ ਸਾਧ
ਆਪ ਵੀ ਮਸਤ,
ਲੰਗਰ ਵੀ ਮਸਤ,
ਕਾਲਾ ਕਾ ਬੋਲੇ ਬਨੇਰੇ
ਪ੍ਰਾਤੀਂ ਤੌਣਾਂ ਭੁੜਕ ਭੁੜਕ ਪੈਣ,
ਘਰ ਵਾਲਿਆਂ ਅੰਦਰ ਖੁਸ਼ੀਆਂ ਦੇ ਹੜ੍ਹ ਆਉਣ,
ਬੂਹਿਆਂ ਵਲ ਤੱਕਣ,
ਬਾਹਰ ਵਾਲ ਮੁੜ ਮੁੜ ਝਾਕਣ,
ਬਿੜਕਾਂ ਖੜਾਕ ਟਿਕਣ ਨ ਦੇਣ।

---

1. ਸੰਤ ਫਤਿਹ ਸਿੰਘ ਜੀ ਮਾਛੀ ਕੇ ਹੁੰਦੇ ਸਨ। ਧਰਮ ਦੀ ਕਿਰਤ ਕਰਨੀ। ਵਾਹੀ ਦਾ ਕੰਮ ਸੀ। ਇਨ੍ਹਾਂ ਨੇ ਆਪਣੇ ਘਰ ਦੀ ਚਾਬੀ ਆਉਣ ਜਾਣ ਵਾਲੇ ਸਾਧਾਂ ਨੂੰ ਦੱਸੀ ਹੋਈ ਸੀ। ਜੇ ਫਤਿਹ ਸਿੰਘ ਘਰ ਨ ਹੋਵੇ ਤਾਂ ਆਪੇ ਦਰਵਾਜ਼ਾ ਖੋਲ੍ਹ ਰਸਤਾਂ ਕੱਢ ਜਲ ਪਾਣੀ ਛਕਦੇ ਸਨ ਅਤੇ ਲੰਗਰ ਕਰ ਚਾਬੀ ਉਥੇ ਈ ਰੱਖ ਆਪਣੇ ਰਾਹ ਪੈ ਜਾਂਦੇ ਸਨ। ਇਕ ਵੇਰ ਕੁਝ ਸਾਧਾਂ ਨੂੰ ਚਾਬੀ ਨ ਲਭੀ। ਉਹ ਚੁਥੀ ਪੁਟ ਅੰਦਰ ਜਾ ਰਸਤਾਂ ਲੈ ਲੰਗਰ ਕੀਤਾ। ਜਦ ਫਤਿਹ ਸਿੰਘ ਨੇ ਇਹ ਨਜ਼ਾਰਾ ਵੇਖਿਆ ਤਾਂ ਮਸਤਾਨਾ ਹੋ ਨੱਚਣ ਲਗ ਪਇਆ ਤੇ ਆਖਿਆ "ਇਨ੍ਹਾਂ ਗੁਰੂ ਰਾਮ ਸਿੰਘ ਦਾ ਘਰ ਜਾਣਿਆ ਹੈ।"



Sri Satguru Jagjit Singh Ji eLibrary NamdhariElibrary@gmail.com

ਆਉਣ ਤੇ ਭਾਰਾ ਸੁਆਗਤ।
ਗੱਦ ਗੱਦ ਹੋਣ।
ਰੱਜਵੀਂ ਟਹਿਲ ਸੇਵਾ।
ਮੁੜ ਪ੍ਰਦੇਸੀ ਪ੍ਰੀਤਮ ਦੀਆਂ ਯਾਦਾਂ,
ਗੁਰੂ ਕੇ ਬਚਨ,
ਗੁਰੂ ਕੀਆਂ ਸਾਖੀਆਂ,
ਵੈਰਾਗ ਦੀ ਹਨੇਰੀ ਝੁੱਲ ਪਏ।
ਭੁਬਾਂ ਨਿਕਲ ਜਾਣ।
ਤ੍ਰਿਪ ਤ੍ਰਿਪ ਅਥਰੂ ਵਗਣ,
ਪਸ਼ੂ, ਪੰਛੀਆਂ, ਰੁੱਖਾਂ ਬ੍ਰਿਛਾਂ ਨੂੰ
ਰੰਗ ਚਾੜ੍ਹਦੇ ਜਾਣ।
ਸਤਿਜੁਗ ਹੰਬਲੀਆਂ ਮਾਰ ਮਾਰ ਜਵਾਨੀ ਪੈਰ ਧਰੇ।
"ਕਲਿਜੁਗ ਕਾਲੀ ਬਦਲੀ
ਝੜ ਝੜ ਪੈਣ ਅੰਗਿਆਰ।"
ਨਾਸਾਂ ਫੁਲਾਵੇ,
ਵੇਲੇ ਕੁਵੇਲੇ ਡੰਗ ਮਾਰੇ।
ਪਸਰੀ ਸੁਗੰਧੀ ਨੂੰ ਵਿਹੁਲੀ ਬਨਾਉਣ ਦੀ
ਕੋਈ ਕਸਰ ਨ ਛੱਡੇ।
ਵੱਡੇ ਵੱਡੇ ਤਪੱਸੀਆਂ ਦੇ ਆਂਗਣਾਂ ਦੁਆਲੇ
ਲਗਾ ਖਾਣ ਗੇੜੇ।

ਇੱਬਣ।
ਰਿਧੀਆਂ ਸਿਧੀਆਂ ਦਾ ਬੋਲ ਬਾਲਾ,
ਬੱਤੀਆਂ ਦੰਦਾਂ ਵਿੱਚੋਂ ਜੋ ਨਿਕਲੇ
ਪ੍ਰਤੱਖ ਰੂਪ ਧਾਰ ਖਲੋਵੇ,
ਦੁੱਧ ਵਾਲੇ ਨੂੰ ਦੁੱਧ,
ਪੁੱਤ ਵਾਲੇ ਨੂੰ ਪੁੱਤ,
ਮਨ ਦੀਆਂ ਮੁਰਾਦਾਂ ਪੂਰੀਆਂ,



ਕੁਕਰਮੀ ਟਿਕ ਨ ਸਕੇ ਇਕ ਪਲ।
ਮੰਦਾ ਕੀਤਾ ਨਹੀਂ,
ਫੁੰਡਿਆ ਗਿਆ ਨਹੀਂ।
ਅਦੈਵੀ ਸ਼ਕਤੀਆਂ,
ਥਰ ਥਰ ਕੰਬਣ।
ਧਾੜਵੀ ਗਿੜ ਗਿੜਾ ਡਿਗੇ,
ਵਿਭਚਾਰੀ ਮੂੰਹ ਘਾਹ ਲੈ ਮਿਲਣ।
ਰਾਹੋਂ ਘੁਥਾ ਮੂੰਹ ਪਰਨੇ।
ਆਲਾ ਦੁਆਲਾ ਲੱਗਾ ਮੰਨਤਾ ਮੰਨਣ।
ਚੜ੍ਹਾਵੇ ਚਾੜ੍ਹਨ।
[1]ਗੰਡਾ ਸਿੰਘ
ਲਗਾ ਗੱਦੀਆਂ ਲਾ ਲਾ ਬਹਿਣ,
ਭੇਟਾ ਲਵੇ ਬਖਸ਼ਸ਼ਾਂ ਕਰੇ।
ਨਾਨਕ ਅੰਗਦ ਗੁਰ ਅਮਰਦਾਸ ਦੇ ਦਰਸ਼ਨ ਕਰਾਵੇ
ਗੋਬਿੰਦ ਹਰਿ ਗੋਬਿੰਦ ਨੂੰ
ਬੁਲਾ ਲਵੇ,
ਲਗਾ ਭੈ ਖਾਣ ਆਲਾ ਦੁਆਲਾ,
ਲਾਡਲੀਆਂ ਫੌਜਾਂ ਜਾ ਰਹੀਆਂ ਸਨ
ਦੁਮਾਲੇ ਚੱਕਰ ਸਜਾਈ।
ਮਿਲ ਗਿਆ ਸੰਤ ਅਧੂਰਾ
ਹੱਥ ਫੇਰਿਆ ਮੂੰਹ ਤੇ
ਪ੍ਰਤੱਖ ਦਰਸ਼ਨ ਸ਼ੇਰ ਗੋਬਿੰਦ ਦੇ।
ਚਿਹਰਾ ਭਖਦਾ, ਨੇਤਰ ਲਾਲ,
ਅਸ਼ਤਰਾਂ ਸ਼ਸਤਰਾਂ ਨਾਲ ਸਜੇ,
ਪੰਜ ਪਿਆਰਿਆਂ ਸਹਿਤ।
ਫੇਰ ਓਹੋ ਗੰਡਾ ਸਿੰਘ।

1. ਪਿੰਡ ਇਬਣ ਦੇ ਕਰਾਮਾਤੀ ਸਾਧੂ।



Sri Satguru Jagjit Singh Ji eLibrary NamdhariElibrary@gmail.com

ਔਹ ਜਾ ਪਏ ਦੁਮਾਲੇ ਤੇ ਚੱਕਰੀਆਂ
ਲੇਟਣੀਆਂ ਖਾਣ,
ਹੋਸ਼ ਆਉਣ ਤੇ ਗੋਲੇ ਬਣ ਖਲੋਤੇ।

ਗੜ੍ਹੀਆਂ ਦੀਆਂ ਟੀਸੀਆਂ ਹੋਰ ਉਚੇਰੀਆਂ,
ਪ੍ਰਸਿੱਧੀ ਨੂੰ ਚਾਰ ਚੰਨ ਲੱਗੇ।
ਕਾਲੇ ਨਾਗ ਦਾ ਦਾਅ ਭਰ ਗਇਆ
ਐਸਾ ਫੁੰਕਾਰਾ ਮਾਰਿਆ
ਤਪੱਸਵੀ ਮਾਣ ਦੇ ਚੁਬਾਰੇ।
"ਹਰਿ ਜੀਉ ਹੰਕਾਰ ਨ ਭਾਵਈ
ਵੇਦ ਕੂਕ ਸੁਣਾਵਹਿ।"
ਇਸੇ ਵਾਸਤੇ ਗੁਰਮੁਖੀ ਫੁਰਮਾਨ,
ਨਾਮ ਜਪੋ, ਬਾਣੀ ਪੜ੍ਹੋ।
ਬਾਣੀ ਹੰਕਾਰ ਦੀ ਪਾਣ ਲਾਹਵੇ
ਬਿਨਾ ਬਾਣੀ ਨਾਮ ਫੂਕ ਚਾੜ੍ਹੇ।
ਇਸੇ ਮਾਣ,
[1]ਨਾਰਦ ਨੂੰ ਹੌਲਿਆਂ ਕੀਤਾ ਸਭਾ 'ਚ
[2]ਰਿਸ਼ੀਆਂ ਨੂੰ ਕੰਡ ਦਵਾਈ

1. ਨਾਰਦ ਨੂੰ ਕਾਮ ਜੇਤੂ ਹੋਣ ਦਾ ਅਭਿਮਾਨ ਹੋ ਗਿਆ। ਫੁੱਲਿਆ ਨਾ ਸਮਾਏ। ਮਰਜ਼ੀ ਭਗਵਾਨ ਦੀ, ਨਾਰਦ ਮੋਹਣੀ ਦਾ ਰੂਪ ਵੇਖ ਡੋਲ ਗਿਆ ਅਤੇ ਉਸ ਨੂੰ ਵਰਨ ਦਾ ਇਰਾਦਾ ਕਰ ਲਿਆ। ਨਾਰਦ ਮੁੜ ਭਗਵਾਨ ਵਿਸ਼ਨੂੰ ਪਾਸ ਗਿਆ ਤੇ ਬੇਨਤੀ ਕੀਤੀ, ਮੈਨੂੰ ਹਰਿ ਦਾ ਚਿਹਰਾ ਬਖਸ਼ਿਆ ਜਾਵੇ। ਹਰਿ ਦੇ ਕਈ ਅਰਥ ਹਨ, ਭਗਵਾਨ ਨੇ ਆਪਣਾ ਰੂਪ ਦੇਣ ਦੇ ਬਜਾਏ ਬਾਂਦਰ ਦਾ ਮੂੰਹ ਬਖ਼ਸ਼ ਦਿੱਤਾ। ਨਾਰਦ ਸੁਵੰਬਰ ਵਿਚ ਗਿਆ ਤੇ ਲੱਗਾ ਮੋਹਣੀ ਦੇ ਆਲੇ ਦੁਆਲੇ ਫਿਰਨ ਪਰ ਜਦ ਆਪਣਾ ਮੂੰਹ ਵੇਖਿਆ ਤਾਂ ਬੜਾ ਸ਼ਰਮਿੰਦਾ ਹੋਇਆ। ਕਾਮ-ਜੇਤੂ ਦੀ ਡੀਂਗ ਮਾਰਨ ਕਾਰਨ ਇਹ ਹਾਲ ਹੋਇਆ।

2. ਭਗਵਾਨ ਰਾਮ ਵਿਚਰਦੇ ਵਿਚਰਦੇ ਰਿਸ਼ੀਆਂ ਦੇ ਆਸ਼ਰਮ ਪਾਸ ਗਏ। ਭੀਲਣੀ ਭਗਤਣੀ ਸੀ। ਦਿਲੋਂ ਭਗਵਾਨ ਨੂੰ ਯਾਦ ਕਰਦੀ ਸੀ। ਰਿਸ਼ੀਆਂ ਨੂੰ ਆਪਣੇ ਤਪ ਦਾ ਮਾਣ ਸੀ, ਮਗਰ ਭਗਵਾਨ ਆਏ ਅਤੇ ਭੀਲਣੀ ਕੋਲ ਚਲੇ ਗਏ। ਉਸ ਦੇ ਬੇਰ ਪ੍ਰਵਾਨ ਕੀਤੇ। ਰਿਸ਼ੀਆਂ ਨੂੰ ਹੌਲਾ ਹੋਣਾ ਪਿਆ।



[1]ਦਰਯੋਧਨ ਪਰੇਸ਼ਾਨ ਹੋਇਆ,
[2]ਮਾਧੋਦਾਸ ਨੂੰ ਝੁਕਣਾ ਪਿਆ,
[3]ਗੁਰੂ-ਜੋਗੇ ਨੂੰ ਕੰਜਰੀਆਂ ਦੀਆਂ ਪ੍ਰਕਰਮਾਂ ਕਰਨੀਆਂ ਪਈਆਂ,
ਅੱਜ ਗੁਮਸ਼ਤੇ ਸ਼ਾਹ ਬਣ ਬੈਠੇ,
ਚੌਂਕੀਦਾਰਾਂ ਚਾਬੀਆਂ ਸਾਂਭ ਲਈਆਂ
"ਮੈਂ ਗੁਰੂ ਰਾਮ ਸਿੰਘ!
ਇਹੋ ਭੈਣੀ ਸਾਹਿਬ।
ਪੌਣ ਪਾਣੀ ਮੇਰੇ ਵੱਸ।"
ਸੰਸਾਰੀ ਨਿਰੇ ਭੋਲੇ ਬਾਦਸ਼ਾਹ,
ਸਵਾਰਥੀ, ਅੰਨ੍ਹੇ, ਮਤਲਬ ਦੇ ਗ਼ੁਲਾਮ,
ਜਿਸ ਲਾਈ ਗੱਲੀਂ ਉਸੇ ਨਾਲ ਉੱਠ ਚੱਲੀ।
ਜਿੱਥੇ ਵੇਖਣ ਤਵਾ ਪ੍ਰਾਤ
ਓਥੇ ਗਾਵਣ ਦਿਨ ਤੇ ਰਾਤ।
ਚੀਨੀ ਵਾਲੇ ਦੀ ਜੋਤ
"ਮਿੱਠ ਬੋਲੜਾ ਜੀ ਹਰਿ
ਸੱਜਣੁ ਸੁਆਮੀ ਮੋਰਾ।"
ਨਿਮ੍ਰਤਾ ਦਾ ਪੁੰਜ,
ਹਲੀਮੀ ਦਾ ਠਾਠਾਂ ਮਾਰਦਾ ਸਾਗਰ,

1. ਭਗਵਾਨ ਕ੍ਰਿਸ਼ਨ ਦਰਯੋਧਨ, ਉਸ ਦੇ ਮੁਖੀਆਂ ਤੇ ਉਨ੍ਹਾਂ ਦੇ ਮਹਿਲਾਂ ਨੂੰ ਛੱਡ ਬਿਦਰ ਪਾਸ ਚਲੇ ਗਏ। ਉਸ ਨੂੰ ਨਿਵਾਜਿਆ ਦਰਯੋਧਨ ਦੇ ਦਰਬਾਰੀ ਸ਼ਰਮਸਾਰ ਹੋਏ।
2. ਮਾਧੋ ਦਾਸ ਕਰਮਾਤੀ ਸੀ। ਬੀਰ ਉਸ ਦੇ ਵੱਸ ਸਨ। ਇਤਨਾ ਹੰਕਾਰ ਹੋ ਗਿਆ ਕਿ ਆਏ ਗਏ ਸਾਧਾਂ ਦਾ ਨਿਰਾਦਰ ਕਰੇ। ਸਾਹਿਬ ਗੁਰੂ ਗੋਬਿੰਦ ਸਿੰਘ ਜੀ ਓਸ ਦਾ ਹੰਕਾਰ ਤੋੜਿਆ। ਉਹ ਚਰਨਾਂ ਤੇ ਢਹਿ ਬੰਦਾ ਬਣ ਖਲੋਤਾ। ਗੁਰੂ ਜੀ ਉਸ ਪਾਸੋਂ ਬੜੀ ਸੇਵਾ ਲਈ ਅਤੇ ਕਰੜੇ ਤਸੀਹੇ ਸਹਾਰ ਦਿੱਲੀ ਵਿਚ ਸ਼ਹੀਦ ਹੋਇਆ।
3. ਭਾਈ ਜੋਗਾ ਸਿੰਘ ਬਚਨ ਪਾਲਦਿਆਂ ਲਾਵਾਂ ਵਿੱਚੇ ਛੱਡ ਦਿੱਤੀਆਂ। ਮਨ ਵਿਚ ਮਾਣ ਹੋ ਗਿਆ ਮੈਂ ਬੜਾ ਆਗਿਆਕਾਰ ਹਾਂ। ਅਨੰਦਪੁਰ ਵੇਸਵਾ ਨੂੰ ਵੇਖ ਭੁੱਲ ਗਿਆ। ਰਾਤ ਉਸ ਦੇ ਚੁਬਾਰੇ ਤੇ ਜਾਣਾ ਲੋਚਦਾ ਰਿਹਾ। ਗੁਰੂ ਗੋਬਿੰਦ ਸਿੰਘ ਜੀ ਰਾਤ ਪਹਿਰੇਦਾਰ ਦਾ ਰੂਪ ਵਟਾ ਉਸ ਨੂੰ ਕੁਕਰਮ ਤੋਂ ਰੋਕਿਆ। ਜਦ ਦਰਬਾਰ ਪੁੱਜਾ, ਆਪਣੀ ਕਰਤੂਤ ਦਾ ਪਾਜ ਖੁੱਲ੍ਹਿਆ ਤਾਂ ਸ਼ਰਮਸਾਰ ਹੋ ਖਿਮਾਂ ਮੰਗਣੀ ਪਈ।



Sri Satguru Jagjit Singh Ji eLibrary NamdhariElibrary@gmail.com

''ਚੜ੍ਹਿਆ ਸੋਧਣ ਧਰਤਿ ਲੋਕਾਈ।''
ਧੂੜ ਕੋਟ, ਮੈਣ ਦੁਆਬ, ਸਢੌਰੇ ਦੇ
ਟੋਏ ਟਿੱਬੇ ਢਾਹ ਦਿੱਤੇ,
ਦੇਵਾ ਸਿੰਘ, ਸੁੱਧ ਸਿੰਘ ਨੂੰ ਨਿਸਲ ਕਰ,
ਪੁੱਜ ਗਏ ਇੱਬਣ,
ਗੰਡਾ ਸਿੰਘ ਦੀਆਂ ਗੰਢਾਂ ਢਿੱਲੀਆਂ ਕਰਨ ਖਾਤਰ
ਅੱਗੇ ਸਜ ਰਿਹਾ ਸੀ ਆਸਣ,
ਉੱਚੇ ਮੰਜੇ ਤੇ,
ਅੱਖਾਂ ਬੰਦ,
ਬਿਲਕੁਲ ਅੰਨ੍ਹੀਆਂ
''ਉਇ ਵਿਚਾਰੇ ਕਿਆ ਕਰਹਿ
ਜਾਂ ਭਾਗ ਧੁਰਿ ਮੰਦੇ।''
ਦੂਜਿਆਂ ਨੂੰ ਰਾਹ ਵਿਖਾਉਂਦਾ ਵਿਖਾਉਂਦਾ
ਆਪ ਔਝੜੀਂ ਜਾ ਫਸਿਆ
ਦੀਵੇ ਥੱਲੇ ਅਨ੍ਹੇਰਾ,
ਕਿਬਰ ਦੇ ਸੰਗਲਾਂ
ਕੜੀ ਰੱਖਿਆ ਮੰਜੇ ਨਾਲ,
ਹਿੱਲਣ ਜੁੱਲਣ ਨ ਦਿੱਤਾ।
ਲੋਕਾਈ ਤਕੇ,
ਸ਼ਾਂਤ-ਮੂਰਤ ਚਰਨ ਰੱਖੇ ਅੰਦਰ,
ਜਿਨ੍ਹਾਂ ਨੂੰ ਆਕਾਸ਼ ਪਾਤਾਲ ਡੰਡੌਤਾਂ ਕਰਨ।
ਮਲਕੜੇ ਹੀ ਪੁਆਂਦੀ ਜਾ ਬੈਠੇ
ਕੁਝ ਨਹੀਂ ਬੋਲੇ
ਕੁਝ ਨਹੀਂ ਆਖਿਆ
ਕੇਵਲ ਇਕ ਤਕਣੀ
ਜਿਹੜੀ ਕਰ ਦੇਵੇ
ਨਿਹਾਲ! ਨਿਹਾਲ!! ਨਿਹਾਲ!!!
ਮਗਰ ਅੱਜ ਓਸੇ ਕਰ ਦਿੱਤਾ ਪਾਮਾਲ।



ਖਿੱਚ ਲਿਆ ਸਾਰਾ ਮਾਲ
''ਇਹ ਭਾਂਡਾ ਖ਼ਾਲੀ।
ਇਥੇ ਭੰਗ ਭੁੱਜੇ।''
ਇਹ ਕਹਿ ਉੱਠ ਟੁਰੇ।
ਬਾਹਰ ਆ ਗਏ
ਰਿਧੀਆਂ ਸਿਧੀਆਂ
ਮਗਰੇ ਮਗਰ।

ਗੰਡੇ ਦੀਆਂ ਛਿੱਲਾਂ ਲਹਿ ਗਈਆਂ
ਅੱਖ ਦੇ ਪਲਕਾਰੇ 'ਚ
ਅੰਦਰਲੀ ਬੱਚੀ ਵੀ ਔਹ ਜਾ ਪਈ।
ਕੱਖੋਂ ਹੌਲਾ ਪਾਣੀਉਂ ਪਤਲਾ,
ਲੱਗਾ ਦੁਹੱਥੜੀਂ ਪਿੱਟਣ
ਪਰ ਹੁਣ ਪਛਤਾਇਆਂ ਕੀ ਬਣੇ;
ਜਦ ਚਿੜੀਆਂ ਚੁਗ ਲਿਆ ਖੇਤ।
ਤੁਹ ਉਡਦੇ ਫਿਰਨ ਪੌਣ ਬੁੱਲਿਆਂ ਅੱਗੇ,
ਫੱਤਿਆ ਫੱਤ ਫੱਤ।
ਇਕ ਬਲਾ ਚੰਬੜ ਗਈ
ਲੈ ਗਈ ਸਭੋ ਕੁਝ ਉਡਾ ਪੁਡਾ।
ਮੁਸ਼ਟੰਡੇ ਲੱਗੇ ਉਂਗਲਾਂ ਕਰਨ,
ਕੋਈ ਧੇਲੇ ਵੱਟੀ ਨ ਪੁੱਛੇ।

*ਸਭ ਮੁਨਾਰੇ ਗਿੜ ਗਿੜਾ ਡਿੱਗੇ।

---

1. ਗੁਰੂ ਹਰੀ ਸਿੰਘ ਜੀ ਵੇਲੇ ਪਾਬੰਦੀਆਂ ਸਨ। ਉਹ ਬਿਨਾਂ ਸਰਕਾਰੀ ਆਗਿਆ ਬਾਹਰ ਨਹੀਂ ਜਾ ਸਕਦੇ ਸਨ। ਕੁਝ ਸਾਧੂ ਭਜਨ ਬੰਦਗੀ ਕਰਨ ਵਾਲੇ ਮਾਲਕ ਨੂੰ ਭੁੱਲ ਗਏ। ਉਹ ਕਰਾਮਾਤੀ ਬਣ, ਲੱਗੇ ਆਪਣਾ ਪ੍ਰਭਾਵ ਪਾਣ। ਮਗਰ ਗੁਰੂ-ਘਰ ਵਿਚ ਇਹ ਤਮਾਸ਼ੇ ਸ਼ੋਭਦੇ ਨਹੀਂ। ਉਸ ਸਮੇਂ ਬਾਬਾ ਸੁੱਧ ਸਿੰਘ ਮਢੌਰ, ਬਾਬਾ ਦੇਵਾ ਸਿੰਘ ਧੂੜ ਕੋਟ, ਬਾਬਾ ਗੰਡਾ ਸਿੰਘ ਇੱਬਣ ਤੇ ਬਾਬਾ ਸੰਮਾ ਸਿੰਘ, ਸੌਣ ਸਿੰਘ ਆਦਿ ਦੇ ਕਈ ਡੇਰੇ ਸਨ। ਇਹ ਗੁਰੂ ਕਿਆਂ ਦੇ ਦਰਸ਼ਨ ਕਰਾ ਸਕਦੇ ਸਨ। ਮੀਂਹ ਪੁਆ ਸਕਦੇ ਸਨ। ਕਿਸੇ ਦੇ ਮੰਦੇ ਕਰਮ ਪ੍ਰਗਟ ਕਰ ਸਕਦੇ ਸਨ। ਉਨ੍ਹਾਂ ਦਾ ਬੜਾ ਮਾਣ ਪ੍ਰਤਾਪ ਸੀ। ਗੁਰੂ ਜੀ ਦੌਰਾ ਅਰੰਭਿਆ ਨਿਮ੍ਰਤਾ ਨਾਲ ਸਭ ਦੀ ਸੱਤਿਆ ਖਿੱਚ ਲਿਆਂਦੀ।


Sri Satguru Jagjit Singh Ji eLibrary NamdhariElibrary@gmail.com

ਨਿੰਮ੍ਰਤਾ ਦਾ ਸਿਰ ਉੱਚ ਹੋਇਆ।
ਨੀਵਾਂ ਜਿਵੇਂ ਉਚੇਰਾ ਹੋਇਆ।
ਗੁਰੂ ਜੀ ਦੀ ਜੈ ਜੈ ਕਾਰ ਹੋਈ ਤਿੰਨ-ਲੋਕੀਂ।
ਭੈਣੀ ਸਾਹਿਬ ਦੀ ਮਹਿਮਾ
ਦੂਜ ਦੇ ਚੰਨ ਵਾਂਗੂੰ ਵਧਣ ਲੱਗੀ।
ਸਭ ਵਹਿਣਾਂ ਰੁਖ ਬਦਲਿਆ,
ਸੰਗਤਾਂ ਵੀ ਵਹੀਰਾਂ ਘੱਤ ਦਿੱਤੀਆਂ,
ਮਾਇਆ ਚਰਨਾਂ ਤੋਂ ਨਿਛਾਵਰ ਹੋਣ ਖ਼ਾਤਰ,
ਲੱਗੀ ਪ੍ਰਕਰਮਾਂ ਕਰਨ।
ਮੱਝਾਂ, ਗਊਆਂ, ਘੋੜੇ, ਘੋੜੀਆਂ
ਇਕ ਨੰਬਰ,
ਤੁਰੇ ਆਉਣ ਬਿਨਾਂ ਦੰਮਾਂ
ਰਸਦਾਂ ਦੇ ਗੱਡੇ ਰਾਮਦਾਸਪੁਰੇ।
ਭਰ ਭਰ ਝੋਲੀਆਂ ਵਰਤਾਈ ਜਾਵੇ
ਮਾਤਾ ਜੀਉਣ ਕੌਰ।
ਨ ਜਾਵੇ ਕੋਈ ਖ਼ਾਲੀ ਉਹਦੇ ਵਿਹੜਿਉਂ,
ਕਾਫ਼ਰ, ਮੋਮਨ, ਸ਼ੇਖ ਬ੍ਰਾਹਮਣ।
ਮੋੜ ਨਹੀਂ ਕਿਸੇ ਨੂੰ।
ਦੁੱਧ, ਘਿਉ, ਖੰਡ, ਬਾਦਾਮ, ਗੁੜ, ਸ਼ੱਕਰ,
ਜੋ ਆਵੇ ਮਨ ਦੀਆਂ ਮੁਰਾਦਾਂ ਪਾਵੇ।
ਇਕ ਵੇਰ, ਦੋ ਵੇਰ, ਤਿੰਨ ਵੇਰ,
ਜੁਗਾਂ ਜੁਗਾਂਤਰਾਂ ਤੋਂ ਇਹੋ ਖੇਡ।
ਰੱਜ ਰੱਜ ਵਰਤਣ,
ਰੱਜ ਰੱਜ ਛਕਣ,
ਆਕਾਸ਼, ਪਾਤਾਲ,
ਇੰਦਰ ਲੋਕ ਤੇ ਸਰ ਲੋਕ।



## 8.
## ਮਿਹਰ ਨਜ਼ਰ

ਜੋਤ ਦਾ ਜਾਮਾ ਪਰਗਟਿਆ
ਬੱਦਲ ਪਤਲੇ ਪੈ ਗਏ,
ਅਨ੍ਹੇਰਾ ਪਾਟਿਆ,
ਨੂਰਾਨੀ ਚੰਨ ਠੰਢੀਆਂ ਰਿਸ਼ਮਾਂ
ਧਰਤੀ ਤੇ ਖਲਾਰੀਆ।
ਸੱਪ ਕੀਲੇ ਗਏ।
ਕੁੱਤੇ ਭੌਂਕਦੇ ਭੌਂਕਦੇ ਹਫ ਹਫ
ਪੂਛਲਾਂ ਸੁੱਟ ਨਿੱਸਲ ਪੈ ਗਏ।
ਗਹਿਮਾਂ ਗਹਿਮ ਰੌਣਕਾਂ,
ਸੰਗਤਾਂ ਦੀ ਭਰਮਾਰ,
ਨਵੇਂ ਸੂਰਜ ਨਵਾਂ ਮੇਲਾ,
ਜਨਮਾਂ ਜਨਮਾਂ ਦੇ ਵਿਛੜੇ ਮਿਲੇ।
ਅੱਠੇ ਪਹਿਰ ਸ਼ਬਦ ਕੀਰਤਨ,
ਰਾਗੀ ਰਬਾਬੀਆਂ ਦੇ ਅਲਾਪ,
ਢਾਢੀਆਂ ਦੀਆਂ ਵਾਰਾਂ।
ਢੋਲਕ ਛੈਣਿਆਂ ਦੀਆਂ ਘਮਕਾਰਾਂ,
ਕੀਰਤਨੀਏ ਵੀ ਮਸਤ,
ਸ੍ਰੋਤੇ ਦੀਵਾਨੇ,
ਅੰਮ੍ਰਿਤ ਵੇਲੇ ਦੀ ਵਾਰ,
ਪਿਛਲੇ ਪਹਿਰ ਦੇ ਦੀਵਾਨ,
ਰਾਤ ਦੀਆਂ ਚੌਕੀਆਂ,
ਪਸ਼ੂ ਦੇਵਤੇ ਬਣਨ ਅੱਖ ਦੇ ਪਲਕਾਰੇ।


Sri Satguru Jagjit Singh Ji eLibrary NamdhariElibrary@gmail.com

ਅੰਦਰਲੀ ਕਾਲਖ ਲਹਿ ਲਹਿ ਜਾਵੇ।
ਭਾਂਡੇ ਲਿਸ਼ਕ ਲਿਸ਼ਕ ਪੈਣ।
ਰਾਜੇ, ਮਹਾਰਾਜੇ, ਸ਼ਾਹ, ਧਨਾਢ
ਹੱਥੀਂ ਬੱਧੀ ਗ਼ੁਲਾਮ।
ਕੋਈ ਸੇਵਾ! ਕੋਈ ਹੁਕਮ?
ਇਸ਼ਾਰੇ ਨਾਲ ਕੰਮ ਹੋਣ।
ਤੀਰਥਾਂ ਦਾ ਤੀਰਥ ਉਤਰਿਆ
ਹਰਿਦੁਆਰ, ਪ੍ਰਯਾਗ, ਉਜੈਨ
ਮੱਕਾ ਮਦੀਨਾਂ, ਯੋਰੋਸ਼ਲਿਮ, ਸਭ ਦਾ ਸੋਮਾ
ਓਥੇ ਨਿਗੁਣੀ ਮੁਕਤੀ ਦੇ ਝਾਂਸੇ।
[1]ਰਾਮ ਸਰ ਦੇ ਕੰਢੇ
ਮੁਕਤੀ, ਜੁਗਤੀ, ਸ਼ਾਹੀ, ਫ਼ਕੀਰੀ,
ਨਾਮ, ਦਾਨ, ਰਾਜ ਜੋਗ।
ਮੋਰਾਂ ਦੀਆਂ ਪੈਲਾਂ
ਭੋਲੇ ਭਾਲੇ ਕਬੂਤਰਾਂ ਦੀ ਗੁਟਕੂੰ ਗੂ
ਪਿੱਪਲ ਬੋਹੜ ਮੌਲਣ।
ਮਾਲੀ ਨੂੰ ਤੱਕ ਤੱਕ ਝੂਮਣ।
ਆਕਾਸ਼ ਵਲ ਵਧਦੀਆਂ ਜਾਣ ਕੂਲੀਆਂ ਲਗਰਾਂ।
ਲੱਛਮੀ ਆ ਹਾਜ਼ਰ ਹੋਈ,
ਮਿੰਨਤਾਂ ਕਰੇ, ਨੱਕ ਰਗੜੇ,
ਗ਼ਰੀਬਨੀ ਦੀ ਬਾਂਹ ਫੜੋ।
ਬੇ ਪ੍ਰਵਾਹ ਅੱਖ ਨ ਪੱਟਣ।
''ਗੱਦਾਂ ਖੜੀਏ ਤੂੰ ਬੇ ਪ੍ਰਤੀਤੀ,
ਤੂੰ ਢਲਦੀ ਛਾਉਂ
ਤੂੰ ਮ੍ਰਿਗ ਤ੍ਰਿਸ਼ਨਾਂ ਦਾ ਪਾਣੀ,

1. ਰਾਮ ਸਰ ਦੀ ਸੇਵਾ 1954 ਬਿ: ਵਿੱਚ ਸ਼ੁਰੂ ਹੋਈ। ਤਿਕੋਨਾਂ ਹਵਨ ਕੁੰਡ ਨਿਕਲਿਆ, ਜਿਸ ਦੇ ਕੋਇਲੇ ਥਿੰਦੇ ਸਨ।



ਤੂੰ ਕਾਗ ਬਨੇਰਾ,
ਅਜ ਇਥੇ, ਕਲ੍ਹ ਓਥੇ।
ਤੂੰ ਵਿਸਾਹ ਘਾਤਣ,
ਤੂੰ ਆਵੇਂ, ਤਾਂ ਧੌਣ ਅਕੜਾਵੇਂ
ਜੇ ਜਾਵੇਂ ਤਾਂ ਲਕੋਂ ਤੋੜੇ।"
''ਨਹੀਂ ਮਹਾਰਾਜ! ਮੈਂ ਨਿਆਸਰੀ
ਤੁਹਾਡੇ ਭਾਂਡੇ ਮਾਂਜਾਂਗੀ,
ਝਾੜੂ ਫੇਰਾਂਗੀ,
ਗੋਹਾ ਕੂੜਾ ਸਭ ਮੇਰੇ ਜ਼ਿੰਮੇ,
ਤੁਹਾਡੇ ਚਰਨਾਂ ਦੀ ਸਹੁੰ
ਤੁਹਾਡੀਆਂ ਸਰਦਲਾਂ ਤੋਂ ਨਹੀਂ ਹਿਲਾਂਗੀ।
ਰਹਾਂਗੀ ਤੁਹਾਡੀ ਸੇਵਾਦਾਰਨ।"
ਭਾਗਾਂ ਵਾਲੇ ਸੇਵਾ ਵਿਚ ਲੀਨ।
ਹੱਥ ਕਾਰ ਵੱਲ, ਚਿਤ ਯਾਰ ਵੱਲ।
ਰਾਗਾ ਸਿੰਘ, ਦਾਨ ਸਿੰਘ
ਘੁੱਲੀ, ਭਾਗਣ, ਲੈਣ ਲਹਿਰੇ।
ਜਲ ਢੋਵੀਣ ਲੋਹਾਂ ਤਪਾਣ
ਬਾਲਣ ਸਿਰੀਂ, ਝੋਕੇ ਲੱਗਣ।
ਭਾਂਡੇ ਮੰਜੀਣ, ਝਾੜੂ ਫਿਰਨ,
ਗੋਹਾ ਕੂੜਾ, ਖਰਕਣੇ ਨਿਹਾਰੀਆਂ
ਹੱਥ ਵੀ ਚੱਲਣ, ਰਸਨਾ ਵੀ ਚੱਲੇ।
ਕਾਮੇ, ਹੱਟੀ ਵਾਲੇ, ਮੁਖੀਏ,
ਸਭ ਦੇ ਬੁੱਲ੍ਹ ਫਰਕਣ।
ਕਿਤੇ ਸ਼ਬਦਾਂ ਦੀ ਹੇਕ,
ਕਿਤੇ ਬਾਣੀ ਦੇ ਅਲਾਪ
ਸੁਖਮਣੀ, ਆਸਾ ਦੀ ਵਾਰ ਦੀਆਂ ਧੁਨਾਂ
ਉਠਦਿਆਂ, ਬਹਿੰਦਿਆਂ, ਜਾਗਦਿਆਂ, ਸੁੱਤਿਆਂ
ਇਹੋ ਕਾਰਾ।



Sri Satguru Jagjit Singh Ji eLibrary NamdhariElibrary@gmail.com

ਸੁਪਨੇ ਵਿਚ ਵੀ ਇਹੋ ਦ੍ਰਿਸ਼।
ਸੱਚ ਖੰਡ ਪ੍ਰਤੀਤ ਹੋਵੇ
ਦਰਸ਼ਨ-ਅਭਿਆਸ਼ੀ ਮੋਹੇ ਜਾਣ।
ਲੋੜ ਅਨੁਸਾਰ ਉਸਾਰੀ ਵਧੀ,
ਕੰਮ ਹੋਣਾ ਇਸ਼ਾਰੇ ਤੇ।
[1]ਖੂਹੀ ਰਾਤੋ ਰਾਤ।
[2]ਰਾਤੋ ਰਾਤ ਖਰਾਸ।
[3]ਦਿਨਾਂ ਵਿਚ ਮੰਦਰ ਤੇ ਅਟਾਰੀਆਂ।
ਦੋਖੀਆਂ ਝਖਾਂ ਮਾਰੀਆਂ
ਪਰ ਪੇਸ਼ ਨ ਗਈ।
ਪਏ ਵਿਸ ਘੋਲਣ।
[4]ਸਹੀ ਅਰਦਾਸੇ ਦੀ ਜਾਂਚ ਦੱਸੀ।
ਇਹ ਵੇਖਣ ਨੂੰ ਦੁਬਲਾ
ਪਰ ਬੀਰਾਂ ਦਾ ਬੀਰ
ਇਸ ਦੇ ਟਹਿਲੂਏ ਵੀ ਬੀਰ

1. ਕੋਠੀ ਵਾਲਾ ਵੱਡਾ ਖੂਹ 1956 ਬਿਕ੍ਰਮੀ ਵਿਚ ਲੱਗਾ।

2. ਖਰਾਸ ਵੀ 1956 ਵਿਚ।

3. ਕੋਠੀ 1953 ਵਿਚ।

4. ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਦੇਸ਼ ਜਾਣ ਪਿੱਛੋਂ ਕੁਝ ਸਿੰਘ ਅਰਦਾਸ ਕਰਨ ਸਮੇਂ ੧ੴ ਸ੍ਰੀ ਵਾਹਿਗੁਰੂ ਜੀ ਕੀ ਫਤਹ, ਸ੍ਰੀ ਭਗਉਤੀ ਜੀ ਸਹਾਇ, ਪਾਤਸ਼ਾਹੀ ਬਾਰ੍ਹਵੀਂ ਅਤੇ ਕੁਝ ਸਿੰਘ ਪਾਤਸ਼ਾਹ ਦਸਵੀਂ ਕਹਿਕੇ ਅਰਦਾਸਾ ਕਰਦੇ ਸਨ। ਮਗਰ ਗੁਰੂ ਬਾਲਕ ਅਤੇ ਗੁਰੂ ਰਾਮ ਸਿੰਘ ਜੀ ਦਾ ਨਾਉਂ ਵੀ ਲੈਂਦੇ ਸਨ। ਇਹ ਦੋ ਪ੍ਰਕਾਰ ਦੇ ਅਰਦਾਸੇ ਹੁੰਦੇ ਸਨ, ਮਗਰ ਗੁਰੂ ਹਰੀ ਸਿੰਘ ਜੀ ਨੇ ਇਹ ਦੂਹਰੀ ਵਿਚਾਰ ਧਾਰਾ ਨੂੰ ਖ਼ਤਮ ਕਰਨ ਵਾਸਤੇ ਲਿਖਤੀ ਹੁਕਮਨਾਮਾ ਭੇਜਿਆ ਕਿ ਸਮੂੰਹ ਸੰਗਤ

ੴ

ਸ੍ਰੀ ਵਾਹਿਗੁਰੂ ਜੀ ਕੀ ਫਤਹ

ਸ੍ਰੀ ਭਗਉਤੀ ਜੀ ਸਹਾਇ

ਪਾਤਸ਼ਾਹੀ 12

ਕਹਿ ਕੇ ਅਰਦਾਸਾ ਅਰੰਭ ਕਰੇ। ਵਧੇਰੇ ਵਿਆਖਿਆ ਵਾਸਤੇ ਪੜ੍ਹੋ 'ਵਹਿਮੀ' ਜੀ ਦਾ ''ਗੁਰ ਪ੍ਰਕਾਸ਼।''



''ਸੱਤਰ ਕਾ ਮਤ ਹੀਣ''
ਇਹ ਅੱਸੀਆਂ ਦਾ ਬਲਵਾਨ।
ਵੱਡੇ ਵੱਡੇ ਕੜਾਹਿਆਂ ਦੀਆਂ ਚੱਕਰੀਆਂ ਭੁਆ ਸੁਟੇ।
ਅੱਥਰੀਆਂ ਘੋੜੀਆਂ ਨੂੰ ਘੁਕਾ ਦੇਵੇ।
ਰਾਮ ਦਾਸ ਪੁਰੇ ਦੀਆਂ ਚੁਫੇਰੀਂ ਖੁਸ਼ਬੋਆਂ।
ਘੋੜੇ ਘੋੜੀਆਂ, ਮੱਝਾਂ ਗਊਆਂ
ਊਠ, ਬੈਲ, ਵਧੀਆ ਤਬੇਲੇ,
ਹਿਣਕਣ ਤੇ ਟੀਟਣੇ ਮਾਰਨ।
ਪੂਛਲਾਂ ਚੁੱਕ ਚੁੱਕ ਦੁੜੰਗੇ ਲਾਉਣ
ਵੱਛੇ ਤੇ ਵੱਛੀਆਂ।
ਜਿੱਥੇ ਖੁਸ਼ਬੋ ਉਥੇ ਭੌਰੇ
ਜਿਥੇ ਸ਼ਹਿਦ ਉਥੇ ਮੱਖੀਆਂ
ਘਤ ਦਿੱਤੀਆਂ ਵਹੀਰਾਂ ਲੋੜਵੰਦਾਂ
ਅਮੀਰ, ਗ਼ਰੀਬ, ਦੁਖੀਏ, ਰੋਗੀ,
ਗੁਰੂ ਕੀ ਨਗਰੀ,
ਸਭ ਨੂੰ ਮਨ ਦੀਆਂ ਮੁਰਾਦਾਂ
ਦੁੱਧ ਵਾਲੇ ਨੂੰ ਦੁੱਧ,
ਪੁੱਤ ਵਾਲੇ ਨੂੰ ਪੁੱਤ।
ਮੂਰਖਾਂ ਨੂੰ ਪੰਡਤਾਈ, ਵਕਤਾ, ਗਿਆਨੀ
ਬ੍ਰਹਮ ਗਿਆਨੀ, ਵੱਡੇ ਵੱਡੇ ਬੁਲਾਰੇ, ਧੁਰੰਧਰ
ਵਿਦਵਾਨ।
ਖਾਲੀ ਕੋਈ ਨ ਮੁੜਿਆ।

ਬਾਵਾ!
ਮਿੱਟੀ ਦਾ ਬਾਵਾ ਨਹੀਂ
ਉਦਾਸੀ ਸਾਧੂ
ਮੰਨਿਆ ਪ੍ਰਮੰਨਿਆ
ਦੂਰ ਦੂਰ ਧੁੰਮਾਂ



Sri Satguru Jagjit Singh Ji eLibrary NamdhariElibrary@gmail.com

ਢੱਠਾ ਬੁਰਜ ਵੀ ਬਾਵੇ ਪ੍ਰਸਿੱਧ ਕਰ ਦਿੱਤਾ।
ਰਾਏ ਕੋਟੋਂ ਢਾਈ ਕੁ ਮੀਲ।
ਕਰਮ ਬੜੇ ਪ੍ਰਬਲ
ਇਹ ਨਹੀਂ ਟਲਦੇ ਵਡਿਆਂ ਛੋਟਿਆਂ ਤੋਂ
ਪੀਰਾਂ ਪੈਗੰਬਰਾਂ ਤੋਂ
"ਲੇਖੁ ਨ ਮਿਟਈ ਹੇ ਸਖੀ
ਜੋ ਲਿਖਿਆ ਕਰਤਾਰਿ।"
ਕੋਹੜ ਚੱਲ ਗਿਆ
ਲੱਗੀਆਂ ਚੀਸਾਂ ਪੈਣ
ਲਹੂ ਸਿੰਮੇ ਉਂਗਲਾਂ 'ਚ
ਵੈਦ ਡਾਕਟਰ ਵਾਹ ਲਾ ਥਕੇ
ਕੋਈ ਦਾਰੂ ਕਾਰਗਰ ਨ ਹੋਇਆ
ਬੜਾ ਲਾਚਾਰ, ਪੇਸ਼ ਨ ਕੋਈ ਜਾਵੇ।
ਕਿਸੇ ਪ੍ਰੇਮੀ ਸੋ ਪਾ ਦਿੱਤੀ
ਸ੍ਰੀ ਭੈਣੀ ਸਾਹਿਬ ਦੀ!
"ਬਾਵਾ ਜੀ! ਛੱਡੋ ਖਹਿੜਾ ਹਕੀਮਾਂ ਦਾ
ਵੈਦਾਂ ਦਾ ਵੈਦ, ਕਾਮਿਲ ਤਬੀਬ,
ਉਤਰਿਆ ਅਰਸ਼ਾਂ ਤੋਂ
ਚੀਨੀ ਵਾਲੇ ਦਾ ਨਿੱਕਾ ਵੀਰ
ਗੁਰੂ ਹਰੀ ਸਿੰਘ
ਓਸ ਦੇ ਦਰਸ਼ਨ ਮਾਮੀਰੇ,
ਓਸ ਦੇ ਦਰਸ਼ਨਾਂ 'ਚ ਅੰਮ੍ਰਿਤ,
ਓਸ ਦੀ ਰਸਨਾਂ ਤੇ ਭਗਵਾਨ,
ਓਸ ਦੇ ਚਰਨ ਪਾਰਸ,
ਜਿਧਰ ਤੁੱਠ ਪੈਣ।
ਇਕ ਕੋੜ੍ਹ ਕੀ? ਜਨਮ ਜਨਮਾਂਤਰਾਂ ਦੇ ਕੋੜ੍ਹ,
ਅੰਦਰਲਾ ਕੋਹੜ, ਬਾਹਰਲਾ ਕੋਹੜ
ਮਨ ਦਾ ਤਾਪ, ਤਨ ਦਾ ਤਾਪ,



ਅੰਨ੍ਹਿਆਂ ਨੂੰ ਨੇਤਰ,
ਗੁੰਗਿਆਂ ਨੂੰ ਜ਼ਬਾਨ,
ਲੂਲ੍ਹਿਆਂ ਨੂੰ ਲੱਤਾਂ,
ਟੁੰਡਿਆਂ ਨੂੰ ਹੱਥ,
ਅਸ਼ਟਾ ਵਕਰ ਸੂਰਤ ਸਿੰਘ।
ਦਵਾ ਨਾ ਦਾਰੂ।
ਕੇਵਲ ਰਾਮਸਰ ਦਾ ਟੁੱਬਾ,
ਘੋੜਿਆਂ ਦੀ ਲਿੱਦ, ਜੂਠੇ ਭਾਂਡੇ ਮਾਂਜਣੇ,
ਬੱਸ ਇਹੋ ਪੱਥ ਪ੍ਰਹੇਜ਼।"
ਸਾਧੂ ਉੱਠ ਟੁਰਿਆ
ਗੁਰੂ ਜੀ ਦੇ ਚਰਨਾਂ ਵੱਲ ਧਿਆਨ ਧਰ,
ਪੁੱਜ ਗਿਆ ਗੁਰੂ ਦੀ ਨਗਰੀ,
ਜਾ ਢੱਠਾ ਧੜੰਮ ਕਰਦਾ ਚਰਨਾਂ ਤੇ
ਘਿਗਿਆ ਕੇ ਬੇਨਤੀ,
"ਹੇ ਮਿਹਰਾਂ ਦੇ ਸਾਈਂ
ਲੋਕੀਂ ਕਹਿਣ ਸਾਧੂ
ਸਾਧਿਆ ਨਹੀਂ ਗਿਆ ਮਨ,
ਵਿਕਾਰਾਂ ਕੋੜ੍ਹ ਸੁੱਟਿਆ
ਲਾਚਾਰ ਹਾਂ।
ਤੇਰੀਆਂ ਖੁਸ਼ਬੋਆਂ ਖਿੱਚ ਲਿਆਈਆਂ
ਕਰੋ ਕਿਰਪਾ! ਕੱਟੋ ਕਸ਼ਟ।"
"ਭਾਈ! ਮੈਂ ਤਾਂ ਕੁਝ ਨਹੀਂ ਜਾਣਦਾ ਬੁਝਦਾ
'ਨਾਮ ਪਰਿਓ ਹੈ ਭਗਤੁ ਗੋਵਿੰਦ ਕਾ।'
ਮੇਰੀ ਪੈਜ ਤਾਂ ਰੱਖ ਰਿਹਾ ਓਹੋ ਚੀਨੀ ਵਾਲਾ।
ਇਨ੍ਹਾਂ ਖ਼ੁਸ਼ਬੋਆਂ ਦੇ ਮਾਲਿਕ ਓਹੋ ਪ੍ਰਦੇਸੀ ਪ੍ਰੀਤਮ
ਤੁਸੀਂ ਕਰੋ ਇਸ਼ਨਾਨ
ਲਵੋ ਭਜਨ, ਛਕੋ ਅੰਮ੍ਰਿਤ।"
ਇਹੋ ਉਸ ਦਾ ਨੁਸਖਾ



Sri Satguru Jagjit Singh Ji eLibrary NamdhariElibrary@gmail.com

ਨੁਸਖਿਆਂ ਸਿਰ ਨੁਸਖਾ
ਇਲਾਜਾਂ ਦਾ ਇਲਾਜ
ਆਧਿ ਬਿਆਧਿ ਤੇ ਉਪਾਧਿ ਦਾ।
ਕਰੋ ਸੇਵਾ
ਸੇਵਾ ਦੇਵੇ ਮਿੱਠੜਾ ਮੇਵਾ।
''ਗਰੀਬ ਨਿਵਾਜ! ਮੈਂ ਕੋੜ੍ਹੀ
ਲਹੂ ਤ੍ਰਿਪ ਤ੍ਰਿਪ,
ਬੋ ਆਵੇ
ਕੌਣ ਕਰਸੀ ਮੇਰੀ ਸੇਵਾ ਕਬੂਲ?
ਮੇਰੇ ਲਾਗਿਉਂ ਪੰਛੀ ਲੰਘ ਕੇ ਨਹੀਂ ਰਾਜ਼ੀ।"
''ਬਚਨ ਮੰਨ! ਫ਼ਿਕਰ ਨ ਕਰ
ਗੁਰੂ ਭਲੀ ਕਰੇਗਾ।'
ਬਾਵੇ ਜਾ ਟੁੱਬਾ ਲਾਇਆ ਅੰਮ੍ਰਿਤ ਦੇ ਸਰੋਵਰ,
ਭਜਨ ਪੁੱਛ ਲਿਆ।
ਅੰਮ੍ਰਿਤ ਛਕਿਆ ਘਰ ਨੂੰ ਮੁੜਿਆ।
ਡੇਰੇ ਪੁਜਦਿਆਂ ਨਵਾਂ ਨਰੋਆ
ਗਲੀਆਂ ਸੜੀਆਂ ਉਂਗਲਾਂ ਰਵਾਂਹ ਦੀਆਂ ਫਲੀਆਂ।
ਸਾਧੂ ਨੂੰ ਲੱਗ ਗਈ ਜਾਗ ਕੂਕਿਆਂ ਦੀ,
ਸੇਵਾ ਕਰਾਉਂਦਾ ਕਰਾਉਂਦਾ ਆਪ ਸੇਵਕ ਬਣ ਖਲੋਤਾ
ਚੱਕੀ ਪੀਹੇ, ਜਲ ਢੋਏ,
ਲੰਗਰ ਕਰ,
ਆਏ ਗਿਆਂ ਨੂੰ ਛਕਾ ਛਕਾ ਖ਼ੁਸ਼ੀਆਂ ਲਵੇ।

ਰਾਏ ਸਰੀਆ ਬਿੰਨਾਂ
ਉਹ ਵੀ ਵੱਡੇ ਰੋਗ ਦਾ ਗਰੱਸਿਆ
ਅੱਤ ਦੁਖੀ,
ਲਹੂ ਪਾਕ ਵਗੇ
ਦੁਖੀਏ ਦਾ ਕੋਈ ਨ ਬੇਲੀ,
ਭਰਾ ਨ ਭੈਣ,
ਸਹੁਰਾ ਨ ਜਵਾਈ
ਪਿੰਡ ਵਾਲਿਆਂ ਬਾਹਰ ਛੱਪਰੀ ਪਾ ਦਿੱਤੀ
ਆਵੇ ਨ ਜਾਵੇ ਕੋਈ।
ਦੋ ਗੁਲੀਆਂ ਸਵੇਰੇ, ਦੋ ਪਿਛਲੇ ਪਹਿਰ
ਇਕ ਪਿਆਲਾ ਪਾਣੀ ਦਾ।
ਤਬੀਬਾਂ ਤੇ ਤਬੀਬ ਚਰਨ ਪਾਏ ਰਾਏਸਰ।
ਉੱਤਮ ਸਿੰਘ ਬੇਨਤੀ ਕੀਤੀ,
ਗਰੀਬ ਦੁਖੀਏ ਵਾਸਤੇ।
ਸਤਿਗੁਰ ਸਭ ਦਾ ਸਾਂਝਾ,
ਸਤਿਗੁਰ ਸਭ ਦਾ ਭਲਾ ਮਨਾਉਂਦਾ,
ਸਤਿਗੁਰ ਸਭ ਦਾ ਭਲਾ ਕਰਦਾ।
ਹੁਕਮ ਹੋਇਆ
''ਲੈ ਚੱਲੋ ਸ੍ਰੀ ਭੈਣੀ ਸਾਹਿਬ।"
ਗੱਡੇ ਤੇ ਪਾ ਛੱਡ ਆਏ ਰਾਮਸਰ
ਜਿੱਥੋਂ ਨਿਕਲਣ, ਗੰਗਾ, ਜਮਨਾ ਤੇ ਸੁਰਸਤੀ
ਜਿਸ ਵਿਚ ਭਰਿਆ ਅੰਮ੍ਰਿਤ ਚੀਨੀ ਵਾਲੇ ਪਾਤਸ਼ਾਹ
ਜਾ ਡਿੱਗਾ ਬਿਨਾਂ ਸਰੋਵਰ 'ਚ
ਇਕ! ਦੋ!! ਤਿੰਨ!!!
ਬੱਸ!
ਦੇਹ ਕੁੰਦਨ ਬਣ ਗਈ,
ਵੇਖਣ ਵਾਲੇ ਰਸ਼ਕ ਕਰਨ।

ਸੋਧਣਾਂ ਤੋਂ ਨੰਦੀ,
ਉਹ ਵੀ ਬਿੰਨੇ ਦੀ ਭੈਣ।
ਉਸ ਵੀ ਸੁਣਿਆ ਆਬੇ-ਹਯਾਤ ਦਾ ਚਸ਼ਮਾਂ,
ਉੱਠ ਨੱਸੀ ਵਾਹੋ ਦਾਹੀ
ਜਾ ਡਿੱਗੀ ਗੁਰੂ ਦੀਆਂ ਸਰਦਲਾਂ ਤੇ,


Sri Satguru Jagjit Singh Ji eLibrary NamdhariElibrary@gmail.com

ਭਾਗਾਂ ਵਾਲੀ ਭਾਗਣ
ਅਭਾਗਣ ਦੇ ਸੁੱਤੇ ਭਾਗ ਜਗਾ ਦਿੱਤੇ।
ਇਕੋ ਚੁਟਕੀ ਚਰਨ ਧੂੜ।
ਭੋਲੀ ਭਾਲੀ ਪੀ ਗਈ ਘੋਲ ਕੇ
ਅੱਧੀ ਧੂੜੀ ਜ਼ਖ਼ਮਾਂ ਤੇ
ਨੰਦੀ ਦੀਆਂ ਉਂਗਲਾਂ ਕੂਲੀਆਂ ਕੂਲੀਆਂ ਰੇਸ਼ਮੀ ਪਟ।

ਗੱਦੋਂ ਡੋਬ ਦੇ ਅਮਰ ਸਿੰਹ ਨੂੰ
ਘੇਰ ਲਿਆ ਵੱਡੇ ਤਾਪ।
ਸੁੱਕ ਕੇ ਤੀਲ੍ਹਾ।
ਹੱਡੀਆਂ ਦੀ ਮੁੱਠ,
ਪੀਲਾ ਭੂਕ ਅੱਖਾਂ ਅੰਦਰ ਧਸੀਆਂ,
ਵੇਖਣ ਤੋਂ ਡਰ ਆਵੇ।
ਦਿਨ ਗਿਣੇ।
ਡਾਕਟਰਾਂ ਦਾ ਫਤਵਾ
"ਛੇ ਮਹੀਨੇ, ਲਾ ਇਲਾਜ।"
ਸ੍ਰ: ਸੁੰਦਰ ਸਿੰਘ ਦਿਲ ਦਾ ਸੁੰਦਰ,
ਉਸ ਨੂੰ ਦਇਆ ਆਈ
ਭੇਜ ਦਿੱਤਾ ਵੱਡੇ ਹਸਪਤਾਲ।
ਜਾਂਦਿਆਂ ਈ ਦਰਸ਼ਨ ਹੋ ਗਏ
ਸਿਵਲ ਸਰਜਨ, ਕਪਤਾਨ ਤੇ ਮੇਜਰਾਂ ਦੇ ਮੇਜਰ,
ਰੇਖ ਵਿਚ ਮੇਖ ਮਾਰਨ ਵਾਲੇ ਗੁਰੂ ਹਰੀ ਸਿੰਘ ਦੇ
ਅਜਬ ਦਵਾਈ ਬਖ਼ਸ਼ੀ
ਖੱਟੀ ਲੱਸੀ
ਤ੍ਰਿਭੋਲੇ ਦਾ ਪ੍ਰਸ਼ਾਦ
ਜਿਸ ਨੂੰ ਤਰਸਣ ਇੰਦਰ ਲੋਕ, ਸ਼ਿਵ ਲੋਕ
ਦੀਆਂ ਅਭਛਰਾਂ ਤੇ ਦੇਵ ਗਣ।
ਪਰ ਰੋਗੀਆਂ ਵਾਸਤੇ ਜ਼ਹਿਰੇ ਕਾਤਲ।



ਪਿਛਲੇ ਪਹਿਰ ਅੰਬ ਦੇ ਅਚਾਰ ਨਾਲ ਪ੍ਰਸ਼ਾਦਾ
ਜੀਵਨ-ਮਾਤਾ ਘੋਟ ਪਿਲਾਈ ਗੁਲਕੰਦ,
ਡੇਰਾ ਛੱਪਰੀਂ।
ਅਮਰ ਸਿੰਘ ਲੱਗਾ ਗੀਟੀਆਂ ਗਿਣਨ
ਹੁਣ ਨਹੀਂ ਬਚਦਾ
ਅੱਗੇ ਘੁਲ-ਘੁਲ ਮਰਨਾ ਸੀ
ਹੁਣ ਇਕਦਮ।
ਲੱਗਾ ਆਕਾਸ਼ ਵੱਲ ਵੇਖਣ
ਜਮ-ਗਣ ਆਏ ਕਿ ਆਏ।
ਆਪੇ ਫਾਥੜੀਏ ਤੈਨੂੰ ਕੌਣ ਛੁਡਾਵੇ।

ਪਰ,
"ਜਿਸ ਨੂੰ ਰਾਖੇ ਸਾਂਵਰਾ
ਮਾਰ ਨ ਸਾਕੇ ਕੋਏ।"
ਭੋਲਾ ਭਾਲਾ ਜੱਟ ਕੀ ਜਾਣੇ ਗੁਰੂ ਦੀਆਂ ਸਾਰਾਂ
ਜਿਸ ਦਾ ਅੰਤ ਨਹੀਂ ਪਾ ਸਕਦੇ
ਇੰਦਰ, ਮੁਨਿੰਦਰ ਤੇ ਫਨਿੰਦਰ।
ਇਹ ਹਨ ਪ੍ਰਭੂ
ਜਿਹੜੇ ਰੱਖ ਸਕਦੇ ਹਨ ਬਿਨ ਸਵਾਸਾਂ
ਲੱਗ ਗਿਆ ਪਿਸ਼ਾਬ ਦਾ ਜੁਲਾਬ,
ਚੱਲ ਸੋ ਚੱਲ।

ਰੁੜ੍ਹ ਗਿਆ ਲਹੂ ਪੀਣਾ ਤਾਪ
ਚੀਤੇ ਦੇ ਹੜ੍ਹ 'ਚ,
ਨਹੀਂ ਪਤਾ ਲਗਾ ਗਿਆ ਕਿਸ ਵਲੈਤ।
ਦੁੜੰਗੇ ਮਾਰਦਾ ਗਿਆ ਸ਼ੇਰ ਅਮਰ ਘਰਾਂ ਨੂੰ
ਦੋ ਵਿਆਹ ਰਚਾਏ
ਪੁੱਤਰ ਪੋਤਰਿਆਂ ਦੀ ਗਹਿਮਾ ਗਹਿਮ।


Sri Satguru Jagjit Singh Ji eLibrary NamdhariElibrary@gmail.com

ਵੱਡੀ ਉਮਰ ਭੋਗ, ਗਿਆ ਸੱਚ ਖੰਡ।

ਖੋਥੜਿਆਂ ਤੋਂ ਬਿਸ਼ਲ ਸਿੰਹ
ਅਤਿ ਲਾਚਾਰ, ਮੰਜਾ ਨ ਛੱਡੇ
ਕੋਈ ਕਹੇ ਵੱਡਾ ਤਾਪ
ਕੋਈ ਦੱਸੇ ਭੂਤਨੇ ਚੁੜੇਲਾਂ
ਡਾਕਟਰ, ਮਾਂਦਰੀ ਸਭ ਵਾਹ ਲਾ ਥੱਕੇ
ਪਰ ਬੇ ਸੂਦ, ਬੇ ਅਰਥ
ਅਜਾਈਂ
ਕਿਸੇ ਦੀ ਦਾਲ ਨਾ ਗਲੀ
ਹਫ ਹੁੱਟ ਬਹਿ ਗਏ।
ਟੁੱਟੀ-ਗੰਢਣ-ਹਾਰ
ਗੰਢ ਤਰੁੱਪ ਕਰ ਰਹੇ ਸਨ
ਪਿੰਡ ਪਿੰਡ, ਗਿਰਾਂ ਗਿਰਾਂ ਘਰ ਘਰ
ਭੰਗਵੀਂ ਡੇਰਾ ਕੀਤਾ।
ਨਰ ਫ਼ਕੀਰ ਪੁੱਛਿਆ
'ਬਿਸ਼ਨ ਸਿੰਹਾਂ! ਕੀ ਸਲਾਹ ਏ ਪੁੱਤ?"
"ਬਾਪੂ! ਵਾਹ ਕੋਈ ਨਹੀਂ
ਕੋਈ ਲੈ ਚੱਲੇ ਤਾਂ ਕਿਰਪਾ।"
ਸੰਤ ਉਪਕਾਰੀ!
ਸੰਤ ਬਿਨਾਂ ਕੌਣ ਬਹੁੜੀ ਕਰੇ
ਸੰਤ ਮਿੱਤ ਸਿੰਘ ਚਾ ਲਿਆ ਕੰਧਾੜੇ
ਸੰਤ ਸਿੰਘ, ਬੂੜ ਸਿੰਘ ਨਾਲ
ਹੋਰ ਸੰਗਤਾਂ ਸ਼ਬਦ ਪੜ੍ਹਨ
ਹੇਕਾਂ ਲਾਉਂਦੇ ਪੁੱਜ ਗਏ ਗੁਰੂ ਦੇ ਦਰਬਾਰ,
ਜਿੱਥੇ ਵਰਖਾ ਹੋ ਰਹੀ ਸੀ, ਇਲਾਹੀ ਬਾਣੀ ਦੀ!
ਜਾਣੀ ਜਾਣ ਨੇਤਰ ਉਤਾਂਹ ਕੀਤੇ,
ਪੁੱਛਿਆ ਪੜਤਾਲਿਆ,



"ਲੈ ਜਾਓ ਖੂਹ ਤੇ
ਵਗਾਓ ਪੰਜ ਸੰਤ ਗਾਗਰਾਂ।"
ਭੋਲੇ ਲੋਕ ਹੱਕੇ ਬੱਕੇ,
ਕਰਨ ਟਿਚਕਰਾਂ,
"ਮਾਰਨ ਬਿਨਾਂ ਆਈ
ਇਕ ਤਾਪ, ਦੂਆ ਕਮਜ਼ੋਰੀ
ਤੀਆ ਪਾਣੀ, ਅਨ੍ਹੇਰ ਸਾਈਂ ਦਾ
ਲੈ ਜਾਣਗੇ ਸਿੱਧਾ ਸਿਵਿਆਂ ਨੂੰ
ਹੁਣ ਨਹੀਂ ਬਚਦਾ।"
ਸਿਦਕੀ ਲੈ ਟੁਰੇ।
ਪਹਿਲੀ ਗਾਗਰ ਧੌਣ ਚੁਕਾ ਦਿੱਤੀ,
ਲੱਗੇ ਪੈਣ ਕੁੜੱਲ ਚੁੜੇਲਾਂ ਨੂੰ
ਦੂਜੀ, ਤੀਜੀ, ਚੌਥੀ, ਪੰਜਵੀਂ, ਛੇਵੀਂ,
ਸੱਤਵੀਂ ਸਹਾਰ ਨ ਸਕਿਆ
ਭੜੂਏ ਭੂਤ ਉੱਠ ਨੱਸੇ ਕੂਕਦੇ
"ਹਾਲ ਓਏ ਪਾਹਰਿਆ
ਨਾਲੇ ਮੇਰੀ ਬੋਦੀ ਪੁੱਟੀ
ਨਾਲੇ ਮੈਨੂੰ ਮਾਰਿਆ।"
ਸਿੱਖ ਦਾ ਸਰੀਰ ਹੌਲਾ ਫੁੱਲ।
ਅਗਲੀ ਸਵੇਰ ਗਿਆ ਵਾਰ 'ਚ
ਪੈਰੀਂ ਤੁਰ।
ਸਿਰ ਫਿਰਿਆਂ ਨੂੰ ਸੁਝ ਆ ਗਈ
ਲੱਗੇ ਕਰਨ ਡੰਡੌਤਾਂ ਧਰਤੀ ਤੇ ਲੇਟ ਲੇਟ।

ਵਿਚਾਰੇ ਰਤਨ ਨੂੰ ਹਲਕ ਕੁੱਦ ਪਿਆ।
ਮੂੰਹੋਂ ਝੱਗ ਡਿੱਗੇ,
ਭੌਂ ਭੌਂ ਕਰੇ, ਵੱਢਣ ਪਵੇ,
ਲੋਕਾਂ ਪਿੱਛੇ ਭੱਜੇ।



Sri Satguru Jagjit Singh Ji eLibrary NamdhariElibrary@gmail.com

ਉਸ ਦੇ ਭਰਾ ਭਾਈ
ਲੈ ਆਏ ਖੋਟਿਆਂ ਤੋਂ।
ਦੁੱਖ-ਭੰਜਨ
ਕਰ ਰਹੇ ਸਨ ਇਸ਼ਨਾਨ
ਚੜ੍ਹ ਗਏ ਉਹਦੀ ਕੰਡ ਤੇ
ਸਣੇ ਪਊਆਂ,
ਚਰਨ ਛੁਹਾਂਦਿਆਂ ਉੱਡਿਆ ਹਲਕ।
ਜਿਵੇਂ ਉੱਡੀ ਸਿਲ ਅਹਲਿਆ ਆਕਾਸ਼ੀਂ
ਭਗਵਾਨ ਰਾਮ ਦੀ ਚਰਨ ਛੁਹ ਨਾਲ।

ਰਾਖਾਂ ਤੋਂ ਸ੍ਰ: ਖੁਸ਼ਹਾਲ ਸਿੰਘ
ਆ ਢੱਠਾ ਚਰਨਾਂ ਤੇ
''ਗ਼ਰੀਬ ਨਿਵਾਜ਼! ਮਹਾਮਰੀ
ਵਲ੍ਹੇਟ ਰਹੀ ਹੈ ਸਫ਼ਾਂ ਦੀਆਂ ਸਫ਼ਾਂ
ਪੈ ਰਹੇ ਹਨ ਮੰਜਿਆਂ ਦੇ ਮੰਜੇ।
ਕੋਈ ਘਰ ਖਾਲੀ ਨਹੀਂ ਰਿਹਾ।
ਵੈਣ ਪੈ ਰਹੇ ਹਨ ਚੁਫੇਰੇ।
ਵਾਲ ਖੋਹ ਰਹੀਆਂ ਹਨ ਸਵਾਣੀਆਂ।
ਦੁਹੱਥੜੀਂ ਪਿੱਟ ਰਹੇ ਹਨ ਅਭਾਗੇ।
ਕਰੋ ਕਿਰਪਾ! ਤੁੱਠੋ!! ਬਖਸ਼ੋ!!!"
''ਰਾਮ ਸਰ ਦੀ ਸੇਵਾ,
ਇਸ਼ਨਾਨ ਕਰੋ ਇਥੇ
ਨੇੜੇ ਨਹੀਂ ਆਵੇਗੀ ਇਹ ਪਾਪਣ।"
ਸੁਣਦਿਆਂ ਵਹੀਰਾਂ ਪੈ ਗਈਆਂ,
ਲਾਮ ਡੋਰ ਬੱਝ ਗਈ,
ਸਿੱਖ, ਸਹਿਜਧਾਰੀ, ਕਲਮਾਂ-ਗੋ
ਭੱਜੇ ਆਏ ਕਹੀਆਂ ਟੋਕਰੀਆਂ ਨਾਲ।
ਡੈਣ ਨੱਸ ਗਈ ਕਿਸੇ ਵਲੈਤ



ਫੇਰ ਨਹੀਂ ਝਾਕਿਆ ਬੇਟ ਵੱਲ
ਜੈ ਜੈ ਕਾਰ ਰਾਮ ਦਾਸ ਪੁਰੇ ਦੀ।

ਕਰਮਾ-ਹਾਰੀ ਨਿਪੁੱਤੀ ਭੰਗਵਾਂ ਤੋਂ
ਆ ਡਿੱਗੀ ਚਰਨਾਂ ਤੇ
ਡੁਸਕਣੀਆਂ ਲਵੇ ਨੀਰ ਵਗਾਵੇ,
ਵਾਸਤੇ ਪਾਵੇ,
''ਸੰਸਾਰ ਨਾਲ ਗੰਢ ਪਾਵੋ!
ਵੇਲ ਹਰੀ ਰਹੇ।"
''ਹੋਵੇਗਾ ਲੜਕਾ ਵੱਡੀ ਉਮਰ ਵਾਲਾ"
ਮਿਹਰਾਂ ਹੋ ਗਈਆਂ
ਭਾਗ ਜਾਗ ਪਏ।
ਬੋਹੜ ਲਗ ਗਿਆ।
ਵੱਡੇ ਵੱਡੇ ਟਾਹਣੇ ਵਧੇ।
ਬੜੀ ਸੰਘਣੀ ਛਾਂ ਹੋਈ।

ਦਰ ਖੁੱਲ੍ਹਾ ਵੇਖ,
ਸਹਸ-ਫਨੀ!
ਨਿਤ ਨਵਾਂ ਨਾਉਂ ਲੈਣ ਵਾਲਾ
ਜੁਗਾਂ ਜੁਗਾਂਤਰਾਂ ਤੋਂ ਗੁਰੂ ਹਰੀ ਹਰਿ ਦਾ
ਨ ਰਿਹਾ ਪਿਛੇ
ਚੱਲ ਆਇਆ ਫੰਨ ਖਿਲਾਰੀ
ਸੂੰ ਸੂੰ ਕਰਦਾ
ਦਹਿਲ ਗਏ ਦੇਖਣ ਵਾਲੇ।
ਮਗਰ
ਧੰਨ ਠੰਢੀ ਮੂਰਤੀ
ਗੁਰੂ ਹਰੀ ਸਿੰਘ ਜੀ ਮਹਾਰਾਜ।
ਉਸ ਨੂੰ ਵੀ ਨਿਰਾਸ਼ ਨ ਟੋਰਿਆ


Sri Satguru Jagjit Singh Ji eLibrary NamdhariElibrary@gmail.com

ਚਰਨ ਕਰ ਦਿੱਤੇ ਅਗੇ
ਲਾਹ ਲੈ ਤੂੰ ਵੀ ਡੰਝ ਆਪਣੀ,
ਪ੍ਰਸੰਨ ਹੋ ਮੁੜਿਆ
ਫੇਰ ਹਰ ਸਾਲ ਫੇਰੀ,
ਉਸ ਦਾ ਕਚ ਕੌਲ ਨਿਤ ਲਬਾ ਲਬ।

ਸੇਵਕ ਦਾ ਦਰਦੀ,
ਠੁਡੇ ਸੇਵਕ ਨੂੰ
ਲਾਸਾਂ ਆਪਣੇ ਸਰੀਰ ਤੇ।
ਇਹ ਕਿਣਕਾ ਮਾਤਰ
ਕੌਣ ਲਖ ਸਕੇ ਗੁਰੂ ਦੀ ਲੀਲ੍ਹਾ?
ਧਰਤੀ ਦਾ ਕਾਗਜ਼,
ਬਨਸਪਤੀ ਦੀਆਂ ਕਲਮਾਂ
ਸੱਤਾਂ ਸਮੁੰਦਰਾਂ ਦੀ ਸਿਆਹੀ
ਪੌਣ ਦਾ ਵੇਗ
ਨਹੀਂ ਲਿਖ ਸਕਦੇ ਮਹਿਮਾ
ਬ੍ਰਹਮਾ ਅਤੇ ਸੁਰਸਤੀ
ਸ਼ਾਂਤੀ ਦੇ ਪੁੰਜ
ਗੁਰੂ ਹਰੀ ਸਿੰਘ ਮਹਾਰਾਜ ਦੀ!



## ੯.
## ਮਾਹੀ ਦੀ ਭਾਲ

ਬੀਤੇ ਹਨਾਲ ਸਿਆਲ ਕਈ,
ਧਰਤ ਮਾਂ ਪ੍ਰਕਰਮਾਂ ਕੀਤੀਆਂ ਤਿੰਨ ਘੱਟ ਨੱਬੇ,
ਚੁਫੇਰੇ ਸੂਰਜ ਭਗਵਾਨ ਦੇ।
ਚੰਨ ਵੀ ਚੰਗੇ ਗੇੜੇ ਖਾਧੇ,
ਸਮੇਂ ਕਈ ਰੰਗ ਬਦਲੇ,
ਅਨ੍ਹੇਰਾ ਚਾਨ੍ਹਣ, ਧੁੱਪ ਛਾਂ।
ਤਪੱਸਵੀਆਂ ਦੀ ਧਰਤੀ ਨਿਖਰੀ,
ਬੁਲਬੁਲਾਂ, ਕੋਇਲਾਂ ਦੀਆਂ ਮਨ ਮੋਹਣੀਆਂ ਸੁਰਾਂ।
ਭੌਰਿਆਂ ਦੀਆਂ ਗੁੰਜਾਰਾ।
ਪੰਜਾਬ ਦੀ ਧਰਤੀ ਤੋਂ
ਮਿੱਠੀ ਮਿੱਠੀ ਧੁਨੀ ਉਠਣ ਲਗ ਪਈ।
ਸੜੇ ਸੁੱਕੇ ਹਰੇ ਹੋ ਖਲੋਤੇ,
ਚੋਰਾਂ ਧਾੜਵੀਆਂ ਕੰਨਾਂ ਨੂੰ ਹੱਥ ਲਾਏ,
ਨੱਕ ਰਗੜ ਸਿੱਧੇ ਹੋ ਟੁਰੇ।
ਗੋਰਾਸ਼ਾਹੀ ਦੇ ਬੱਦਲ ਪਤਲੇ ਪੈ ਗਏ,
ਸੂਰਜ ਦੀਆਂ ਕਿਰਨਾਂ ਪਸਰਨ ਲੱਗੀਆਂ,
ਪਰ
ਮਹਾਨ ਤੱਪਸਵੀ ਦਾ ਤਪ ਅਮੁੱਕ
ਉਠਦਿਆਂ, ਬਹਿੰਦਿਆਂ, ਜਾਗਦਿਆਂ, ਸੁਪਨੇ 'ਚ,
ਪ੍ਰਦੇਸੀ ਪ੍ਰੀਤਮ ਦੀਆਂ ਯਾਦਾਂ।
ਰਸਨਾਂ ਚੁੱਪ।
ਝੋਰਾ ਖਾ ਗਿਆ ਹੱਡੀਆਂ,



Sri Satguru Jagjit Singh Ji eLibrary NamdhariElibrary@gmail.com

ਪੀ ਗਿਆ ਰੱਤ;
"ਰਾਮ ਬਿਓਗੀ ਨ ਜੀਐ
ਜੀਐ ਤ ਬਉਰਾ ਹੋਇ।"
ਪਰ
ਇਹ ਨਹੀਂ ਸੀ ਬੌਰਾ,
ਇਹ ਦਾਨਿਆਂ ਸਿਰ ਦਾਨਾਂ,
ਮਗਰ ਅੱਖਾਂ ਵਹਿਣ ਝਨਾਂ,
ਚੜ੍ਹੇ ਰਹਿਣ, ਸੁਹਣੀਆਂ ਡੋਬਣ ਖਾਤਰ!
ਨਦੀ ਨਾਲੇ ਕੇਵਲ ਬਰਸਾਤੀ,
ਇਹ ਹੁਨਾਲ ਸਿਆਲ,
ਗਿੱਲੇ, ਸੁੱਕੇ ਠਾਠਾਂ ਮਾਰਨ,
ਗੰਗਾ, ਜਮਨਾਂ, ਦਜਲਾ, ਫਰਾਤ ਤੇ
ਵਧੇਰੇ ਚੀਨ ਦੀ ਆਫਤ ਨਾਲੋਂ।
ਇਹ ਸੱਚੇ ਆਸ਼ਿਕ,
ਇਸ਼ਕ ਜਿੰਨ੍ਹਾਂ ਦੀ ਹੱਡੀਂ ਰਚਿਆ
ਫਾਕੇ, ਮਸਤੀਆਂ, ਉਨੀਂਦਰਾ
ਸਦਾ ਚੀਨੀ ਵਾਲੇ ਦੀ ਰਟ।
ਔਸੀਆਂ, ਉਡੀਕਾਂ
ਕਾਵਾਂ ਨੂੰ ਚੂਰੀਆਂ।
ਅੱਖਾਂ ਦੀ ਜੋਤ ਰੁੱਸ ਟੁਰੀ
ਨ ਸਹਾਰ ਸਕੀ ਰੋਜ਼ ਦੀ ਖਹਿ ਖਹਿ।
ਯਾਦ ਦੇ ਪੱਤਰੇ ਅਣਗਿਣਤ।
ਵੈਦ ਆਏ, ਡਾਕਟਰ ਆਏ,
ਨਬਜ਼ਾਂ ਵੇਖਣ,
ਸ਼ੀਸ਼ੇ ਲਾਉਣ
ਪਰ ਨਿਰੇ ਭੋਲੇ
ਉਹ ਕੀ ਜਾਨਣ ਕਲੇਜੇ ਦੀਆਂ।
ਉਹ ਕੀ ਜਾਨਣ ਸਾਰ



ਪ੍ਰੇਮ ਕੁੱਠੇ ਵੈਰਾਗੀਆਂ ਦੀ।
ਬਥੇਰੀਆਂ ਮਿੰਨਤਾਂ ਅਰਜੋਈਆਂ
ਨੇਕ ਸਲਾਹਵਾਂ
ਪਰ ਯਾਦ ਨਾਲ ਭੁੱਬਾਂ ਨਿਕਲਣ
ਸੋਮੇ ਫੁੱਟ ਪੈਣ।
ਵੈਦ ਵੇਖ ਵੇਖ ਹੈਰਾਨ।
ਆਦਮ-ਜਾਦ ਆਦਮ-ਜਾਦ,
ਖਾਕੀ ਕੀ ਜਾਨਣ ਨੂਰੀਆਂ ਦੀਆਂ ਰਮਜ਼ਾਂ!
ਅੰਨ੍ਹਿਆਂ ਨੂੰ ਨੇਤਰ ਬਖਸ਼ਣ ਹਾਰ,
ਠਰੱਮੇ ਨਾਲ ਸਮਾਧੀ ਖੋਲ੍ਹੀ,
ਉੜ੍ਹਾਂ ਧਿਆਨ ਕੀਤਾ
ਇੱਕੋ ਬਚਨ
"ਮੇਰਾ ਵੈਦ ਰਾਮ ਬਨਵਾਰੀ"
ਚੀਨੀ ਵਾਲੇ ਪਾਤਸ਼ਾਹ।
ਉਸਦੇ ਵੱਸ ਮੇਰਾ ਰੋਗ
ਉਹ ਜਾਣੇ ਮੇਰੀ ਨਾੜ ਨਾੜ
ਉਸਨੂੰ ਸੱਦ ਭੇਜੋ
ਉਸਨੂੰ ਚਿੱਠੀਆਂ ਪਾਓ।
ਉਹਨੂੰ ਤਾਰਾਂ ਖੜਕਾਓ,
ਉਹਦੇ ਦਰਸ਼ਨ ਮਾਮੀਰੇ,
ਖੋਲ੍ਹ ਦੇਣ ਅੱਖਾਂ ਅੰਨ੍ਹਿਆਂ ਦੀਆਂ,
ਮਾਤਾ ਦੇ ਅੰਨ੍ਹਿਆਂ ਦੀਆਂ,
ਬਾਹਰੋਂ ਅੰਨ੍ਹਿਆਂ ਦੀਆਂ,
ਅੰਦਰੋਂ ਅੰਨ੍ਹਿਆਂ ਦੀਆਂ,
ਜਨਮ ਜਨਮਾਂਤਰਾਂ ਦੇ ਅੰਨ੍ਹਿਆਂ ਦੀਆਂ,
ਦਿਸ ਪੈਣ ਖੰਡ ਬ੍ਰਹਿਮੰਡ।"
ਸਮਸਤ ਦੇ ਮੂੰਹੀਂ ਜੰਦਰੇ।
ਤਰ ਹੋ ਗਈਆਂ ਅੱਖਾਂ।



Sri Satguru Jagjit Singh Ji eLibrary NamdhariElibrary@gmail.com

ਡੁੱਲ੍ਹ ਪਏ ਸੇਵਕ,
ਡੁੱਲ੍ਹ ਪਏ ਦਰਸ਼ਕ,
ਡੁਲ੍ਹ ਪਏ ਡਾਕਟਰ,
ਅਕਾਸ਼ੀ ਚੰਨ ਸੂਰਜ,
ਸਭ ਵੈਰਾਗੀ।
ਸਾਰੇ ਸੂਤਰੀਏ
ਸ਼ਾਂਤੀ ਦਾ ਸੋਮਾਂ ਉਛਾਲ ਪਇਆ,
ਲੰਮੀਆਂ ਉਡੀਕਾਂ ਸਹਾਰੀਆਂ ਨਾ ਗਈਆਂ,
ਵਾਹੋ ਦਾਹੀ ਉੱਠ ਨਸਿਆ,
*ਪੁੰਨੂੰ ਪੁੰਨੂੰ ਕਰਦੀ ਸੱਸੀ,
ਜਾਂ ਥਲੀਂ ਪ੍ਰਾਣ ਚੜ੍ਹਾਏ,
ਬਾਗ ਬਗੀਚੇ
ਮਹਿਲ ਅਟਾਰੀਆਂ
ਪਿਆਰੀਆਂ ਸੰਗਤਾਂ
ਸਭਸ ਨੂੰ ਛਡ ਛਡਾ
ਵੇਖਦਿਆਂ ਵੇਖਦਿਆਂ
ਚੜ੍ਹ ਗਿਆ ਗਗਨੀਂ,
ਬੱਦਲਾਂ ਤੋਂ ਉਚੇਰਾ,
ਸੂਰਜ ਚੰਨ ਤੋਂ ਪ੍ਰੇਰੇ,
ਬ੍ਰਹਮ ਦੇ ਦੇਸ,
ਜਿਥੇ ਸੀ ਚੀਨੀ ਵਾਲਾ
ਹਿਲਾ ਰਿਹਾ ਤਾਰਾਂ
ਖੰਡ ਬ੍ਰਹਿਮੰਡ, ਆਕਾਸ਼, ਪਾਤਾਲ
ਅਤੇ ਤਾਰਾ ਮੰਡਲਾਂ ਦੀਆਂ।
ਦਿਸ ਰਿਹਾ ਸੀ ਓਹੋ ਚੀਨੀ ਦਾ ਸ਼ਾਹ ਸਵਾਰ

*ਗੁਰੂ ਹਰੀ ਸਿੰਘ ਜੀ ਜੋਤੀ ਜੋਤ ਸਮਾਏ ਜੇਠ ਵਦੀ ਦਸਵੀਂ ਸੰਮਤ 1963, ਸ਼ਨੀਚਰਵਾਰ ਪਿਛਲੇ ਪਹਿਰ, 5 ਵਜ ਕੇ ਪੰਜ ਮਿੰਘ ਤੇ।



ਮਾਤ ਲੋਕ ਤੇ
ਮੌਜ ਨਾਲ ਬੈਠਾ
ਉਲੀਕ ਰਿਹਾ ਹੈ ਨਕਸ਼ੇ,
ਗਊ ਗਰੀਬ ਦੀ ਰਖਿਆ ਤੇ
ਧਰਮ ਨੂੰ ਤਖਤ ਤੇ ਬ੍ਰਾਜਮਾਨ ਕਰਨ ਦੇ।



Sri Satguru Jagjit Singh Ji eLibrary NamdhariElibrary@gmail.com

10.

## ਘਰਾਂ ਦੇ ਮਾਲਿਕ

ਸੀਤਲਤਾ ਦਾ ਸ੍ਰੋਤ ਘੁਲਮਿਲ ਗਇਆ
ਸੂਰਜ ਚੰਨ ਦੀਆਂ ਰਿਸ਼ਮਾਂ 'ਚ
ਸਨਾਟਾ ਛਾ ਗਿਆ ਇੱਕਦਮ।
ਸ੍ਰੀ ਭੈਣੀ ਸਾਹਿਬ ਦੀਆਂ ਗਲੀਆਂ
ਚੁਪ ਸਾਧ ਲਈ।
ਪ੍ਰਕਿਰਤੀ ਕੁਰਲਾ ਉਠੀ,
ਪੱਤਿਆਂ ਨੀਵੀਆਂ ਪਾ ਲਈਆਂ,
ਪੌਣ ਰੁਮਕਣੋਂ ਰੁਕ ਗਈ,
ਰਾਮ ਸਰੋਵਰ ਦੇ ਮੋਰ ਮੋਨ ਧਾਰ ਬੈਠੇ।
ਪੈਲਾਂ ਵਿਸਰ ਗਈਆਂ
ਕੂ ਕੂ ਨ ਗੁਟਕੂੰ ਗੂੰ
ਖੰਭ ਵਲ੍ਹੇਟ ਲਏ ਨਿੱਕੀਆਂ ਨਿੱਕੀਆਂ ਚਿੜੀਆਂ।
ਜਾ ਵੜੇ ਆਲ੍ਹਣੀ ਬੋਟ,
ਪਸ਼ੂਆਂ ਦੀਆਂ ਧੌਣਾਂ ਨੀਵੀਆਂ
ਕੰਨ ਲਮਕੇ
ਅੱਖਾਂ ਪਥਰਾਈਆਂ।
ਉਹ ਪਸ਼ੂ ਕਿਵੇਂ ?
ਉਹ ਚੇਤਨਤਾ ਦੇ ਪੁਤਲੇ
ਉਹ ਜਾਣਨ ਆਪਣਾ ਥਾਪੜਾ ਦੇਣ ਵਾਲਾ।
ਉੱਠ ਗਿਆ ਰੁਗ ਭਰ ਭਰ
ਮੂੰਹ ਪੱਠੇ ਪਾਉਣ ਵਾਲਾ,
ਘੋੜੇ ਘੋੜੀਆਂ ਹਨਾਰੀਆਂ ਨ ਚੱਖੀਆਂ।



ਭੋਲੇ ਭਾਲੇ ਦੁੜੰਗੇ ਲਾਉਣ ਵਾਲੇ ਵਛੂਏ,
ਉਹ ਵੀ ਧਰਤੀ ਤੇ ਲੇਟੇ ਰਹੇ ਲੱਤਾਂ ਪਸਾਰੀ,
ਸੰਗਤਾਂ ਤੇ ਵੈਰਾਗ ਛਾ ਗਿਆ।
ਚੱਲ ਚੱਲ ਆਈਆਂ
ਮਾਝੇ, ਮਾਲਵੇ, ਦੜਪ, ਮੈਣ ਦੁਆਬ, ਧੰਨੀ,
ਪੋਠੋਹਾਰ, ਉਤਰ ਪ੍ਰਦੇਸ਼, ਬੰਗਾਲ, ਕਾਬਲ ਅਤੇ ਕੰਧਾਰੋਂ।
ਮਾਰੂ ਦੇ ਅਲਾਪ, ਹਰ ਵੇਹੜੇ ਹਰ ਗਲੀ।
ਅਠੇ ਪਹਿਰ ਭਜਨ ਬੰਦਗੀ,
''ਅਲਪ ਆਹਾਰ ਸੁਲਪਸੀ ਨਿੰਦਰਾ''
ਜਾਗਣਾ ਵਧੇਰੇ, ਬ੍ਰਾਜਣਾ ਅਲਪ,
ਸੇਵਾ ਵਿਚ ਲੀਨ।
ਸ਼ੋਕ ਨਹੀਂ, ਵੈਰਾਗ,
ਉਦਾਸੀ ਨਹੀਂ, ਯਾਦ,
ਕੁਰਲਾਹਟ ਨਹੀਂ, ਭਗਤੀ,
ਓਸੇ ਦੀਆਂ ਕਥਾਵਾਂ
ਓਸੇ ਦੇ ਭਗਤਾਂ ਦੀਆਂ ਸਾਖੀਆਂ,
ਉਨ੍ਹਾਂ ਦੇ ਉਪਕਾਰ,
ਉਨ੍ਹਾਂ ਦੀ ਸਾਦਗੀ,
ਉਨ੍ਹਾਂ ਦੀ ਸ਼ਾਂਤਗੀ,
ਉਨ੍ਹਾਂ ਦੀ ਉਦਾਰਤਾ
ਉਨ੍ਹਾਂ ਦੀ ਹਲੀਮੀ,
ਉਨ੍ਹਾਂ ਦਾ ਠਰ੍ਹੰਮਾ,
ਉਨ੍ਹਾਂ ਦੀਆਂ ਬਖਸ਼ਸ਼ਾਂ।
ਆ ਗਈ ਨਿਰਜਲਾ ਇਕਾਦਸ਼ੀ,
ਸੰਤ, ਮਹੰਤ, ਸੂਬੇ, ਜੁੜ ਬੈਠੇ ਚੁਬਾਰੇ,
ਗ੍ਰੰਥ ਸਾਹਿਬ ਦੇ ਭੋਗ ਪਏ,
ਅਰਦਾਸਾ ਸੋਧਿਆ ਗਿਆ।
ਰਾਜ ਜੋਗ ਦਾ ਤਿਲਕ ਲਗਾ,



Sri Satguru Jagjit Singh Ji eLibrary NamdhariElibrary@gmail.com

ਘਰ ਦੇ ਮਾਲਿਕ ਸਤਿਗੁਰੂ ਪ੍ਰਤਾਪ ਸਿੰਘ
ਜੀ ਦੇ ਮਾਸਤਕੀਂ।
ਸਭ ਨੇ ਸੀਸ ਨਿਵਾਇਆ,
ਪੁਸ਼ਪ ਵਰਖਾ ਹੋਈ ਨੀਲੰਬਰਾਂ 'ਚੋਂ।


Sri Satguru Jagjit Singh Ji eLibrary NamdhariElibrary@gmail.com